ਜਨਵਰੀ/ਫਰਵਰੀ/ਮਾਰਚ, 1991
January/February/March, 1991

# ਵਤਨ



ਪੰਜਾਬੀ ਬੋਲੀ, ਸਾਹਿਤ, ਅਤੇ
ਸਤਿਆਚਾਰ ਦਾ ਤ੍ਰੈਮਾਸਕ ਪੱਤਰ।

ਕੀਮਤ ਤਿੰਨ ਡਾਲਰ
Price: $3:00

# ਸੰਪਾਦਕੀ

ਨਵਾਂ ਸਾਲ ਦੁਨੀਆਂ ਲਈ ਕੋਈ ਨਵੀਆਂ ਆਸਾਂ ਲੈ ਕੇ ਨਹੀਂ ਆਇਆ। ਅਮਰੀਕਾ ਵਲੋਂ ਇਰਾਕ ਨੂੰ ਪੰਦਰਾਂ ਜਨਵਰੀ ਤੱਕ ਕੁਵੇਤ ਵਿਚੋਂ ਆਪਣੀਆਂ ਫੌਜਾਂ ਕੱਢ ਲੈਣ ਦਾ ਹੁਕਮ ਦਿੱਤਾ ਗਿਆ ਸੀ। ਲੋਕਾਂ ਦਾ ਨਵਾਂ ਵਰ੍ਹਾ ਇਸੇ ਹੋਣੀ ਬਾਰੇ ਵਿਚਾਰ ਕਰਦਿਆਂ ਚੜ੍ਹਿਆ।

ਇਰਾਕ ਦੇ ਨਾਂਹ ਕਰਨ ਦੇ ਫਲਸਰੂਪ ਜਨਵਰੀ ਸੋਲ੍ਹਾਂ ਤੋਂ ਅਮਰੀਕਾ ਨੇ ਇਰਾਕ ਉਪਰ ਆਪਣੇ ਨਵੀਂ ਤਕਨਾਲੋਜੀ ਨਾਲ ਲੈੱਸ ਹਵਾਈ ਜਹਾਜ਼ਾਂ ਤੇ ਰਾਕਟਾਂ ਨਾਲ ਹਮਲਾ ਸ਼ੁਰੂ ਕਰ ਦਿੱਤਾ। ਇਹ ਸੰਪਾਦਕੀ ਲਿਖਣ ਸਮੇਂ ਤੱਕ ਅਮਰੀਕਾ ਵਲੋਂ ਲਗਾਤਾਰ ਦਿਨੇ ਰਾਤੀਂ ਇਰਾਕ ਤੇ ਬੰਬਾਰੀ ਜਾਰੀ ਹੈ ਅਤੇ ਪਤਾ ਨਹੀਂ ਕਿੰਨੇ ਚਿਰ ਹੋਰ ਚੱਲੇ। ਬੰਬਾਂ ਦੀ ਮਾਰ ਤੋਂ ਜੋ ਬਚਿਆ ਉਹਨੂੰ ਖਤਮ ਕਰਨ ਲਈ ਅਮਰੀਕਾ ਦੀ ਚਾਰ ਲੱਖ ਤੋਂ ਉਪਰ ਫੌਜ ਇਰਾਕ ਦੀਆਂ ਹੱਦਾਂ ਤੇ ਤਾਇਨਾਤ ਖੜੀ ਹੈ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਇਰਾਕ ਵਲੋਂ ਕੁਵੇਤ ਉਪਰ ਕਬਜ਼ਾ ਕਰ ਲੈਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ ਭਾਵੇਂ ਇਰਾਕ ਦੀ ਇਸ ਕਾਰਵਾਈ ਪਿੱਛੇ ਉਸਦੇ ਆਪਣੇ ਕਾਰਨ ਹਨ। ਤੇ ਉਸਦੇ ਇਸ ਕਦਮ ਦੀ ਦੁਨੀਆਂ ਦੇ ਬਹੁਤੇ ਮੁਲਕਾਂ ਅਤੇ ਲੋਕਾਂ ਵਲੋਂ ਨਿੰਦਿਆ ਕੀਤੀ ਗਈ ਹੈ ਅਤੇ ਦੁਨੀਆਂ ਵਿਚ ਬਹੁ ਮੱਤ ਇਹ ਹੀ ਹੈ ਕਿ ਇਰਾਕ ਨੂੰ ਕੁਵੇਤ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਪਰ ਜਿਸ ਤਰ੍ਹਾਂ ਦੇ ਹਿੱਕ ਦੇ ਜੋਰ ਨਾਲ ਇਰਾਕ ਨੇ ਕੁਵੇਤ ਤੇ ਕਬਜ਼ਾ ਕੀਤਾ ਹੈ ਉਸੇ ਤਰ੍ਹਾਂ ਦੇ ਜੋਰ ਨਾਲ ਅਮਰੀਕਾ ਤੇ ਇਸ ਦੇ ਸਹਿਯੋਗੀ ਮੁਲਕ ਉਸਨੂੰ ਕੁਵੇਤ ਵਿਚੋਂ ਕੱਢਣ ਤੇ ਤੁਲੇ ਹੋਏ ਹਨ। ਤੇ ਇਸ ਦਾ ਨਤੀਜਾ ਹੈ ਕਿ ਸਾਰੀ ਦੁਨੀਆਂ ਹੀ ਤਬਾਹੀ ਦੇ ਕਿਨਾਰੇ ਖੜੀ ਹੈ।

ਜੰਗ ਦੀ ਨੀਤੀ ਦਾ ਵਿਰੋਧ ਕਰਨ ਵਾਲੇ ਲੋਕਾਂ ਦਾ ਸੁਝਾਅ ਸੀ ਕਿ ਇਰਾਕ ਵਿਰੁੱਧ ਆਰਥਿਕ ਬਾਈਕਾਟ ਨੂੰ ਕਾਮਯਾਬ ਹੋਣ ਲਈ ਥੋੜਾ ਹੋਰ ਵਕਤ ਦਿੱਤਾ ਜਾਵੇ। ਪਰ ਅਮਰੀਕਾ ਦੀ ਜੰਗੀ ਮਸ਼ੀਨ ਇਸ ਰਾਏ ਨੂੰ ਮੰਨਣ ਤੋਂ ਇਨਕਾਰੀ ਰਹੀ ਹੈ ਕਿਉਂਕਿ ਇਹ ਗੱਲ ਅਮਰੀਕਾ ਦੀ ਸੋਚੀ ਸਮਝੀ ਸਕੀਮ ਦੇ ਉਲਟ ਹੈ। ਅਮਰੀਕਾ ਦੀ ਨੀਤੀ ਇਸ ਇਲਾਕੇ ਵਿਚ ਸ਼ਾਂਤੀ ਕਾਇਮ ਕਰਨਾ ਨਹੀਂ ਸਗੋਂ ਅਸ਼ਾਂਤੀ ਕਾਇਮ ਕਰਨਾ ਹੈ। ਜੇ ਅਸੀਂ 1984 ਦੇ ਭਾਰਤ ਪੰਜਾਬ ਮਸਲੇ ਵੱਲ ਨਿਗਾਹ ਮਾਰੀਏ ਤਾਂ ਗੱਲ ਸਮਝ ਆ ਸਕਦੀ ਹੈ। ਬਹੁਤ ਲੋਕਾਂ ਨੇ ਇੰਦਰਾ ਗਾਂਧੀ ਨੂੰ ਇਹ ਸੁਝਾਅ ਦਿੱਤਾ ਸੀ ਕਿ ਉਹ ਹਰਿਮੰਦਰ ਸਾਹਬ ਤੇ ਹਮਲਾ ਨਾ ਕਰੇ ਸਗੋਂ ਅੰਦਰ ਵੜੇ ਲੋਕਾਂ ਦੀ ਸਪਲਾਈ ਬੰਦ ਕਰ ਦੇਵੇ ਥੋੜੀ ਦੇਰ ਬਾਅਦ ਉਹ ਆਪ ਹੀ ਬਾਹਰ ਆਉਣ ਲਈ, ਜਾਂ ਗੱਲਬਾਤ ਕਰਨ ਲਈ ਰਾਜੀ ਹੋ ਜਾਣਗੇ। ਪਰ ਕਾਰਵਾਈ ਇਸਦੇ ਉਲਟ ਕੀਤੀ ਗਈ ਅਤੇ ਨਤੀਜੇ ਵਜੋਂ ਸੱਤ ਸਾਲ ਬਾਅਦ ਵੀ ਪੰਜਾਬ ਵਿਚ ਸ਼ਾਂਤੀ ਨਾਂ ਦੀ ਚੀਜ਼ ਦਾ ਨਾਂ ਨਿਸ਼ਾਨ ਨਹੀਂ ਹੈ, ਇਹੀ ਦਿਲੀ ਸਰਕਾਰ ਦੀ ਅਸਲੀ ਮਨਸ਼ਾ ਸੀ, ਤੇ ਇਹੀ ਮਨਸ਼ਾ ਅਮਰੀਕਾ ਸਰਕਾਰ ਦੀ ਹੈ।

ਅਮਰੀਕਾ ਦੇ ਪ੍ਰਧਾਨ ਜੌਰਜ ਬੁੱਸ਼ ਦੀ ਇਹ ਕੋਸ਼ਿਸ਼ ਹੈ ਕਿ ਉਹ ਆਪਣੀ ਸੁਲਝੀ ਹੋਈ ਗੱਲਬਾਤ ਰਾਹੀਂ ਲੋਕਾਂ ਉਪਰ ਆਪਣੇ ਅਸਲੀ ਮਨਸੂਬਿਆਂ ਨੂੰ ਲਕੋ ਕੇ ਆਪਣੇ ਸੱਚੇ ਸੁੱਚੇ ਹੋਣ ਦਾ ਭੁਲੇਖਾ ਪਾਉਂਦਾ ਰਹੇ ਅਤੇ ਅਮਰੀਕਾ ਦਾ ਮੀਡੀਆ ਉਸਦੀ ਇਸ ਕੋਸ਼ਿਸ਼ ਵਿਚ ਆਪਣਾ ਪੂਰਾ ਸਹਿਯੋਗ ਦੇ ਰਿਹਾ ਹੈ। ਪਰ ਅਸਲੀਅਤ ਛੁਪ ਰਹੀ ਨਹੀਂ ਲਗਦੀ। ਸਗੋਂ ਅਸਲੀਅਤ ਤਾਂ ਅਮਰੀਕਾ ਅਤੇ ਯੋਰਪ ਦੇ ਵੱਡੇ ਛੋਟੇ ਸ਼ਹਿਰਾਂ ਦੀਆਂ ਸੜਕਾਂ ਉਪਰ ਸੰਘ ਪਾੜ ਪਾੜ ਕੇ ਕਹਿ ਰਹੀ ਹੈ ਕਿ ਇਹ ਲੜਾਈ ਤੇਲ ਉਪਰ ਕਬਜੇ ਦੀ ਹੈ ਅਤੇ ਤੇਲ ਬਦਲੇ ਖੂਨ ਦੇਣ ਲਈ ਅਸੀਂ ਤਿਆਰ ਨਹੀਂ। ਲੋਕ ਹਜਾਰਾਂ ਲੱਖਾਂ ਦੀ ਗਿਣਤੀ ਵਿਚ ਇਸ ਤਬਾਹਕੁਨ ਜੰਗ ਵਿਰੁੱਧ ਮੁਜ਼ਾਹਰੇ ਕਰ ਰਹੇ ਹਨ। ਆਮ ਲੋਕਾਂ ਦਾ ਇਹ ਵਿਚਾਰ ਹੈ ਕਿ ਜੇ ਲੜਾਈ ਬਹੁਤੀ ਦੇਰ ਚਲਦੀ ਰਹੀ ਤਾਂ ਇਹਨਾਂ ਮੁਜਾਹਰਿਆਂ ਦਾ ਆਕਾਰ ਦਿਨੋ ਦਿਨ ਵੱਧਦਾ ਹੀ ਜਾਵੇਗਾ ਅਤੇ ਅਮਰੀਕਾ ਦੇ ਪ੍ਰਧਾਨ ਅਤੇ ਜੰਗ ਦੀ ਮਸ਼ੀਨਰੀ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਅਤੇ ਉਹ ਭਿਆਨਕ ਤੋਂ ਭਿਆਨਕ ਹਥਿਆਰ ਵਰਤ ਕੇ ਇਰਾਕ ਨੂੰ ਛੇਤੀ ਤੋਂ ਛੇਤੀ ਮਿੱਟੀ ਵਿਚ ਮਿਲਾਉਣ ਲਈ ਤਤਪਰ ਹੈ।

ਅਮਰੀਕਾ ਦਾ ਇਹ ਦਾਅਵਾ ਹੈ ਕਿ ਉਹ ਇਹ ਸਖਤ ਕਦਮ ਦੁਨੀਆਂ ਭਰ ਦੀ ਤੇ ਖਾਸ ਕਰ ਮਿਡਲ ਈਸਟ ਦੀ ਸ਼ਾਂਤੀ ਨੂੰ ਧਿਆਨ 'ਚ ਰੱਖ ਕੇ ਚੁੱਕ ਰਿਹਾ ਹੈ। ਪਰ ਹਰ ਕੋਈ ਜਾਣਦਾ ਹੈ ਕਿ ਜੇ ਸ਼ਾਂਤੀ ਲਿਆਉਣਾ ਹੀ ਲਕਸ਼ ਹੁੰਦਾ ਤਾਂ ਉਹ ਇਹ ਕਦਮ ਕਦੇ ਨਾ ਚੁੱਕਦਾ ਅਤੇ ਨਾ ਹੀ ਇਸਰਾਈਲ ਤੇ ਇਰਾਕ ਵੱਲ ਦੋਗਲੀ ਨੀਤੀ ਅਪਣਾਉਂਦਾ। ਇਹ ਅਮਰੀਕਾ ਹੀ ਹੈ ਜਿਸ ਦੀ ਮਿਹਰਬਾਨੀ ਸਦਕਾ ਫਲਸਤੀਨੀ ਲੋਕ ਆਪਣੇ ਘਰ ਤੇ ਸ਼ਾਂਤਮਈ ਜੀਵਨ ਦੀ ਆਸ ਵਿਚ ਵਿਚ ਇਸਰਾਈਲੀ ਗੋਲੀਆਂ ਦਾ ਨਿੱਤ ਸ਼ਿਕਾਰ ਹੁੰਦੇ ਹਨ। ਅਸਲੀਅਤ ਤਾਂ ਇਹ ਹੈ ਕਿ ਜੇ ਦੁਨੀਆਂ ਵਿਚ ਸ਼ਾਂਤੀ ਹੋ ਜਾਵੇ ਤਾਂ ਅਮਰੀਕਾ ਅੱਜ ਦਾ ਅਮਰੀਕਾ ਨਹੀਂ ਰਹੇਗਾ। ਅਮਰੀਕਾ ਲਈ ਆਪਣੀ ਚੌਧਰ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਇਰਾਕ ਵਲੋਂ ਕੁਵੇਤ ਉਪਰ ਕਬਜਾ ਕਰਨ ਵਰਗੀਆਂ ਘਟਨਾਵਾਂ ਹੁੰਦੀਆਂ ਰਹਿਣ ਅਤੇ ਅਮਰੀਕਾ ਨੂੰ ਦਖਲ-ਅੰਦਾਜ਼ੀ ਕਰਨ ਦਾ ਮੌਕਾ ਮਿਲਦਾ ਰਹੇ।

ਕੁਝ ਲੋਕਾਂ ਦੀ ਰਾਏ ਹੈ ਕਿ ਇਹ ਸੱਭ ਕੁਝ ਅਮਰੀਕਾ ਦੀ ਸਮਝੀ ਸੋਚੀ ਸਕੀਮ ਮੁਤਾਬਕ ਹੋ ਰਿਹਾ ਹੈ। ਅਮਰੀਕਾ ਨੇ ਇਰਾਕ ਅਤੇ ਇਰਾਨ ਦੀ ਅੱਠ ਸਾਲਾਂ ਦੀ ਜੰਗ ਵਿਚ ਡਟਕੇ ਇਰਾਕ ਦਾ ਸਾਥ ਦਿੱਤਾ। ਇਸ ਗੱਲ ਦੇ ਵੀ ਸਬੂਤ ਮਿਲਦੇ ਹਨ ਕਿ ਇਰਾਕ ਵਲੋਂ ਕੁਵੇਤ ਉਪਰ ਕਬਜਾ ਕਰਨ ਤੋਂ ਕੁਝ ਦੇਰ ਪਹਿਲਾਂ ਅਮਰੀਕਾ ਵਾਲਿਆਂ ਨੇ ਉਸ ਨੂੰ ਕਿਹਾ ਸੀ ਕਿ ਉਹ ਆਪਣੇ ਕੁਵੇਤ ਨਾਲ ਝਗੜੇ ਨੂੰ ਜਿਵੇਂ ਚਾਹੇ ਹੱਲ ਕਰ ਲਵੇ। ਇਰਾਕ ਨੇ ਇਸ ਨੂੰ ਅਮਰੀਕਾ ਵਲੋਂ ਮਿਲੀ 'ਹਰੀ ਝੰਡੀ' ਸਮਝ ਲਿਆ ਅਤੇ ਕੁਵੇਤ ਤੇ ਕਬਜਾ ਕਰ ਲਿਆ। ਇਸ ਨਾਲ ਅਮਰੀਕਾ ਨੂੰ ਇਸ ਇਲਾਕੇ ਵਿਚ ਆਪਣੀ ਫੌਜੀ ਹੋਂ ਕਾਇਮ ਕਰਨ ਦਾ ਮੌਕਾ ਮਿਲ ਗਿਆ ਜਿਸਦੀ ਕਿ ਉਹ ਬੜੀ ਦੇਰ ਤੋਂ ਭਾਲ ਵਿਚ ਸੀ। 'ਅਰਬ ਕੋਲੀਸ਼ਨ' ਵਿਚਲੇ ਮੁਲਕਾਂ ਜਿਵੇਂ ਸਾਊਦੀ ਅਰਬ, ਮਿਸਰ ਤੇ ਤੁਰਕੀ ਦੇ ਆਮ ਲੋਕਾਂ ਵਿਚ ਅਮਰੀਕਾ ਪ੍ਰਤੀ ਨਫਰਤ ਹੈ ਅਤੇ ਅਮਰੀਕਾ ਦੀਆਂ ਫੌਜਾਂ ਵਲੋਂ ਆਪਣੀ ਧਰਤੀ ਤੇ ਪੈਰ ਜਮਾਉਣ ਨੂੰ ਉਹ ਕਿਸੇ ਤਰ੍ਹਾਂ ਵੀ ਸਹਿਣ ਨੂੰ ਤਿਆਰ ਨਹੀਂ ਹਨ। ਹੁਣ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਲਈ ਇਹ ਜ਼ਰੂਰੀ ਹੋ ਜਾਵੇਗਾ ਕਿ ਉਹ ਲੋਕ ਰਾਏ ਵਿਰੁੱਧ ਆਪਣੀ ਹੋਂਦ ਕਾਇਮ ਰੱਖਣ ਲਈ ਅਮਰੀਕਾ ਦੀ ਤਾਕਤ ਤੇ ਟੇਕ ਰੱਖਣਗੇ ਅਤੇ ਅਮਰੀਕਾ ਨੂੰ ਆਪਣੇ ਤੇਲ ਭੰਡਾਰਾਂ ਦੀ ਰਾਖੀ ਕਰਨ ਲਈ ਉਸ ਇਲਾਕੇ ਵਿਚ ਆਪਣੀ ਫੌਜੀ ਹੋਂਦ ਕਾਇਮ ਰੱਖਣ ਲਈ ਬਹਾਨਾ ਮਿਲਿਆ ਰਹੇਗਾ।

ਹੁਣ ਜਦ ਰੂਸ ਮੈਦਾਨ ਛੱਡ ਗਿਆ ਹੈ ਤਾਂ ਅਮਰੀਕਾ ਨੂੰ ਨਾ ਕਿਸੇ ਦੀ ਪ੍ਰਵਾਹ ਹੈ ਤੇ ਨਾ ਡਰ। ਸੋ ਅਸਲੀਅਤ ਤਾਂ ਇਹ ਹੈ ਕਿ ਦੁਨੀਆਂ ਦੀ ਸ਼ਾਂਤੀ ਲਈ ਇਰਾਕ ਨਹੀਂ ਸਗੋਂ ਅਮਰੀਕਾ ਅਸਲੀ ਖਤਰਾ ਹੈ ਅਤੇ ਦੁਨੀਆਂ ਭਰ ਦੇ ਲੋਕ ਇਸ ਗੱਲ ਤੋਂ ਚਿੰਤਾ 'ਚ ਹਨ। ਇਰਾਕ ਵਿਰੁੱਧ ਪੁੱਟਿਆ ਗਿਆ ਇਹ ਜੰਗ ਦਾ ਕਦਮ ਸ਼ਾਂਤੀ ਲਈ ਪੁੱਟਿਆ ਗਿਆ ਕਦਮ ਨਹੀਂ ਹੈ ਜਿਵੇਂ ਕਿ ਅਮਰੀਕਾ ਦਾ ਪ੍ਰਧਾਨ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਵਿਚ ਹੈ ਸਗੋਂ ਦੁਨੀਆਂ ਵਿਚ ਅਮਰੀਕਾ ਦੀ ਚੌਧਰ ਕਾਇਮ ਰੱਖਣ ਲਈ ਪੁੱਟਿਆ ਗਿਆ ਕਦਮ ਹੈ। ਇਸ ਮਕਸਦ ਲਈ ਕਿੰਨੇ ਮਾਸੂਮ ਲੋਕਾਂ ਨੂੰ ਬਲੀ ਦਿੱਤਾ ਜਾਵੇਗਾ ਹਰ ਕੋਈ ਅੰਦਾਜ਼ਾ ਲਾ ਸਕਦਾ ਹੈ।

* * *

ਸਾਲ ਦੂਜਾ/ਅੰਕ ਤੀਜਾ
ਸਿਆਲ, 1991
ਜਨਵਰੀ/ਫਰਵਰੀ/ਮਾਰਚ

# ਵਤਨ

Vol. 2, No. 3
Winter, 1991
Jan./Feb./Mar.

Watan
P.O. Box 67681
Stn. 'O' Van.,
B.C., V5W 3V2

2nd class
Reg. No.
8753

**ਸੰਪਾਦਕ:**
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

**ਮੈਨੇਜਿੰਗ ਸੰਪਾਦਕ:**
ਪਾਲ ਬਿਨਿੰਗ 270-7842

**ਐਡਵਰਟਾਇਜ਼ਿੰਗ ਸੰਪਾਦਕ :**
ਅਮਨਪਾਲ ਸਾਰਾ 435-1236

**ਸਰਕੂਲੇਸ਼ਨ ਸੰਪਾਦਕ:**
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

**ਸਹਿਯੋਗੀ**
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 461-1917
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Paul Binning 270-7842

**Advertising Editor:**
Amanpal Sara 435-1236

**Circulation Editors**
Harjinder Sangra
Anju Hundal 581-3211

**Associates**
Surrey:
Gurmail Rai 583-7512
Edmonton:
Satwant Deepak 461-1917
Laat Bhinder 435-7469

## ਇਸ ਅੰਕ ਵਿਚ

**ਸੰਪਾਦਕੀ**

**ਕਵਿਤਾ:**
ਇਕਬਾਲ ਰਾਮੂਵਾਲੀਆ
ਅਮਰਜੀਤ ਚਾਹਲ
ਸੁਰਿੰਦਰ ਧੰਜਲ
ਕੁਲਵਿੰਦਰ ਖਹਿਰਾ
ਇੰਦਰਜੀਤ ਹਸਨਪੁਰੀ
ਦਰਸ਼ਨ ਗਿੱਲ
ਪਰਮਜੀਤ ਕੌਰ

**ਲੇਖ:**
ਜੁਗਿੰਦਰ ਰੰਧਾਵਾ
ਸ਼ਸ਼ੀ ਸਮੁੰਦਰਾ
ਐਡਆਰਡੋ ਗੈਲੀਆਨੋ

**ਕਹਾਣੀ:**
ਹਰਪ੍ਰੀਤ ਸੇਖਾ

**ਸਥਾਈ ਕਾਲਮ:**
ਆਪਣੇ ਲੋਕ
ਮਾਨਸਿਕ ਸਿਹਤ
ਪਰਦਾ ਜੋ ਉੱਠ ਗਿਆ
ਪੁਸਤਕ ਪਰਿਚੈ
ਸਰਗਰਮੀਆਂ
ਤੇ ਤੁਸੀਂ ਲਿਖਿਆ

Price: $3:00

Annual Subscription:
Canada & USA
Indiv: $12:00
Institutions: $18:00
Other Countries: 18:00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the official policies of Watan.
All officeholders and members of Watan Publication past and present, have been and are honorary associates of Watan.

Canada's Green Plan is the new environmental action plan for the whole country. It's about the commitments *we need to make now*, for our own good and the good of our children. Righting environmental wrongs is part of the Plan.

protection measures. And it supports extensive scientific study, education and cooperative efforts throughout Canada and around the world.

Through action and information, Canada's Green Plan sets out the means by which Canadians can curb air, water and land pollution, cut waste, and maintain a healthy environment

**Things You Can Do Right Now**

- *Support organizations that work to protect and improve the environment in your community.*
- *Join — or start — a local recycling program.*

## INTRODUCING CANADA'S GREEN PLAN FOR A HEALTHY ENVIRONMENT.

Canada's Green Plan includes new programs and regulations, clear targets and schedules. And, most importantly, it includes all of us — governments, industry, and individuals — as "environmental citizens."

**What's in it for all of us.** The Plan begins with major waterway clean-ups, new air and water quality standards, waste management programs and land from which we'll all benefit.

**How to take part in the Plan.** It's easy to obtain information on Canada's Green Plan and how to be part of it. To get a summary of the Plan, as well as general tips for everyone, just call the toll-free number or send in the coupon.

CANADA'S GREEN PLAN

**For Information Call Toll-Free:**

1 800 668-6767

Or complete and mail to:
CANADA'S GREEN PLAN,
Ottawa, Ontario, K1A 0S9

PLEASE SEND ME INFORMATION ON CANADA'S GREEN PLAN AND THINGS I CAN DO FOR THE ENVIRONMENT

NAME ____________

ADDRESS ____________

CITY ____________ PROV. ____________

POSTAL CODE ____________

Government of Canada Gouvernement du Canada

Canada

# IT'S A BEAUTIFUL HOME, BUT WE ALL HAVE TO DO THE HOUSEWORK.



# ਬਦਲਦੇ ਮੌਸਮਾਂ ਦੇ ਨਾਲ

## ਇਕਬਾਲ ਰਾਮੂਵਾਲੀਆ

ਪੁਲ ਹੇਠੋਂ
ਤੂੰ ਘਰ ਨੂੰ ਚਲਾ ਜਾਹ, ਬਾਲੀ;
ਨਦੀ 'ਚੋਂ ਕੁਝ ਨਹੀਂ ਮਿਲਣਾਂ.....

ਇਹ ਸਭ ਕੁਝ ਮੌਸਮਾਂ ਦੇ ਨਾਲ ਤੁਰਦਾ ਹੈ:
ਨਵਾਂ ਮੌਸਮ ਜਦੋਂ ਆਇਆ
ਨਦੀ ਨੇ ਵੀ ਬਰਫ਼ ਦੀ ਬੇਰਹਿਮ ਚੱਟਾਨ ਹੋ ਜਾਣੈ....
ਮਛਲੀਆਂ ਤਰਦੀਆਂ ਨੇ ਜਲ 'ਚ
ਸੁਪਨੇ ਵਾਂਗਰਾਂ ਇਹ ਜੋ
ਇਹਨਾਂ ਵੀ ਚਿਣੇ ਜਾਣੈ
ਸੀਮੇਂਟੀ ਫ਼ਰਸ਼ ਹੋ ਗਏ ਜਲ 'ਚ ਆਖਰ ਨੂੰ।
ਸੁਪਨਿਆਂ ਦਾ
ਤੇ ਮੱਛੀਆਂ ਦਾ
ਹਸ਼ਰ ਏਹੀਓ ਹੀ ਹੁੰਦਾ ਹੈ।
ਇਸ ਲਈ ਬਾਲੀ,
ਤੂੰ ਪੁਲ ਹੇਠੋਂ ਚਲਾ ਜਾਹ:
ਨਦੀ ਚੋਂ ਕੁਝ ਨਹੀਂ ਮਿਲਣਾ।

ਇਹ ਬਰਖ਼ੁਰਦਾਰ ਜੇਹੇ ਜਾਪਦੇ ਥੰਮ੍ਹਲੇ,
ਤੇ ਪੁਲ ਨੂੰ ਪਿੱਠ 'ਤੇ ਚੁੱਕੀ ਖੜ੍ਹੇ
ਸਾਊ ਜਿਹੇ ਗਾਡਰ,
ਇਹ ਪੱਥਰ, ਲੋਹ, ਅਤੇ ਸੀਮੇਂਟ ਤੋਂ ਵੱਧ
ਕੁਝ ਨਹੀਂ ਹਨ।

ਇਨ੍ਹਾਂ ਨੂੰ ਬਗ਼ਲ ਵਿਚ ਲੈਕੇ
ਜਾਂ, ਇਨ੍ਹਾਂ ਦੀ ਬਗ਼ਲ ਵਿਚ ਹੋਕੇ
ਤੂੰ ਜਿਤਨਾ ਜੀ ਕਰੇ ਰੋ ਲੈ
ਤੜਫ਼ ਲੈ, ਖੜਾ-ਖੂੰ ਹੋ ਲੈ:
ਇਨ੍ਹਾਂ 'ਚੋਂ ਸੇਕ ਆਵੇਗਾ,
ਜਾਂ ਠੰਡਾ ਬੁਰਕ ਤੇਰੀ ਦੇਹ 'ਚ
ਡੂੰਘਾ ਉਤਰ ਜਾਵੇਗਾ,
ਮਸ਼ੂਕਾ ਦੀ ਭਰੀ ਗਲਵਕੜੀ ਵਰਗਾ
ਇਨ੍ਹਾਂ ਚੋਂ ਨਿੱਘ ਦਾ ਜਾਂ ਹੌਸਲੇ ਦਾ
ਜਾਂ ਦਿਲਾਸੇ ਦਾ
ਤੁਪਕਾ ਵੀ ਨਹੀਂ ਸਿੰਮਣਾ.....
ਨਾ ਏਹਨਾ ਨੇ
ਤੇਰੀ ਸ਼ਾਇਰੀ ਨੂੰ ਸੁਣਕੇ ਪਿਘਲਣਾ ਹੈ।
ਤੇਰੀ ਆਵਾਰਗੀ ਦੀ ਕੰਡ 'ਤੇ
ਪੰਜਾ ਟਿਕਾਉਣ ਨੂੰ
ਨਾ ਬੇਪਰਵਾਹ ਨਦੀ ਦਾ ਵਹਿਣ ਹੀ
ਪਲ ਭਰ ਕੁ ਰੁਕਣਾ ਹੈ।

ਇਹ ਸਭ ਕੁਝ ਤਾਂ, ਬਦਲਦੇ ਮੌਸਮਾਂ ਦੇ ਨਾਲ ਤੁਰਦਾ ਹੈ।

ਮੌਸਮੀ ਪੰਛੀ ਜੋ ਬਣ ਜਾਂਦੇ
ਉਨ੍ਹਾਂ ਨੂੰ, ਸਾਊ ਜੇਹੀ ਜਾਪਦੀ, ਨਦੀਆ
ਕਦੇ ਨਾ ਰਾਤ ਨੂੰ ਸੁਪਨੇ 'ਚ ਡੰਗਦੀ ਹੈ,
ਘੜੀ ਦੇ ਡਾਇਲ 'ਤੋਂ ਚੋਰੀ ਜੇਹੇ ਉਡ਼ਕੇ
ਜੁ ਪੁਲ ਦੇ ਹੇਠ ਜਾਕੇ ਸੁਪਨਿਆਂ ਦਾ ਚੋਗ ਚੁਗਦੀ ਸੀ
ਤਰਲ ਹੋਏ ਪਲਾਂ ਦੀ ਡਾਰ ਉਹ ਮੁੜਕੇ
ਉਨ੍ਹਾਂ ਦੇ ਮੱਥਿਆਂ 'ਚੋਂ ਸੰਗਲੀ ਵਾਂਗੂੰ ਨਾ ਲੰਘਦੀ ਹੈ
ਉਹ ਜਿਸਮਾਂ ਦੀ ਤ੍ਰਿਪਤੀ ਜੋ ਖ਼ੁਦਾਈ-ਮੇਲ ਲਗਦੀ ਸੀ
ਤ੍ਰੇਹ ਉਹ ਵੀ ਨਾ ਮੁੜਕੇ ਖ਼ੂਨ ਦਾ ਹੀ ਜਾਮ ਮੰਗਦੀ ਹੈ

ਅਪਣੇ ਜ਼ਿਹਨ ਦੇ ਵਿਚੋਂ
ਜ਼ਰਾ ਤੂੰ ਸ਼ਾਇਰ ਨੂੰ ਮਨਫ਼ੀ ਤਾਂ ਕਰ, ਬਾਲੀ:
ਨਾ ਕੋਈ ਭਟਕਣਾ, ਪੀੜਾ,
ਤੇ ਨਾ ਕੋਈ ਜ਼ਖ਼ਮ ਹੀ ਕਿਧਰੇ ਵੀ ਟਪਕੇਗਾ
ਤੇ ਨਾ ਅਹਿਸਾਸ ਵਾਅਦਾ-ਸ਼ਿਕਨੀਆਂ ਦਾ
ਚਾਕੂਆਂ ਵਾਂਗੂੰ
ਤੇਰੀ ਛਾਤੀ 'ਚ ਲਟਕੇਗਾ.....
ਇਸ ਲਈ, ਬਾਲੀ,
ਤੂੰ ਪੁਲ ਹੇਠੋਂ ਚਲਾ ਜਾਹ:
ਨਦੀ ਤੋਂ ਕੁਝ ਨਹੀਂ ਮਿਲਣਾ।।

(ਟਰਾਂਟੋ)

## ਅਮਰਜੀਤ ਸਿੰਘ ਚਾਹਲ

# ਮਾਣ ਤੇ ਵਰ

ਮੇਰੀਓ ਬੱਚੀਓ।
ਮੈਂ ਤੁਹਾਡਾ
ਤੁਹਾਡੀ ਮਾਂ ਦਾ
ਬੜਾ ਅਹਿਸਾਨਮੰਦ ਹਾਂ।

ਜਦ ਮੈਂ
ਰੰਗਾਂ ਦੀ ਰੰਗਤ ਤੋਂ ਨਾਵਾਕਿਫ਼ ਸੀ
ਉਸ ਸਦੀ 'ਚ ਉਸ ਨੇ
ਮੇਰੇ ਗਲ ਬਾਹਵਾਂ ਪਾਈਆਂ
ਮਲਕੜੇ ਜਿਹੇ ਮੇਰੇ ਕੰਨ 'ਚ ਕਿਹਾ
ਰੰਗ ਲਾਲ ਹੀ, ਸਿਰਫ਼ ਜ਼ਿੰਦਗੀ ਦੀ ਨਿਸ਼ਾਨੀ ਨਹੀਂ ਹੁੰਦਾ
ਜ਼ਿੰਦਗੀ ਹੋਰ ਰੰਗਾਂ ਵਿਚ ਵੀ ਵਿਚਰਦੀ ਹੈ।
ਉਸ ਮਿੱਟੀ ਦੀ ਮੁੱਠ ਭਰੀ
ਮੈਂ ਉਸ 'ਚ ਬੀਜ ਬੋ ਦਿਤਾ।
ਤੁਹਾਡੇ ਰੋਣ ਦੀ ਪਹਿਲੀ ਚੀਕ 'ਚ

ਪੂਰਨਤਾ ਦਾ ਉਹ ਰੰਗ ਸੀ
ਕਿ ਤੁਹਾਡੀ ਮਾਂ ਮੁਸਕਰਾ ਪਈ
ਮੇਰੀ ਹਿੱਕ ਮਾਣ ਨਾਲ ਚੌੜੀ ਹੋ ਗਈ
ਤੁਸੀਂ ਮੇਰੇ ਆਦਿ ਨੂੰ ਭਵਿੱਖ 'ਚ ਬਦਲਿਆ
ਮੈਨੂੰ ਬਾਪ ਹੋਣ ਦਾ ਮਾਣ ਦਿਤਾ
ਮੈਂ ਤੁਹਾਡਾ ਤੇ ਤੁਹਾਡੀ ਮਾਂ ਦਾ ਅਹਿਸਾਨਮੰਦ ਕਿਉਂ ਨਾ ਹੋਵਾਂ

ਤੁਹਾਡੀ ਮਾਂ ਬਾਝੋਂ
ਮੈਂ ਇੰਝ ਹੋਣਾ ਸੀ
ਜਿਵੇਂ ਬੀਆਬਾਨ 'ਚ ਕੋਈ ਰੁੰਡ-ਮੁੰਡ ਜਿਹਾ ਰੁੱਖ
ਜਿਸ ਉਪਰ ਅਣਚਾਹੇ ਪਰਿੰਦਿਆਂ ਨੇ ਬੈਠਣਾ ਸੀ
ਜਿਨ੍ਹਾਂ ਸਦਾ ਲਾਸ਼ਾਂ ਦੀ ਕਾਮਨਾ ਕਰਨੀ ਸੀ
ਜਾਂ ਮੇਰੇ ਮੁੱਢ ਆ ਬੈਠਣਾ ਸੀ ਜੰਗਲੀ ਜਾਨਵਰਾਂ ਨੇ
ਜਿਨ੍ਹਾਂ ਦੇ ਮੂੰਹ ਸਦਾ ਲਹੂ ਨਾਲ ਲਿਬੜੇ ਰਹਿੰਦੇ ਨੇ
ਜਾਂ ਮੈਂ ਕੋਈ ਪੱਥਰ ਦੀ ਸਿੱਲ ਹੋਣਾ ਸੀ
ਜਿਸ ਉਪਰ ਮੌਸਮਾਂ ਦਾ ਕੋਈ ਅਸਰ ਨਹੀਂ ਹੁੰਦਾ
ਤੇ ਮੇਰੀ ਸ਼ਰਣ ਵਿਚ ਹੋਣੇ ਸਨ ਕਈ ਕੀੜੇ-ਮਕੌੜੇ

ਜਾਂ ਮੈਂ ਕੋਈ ਐਂਵੇਂ ਹਵਾ ਸੰਗ ਉ`ਡਿਆ ਫਿਰਦਾ
ਕਾਗਜ਼ ਹੋਣਾ ਸੀ
ਜਿਸ ਉਪਰ ਕਦੇ ਕਿਸੇ ਨੇ
ਪ੍ਰੇਮ ਦਾ ਤਰਾਨਾ ਨਹੀਂ ਲਿਖਿਆ ਹੋਣਾ ਸੀ
ਅਤੇ ਨਾ ਹੀ ਲਿਖਿਆ ਹੋਣਾ ਸੀ
ਵਿਛੋੜੇ ਦਾ ਦਰਦ
ਤਦ ਮੈਂ ਸ਼ਾਇਦ
ਸਾਜ਼ਿਸਾਂ ਦਾ ਇਕ ਪੁਲੰਦਾ ਹੁੰਦਾ

ਤੁਹਾਡੇ ਬਾਝੋਂ ਮੇਰੀਓ ਧੀਓ
ਮੇਰੀ ਸਮਝ ਅਧੂਰੀ ਹੋਣੀ ਸੀ
ਝਾਂਜਰ ਨੂੰ ਮੈਂ ਸ਼ਾਇਦ
ਨਾਚੀਆਂ ਜਾਂ ਜਾਨਵਰਾਂ ਦਾ ਹੀ ਸ਼ਿੰਗਾਰ ਸਮਝਦਾ
ਮੈਨੂੰ ਇਨ੍ਹਾਂ ਛੁਪੇ ਸੁੱਚੇ ਸੰਗੀਤ ਦੀ ਕੀ ਸਾਰ ਹੋਣੀ ਸੀ
ਵੀਣੀ ਦੀਆਂ ਵੰਗਾਂ
ਮੱਥੇ ਦਾ ਟਿੱਕਾ
ਦੰਦਾਂ ਦਾ ਦੰਦਾਸਾ
ਤੇ ਹੋਰ ਹਾਰ-ਸ਼ਿੰਗਾਰ ਨੂੰ
ਮੈਂ ਸ਼ਾਇਦ ਮਲੀਨ ਅੱਖ ਨਾਲ ਹੀ ਤੱਕਦਾ ਰਹਿੰਦਾ।

ਇਸ ਸਭ ਕੁਝ ਨੂੰ ਸਮਝਣ 'ਚ
ਤੁਸੀਂ ਮੇਰੀ ਬੜੀ ਮੱਦਦ ਕੀਤੀ ਹੈ।

ਤੁਸੀਂ - ਮੇਰੇ ਆਦਿ ਨੂੰ ਭਵਿੱਖ 'ਚ ਬਦਲਿਆ
ਮੈਨੂੰ ਬਾਪ ਹੋਣ ਦਾ ਮਾਣ ਦਿਤਾ
ਬਾਪ ਹੋਣ ਦੀ ਹੈਸੀਅਤ 'ਚ
ਜਦ ਮੈਂ ਕੱਲ੍ਹ ਵਾਰੇ ਸੋਚਦਾ ਹਾਂ
ਜਿਸ 'ਚ ਤੁਸੀਂ ਜੁਆਨ ਹੋਣਾ ਹੈ
ਜਦ ਤੁਹਾਡੀ ਝਾਂਜਰ ਛਣਕਣੀ ਹੈ
ਜਦ ਫੁਲਾਂ ਨੇ ਤੁਹਾਡੇ ਰੂਪ ਤੋਂ ਸ਼ਰਮਾਉਣਾ ਹੈ
ਜਦ ਚੰਦਰਮਾ ਨੂੰ ਤ੍ਰੇਲੀ ਆਉਣੀ ਹੈ
ਤਾਂ ਦਿਲ ਬੈਠਣ ਲੱਗਦਾ ਹੈ
ਚੰਦਰਮਾ ਨੂੰ ਲੱਗਾ ਦਾਗ ਸਤਾਉਂਦਾ ਹੈ

ਚੰਦਰਮਾ ਦੇ ਕੱਜ ਮਾਰੇ ਹਿੱਸੇ ਨੂੰ
ਜਦ ਮੈਂ ਵਿਗਿਆਨਕ ਨਜ਼ਰਾਂ ਨਾਲ ਤੱਕਦਾ ਹਾਂ
ਸੱਚ ਜਾਣਿਉਂ -
ਤੁਸੀਂ ਬਹੁਤ ਪਿਆਰੀਆਂ ਲੱਗਦੀਆਂ ਉਂ
ਤੁਸੀਂ ਮੈਨੂੰ ਬਾਪ ਹੋਣ ਦਾ ਮਾਣ ਦਿੱਤਾ ਹੈ
ਮੈਂ ਤੁਹਾਨੂੰ ਭਵਿੱਖ ਹੋਣ ਦਾ ਵਰ ਦਿੰਦਾ ਹਾਂ।

( ਸਰੀ, ਬੀ. ਸੀ.)

# ਗਜ਼ਲ

## ਹਰਜਿੰਦਰ 'ਕੰਗ'

ਜਦੋਂ ਮਹਿਫ਼ਿਲ ਸਜਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।
ਜਦੋਂ ਹਸਦੇ ਸਾਂ ਗਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਕਦੇ ਇਕ ਖ਼ਾਸ ਮੌਕੇ ਤੇ ਖੁਸ਼ੀ ਵਿਚ ਰਾਤ ਹੀ ਸਾਰੀ,
ਅਸੀਂ ਧੂਣੀ ਧੁਖਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਕਿਸੇ ਦੇ ਦਰਦ ਨੂੰ ਆਪਣਾ ਬਣਾ ਕੇ ਵੰਡਣਾ ਯਾਰੋ!
ਜਦੋਂ ਸੱਤ ਨੂੰ ਸਿਖਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਸਮਾਂ ਉਹ ਵੀ ਜਦੋਂ ਆਪਾਂ ਜਵਾਨੀ ਵਿਚ ਜ਼ਮਾਨੇ ਨੂੰ,
ਉਂਗਲੀਆਂ ਤੇ ਨਚਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਸੀ ਉਹ ਵੀ ਵਕਤ ਜਿਸ ਥਾਂ ਤੇ ਪਸੀਨਾ ਯਾਰ ਦਾ ਡੁੱਲੇ,
ਲਹੂ ਆਪਣਾ ਵਹਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਜਦੋਂ ਕਿ ਯਾਰ ਦੀ ਖ਼ਾਤਿਰ ਲਗਾ ਕੇ ਜਾਨ ਦੀ ਬਾਜੀ,
ਅਸੀਂ ਵਾਅਦੇ ਨਿਭਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਵਿਚਾਰੀ ਜ਼ਿੰਦਗੀ ਜ਼ਖ਼ਮੀ ਕਰੇ ਇਹ ਕੀਰਨੇ ਪਾ ਪਾ,
ਖੁਸ਼ੀ ਦੇ ਗੀਤ ਗਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਲੁਕਾ ਕੇ ਆਪਣਾ ਸਿਰ ਕਹਿ ਰਹੇ ਹਨ ਕੌਮ ਦੇ ਆਗੂ,
"ਜਦੋਂ ਖ਼ੁਦ ਨੂੰ ਮਿਟਾਉਂਦੇ ਸਾਂ", ਜ਼ਮਾਨਾ ਹੋਰ ਹੁੰਦਾ ਸੀ।

ਨਹੀਂ ਫ਼ੁਰਸਤ ਬਜ਼ੁਰਗਾਂ ਨੂੰ ਮਿਲਣ ਦੀ ਬੱਚਿਆਂ ਨੂੰ ਹੁਣ,
ਜਦੋਂ ਬਾਤਾਂ ਸੁਣਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਸਮਾਂ ਐਸਾ ਹੈ ਹੁਣ ਕੋਈ ਕਿਸੇ ਦਾ ਦਮ ਨਹੀਂ ਭਰਦਾ,
ਦਮਾਂ ਦੀ ਸਾਂਝ ਪਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

ਵਧਾ ਕੇ ਜ਼ੁਲਮ ਹੁਣ ਆਗੂ ਬਣਾਵਣ "ਕੰਗ" ਜੀ ਵੋਟਾਂ,
ਜ਼ੁਲਮ ਦੇ ਨੱਥ ਪਾਉਂਦੇ ਸਾਂ, ਜ਼ਮਾਨਾ ਹੋਰ ਹੁੰਦਾ ਸੀ।

(ਕੈਲੇਫੋਰਨੀਆਂ)



# ਪੰਜਾਬੀ ਕਵੀ ਪਾਸ਼

ਦੋ ਕਵਿਤਾਵਾਂ

ਸੁਰਿੰਦਰ ਧੰਜਲ

## 1. ਝੱਲਾ ਕਵੀ

ਸੌਂ ਰਹੇ ਕਵੀ!
ਤੂੰ ਪਾਸ਼ ਦੇ ਹਾਣ ਦੀ ਕਵਿਤਾ ਕਿਵੇਂ ਲਿਖ ਸਕੇਂਗਾ?
ਤੇਰੇ ਕੋਲ ਪਾਸ਼ ਦੇ ਹਾਣ ਦੀ ਜਾਗਦੀ ਅੱਖ ਨਹੀਂ

ਸੌਂ ਰਹੀਂ ਅੱਖ!
ਤੂੰ ਪਾਸ਼ ਦੇ ਹਾਣ ਦੀ ਕਵਿਤਾ ਕਿਵੇਂ ਵੇਖ ਸਕੇਂਗੀ?
ਤੇਰੇ ਕੋਲ ਪਾਸ਼ ਦੇ ਹਾਣ ਦਾ ਸੁਪਨਾ ਨਹੀਂ

ਸੌਂ ਰਹੇ ਸੁਪਨੇ!
ਤੂੰ ਪਾਸ਼ ਦੀ ਕਵਿਤਾ ਵਾਂਗ ਕਿਵੇਂ ਉੱਡ ਸਕੇਂਗਾ?
ਤੇਰੇ ਕੋਲ ਪਾਸ਼ ਦੇ ਹਾਣ ਦੀ ਜ਼ਿੰਦਗੀ ਨਹੀਂ

ਸੌਂ ਰਹੀ ਜ਼ਿੰਦਗੀ!
ਤੂੰ ਪਾਸ਼ ਦੀ ਕਵਿਤਾ ਦੇ ਹਾਣ ਦੀ ਕਿਉਂ ਨਹੀਂ?

ਇਹੋ ਜਿਹੇ ਸਵਾਲ ਪੁਛਦਾ
ਝੱਲਾ ਕਵੀ ਭੁੱਲ ਜਾਂਦਾ ਹੈ
ਕਿ ਜ਼ਿੰਦਗੀ ਜੇ ਪਾਸ਼ ਦੀ ਕਵਿਤਾ ਦੇ ਹਾਣ ਦੀ ਹੁੰਦੀ
ਤਾਂ ਪਾਸ਼ ਨੇ ਸ਼ਾਇਦ ਪਾਸ਼ ਨਹੀਂ ਸੀ ਹੋਣਾ
ਪਾਸ਼ ਨੇ ਸ਼ਾਇਦ ਜੰਮਣਾ ਹੀ ਨਹੀਂ ਸੀ
ਪਾਸ਼ ਨੇ ਸ਼ਾਇਦ ਮਰਨਾ ਹੀ ਨਹੀਂ ਸੀ

ਝੱਲੇ ਕਵੀ!
ਜ਼ਿੰਦਗੀ ਹਾਲੇ ਪਾਸ਼ ਦੀ ਕਵਿਤਾ ਦੇ ਹਾਣ ਦੀ ਨਹੀਂ
ਝੱਲੇ ਕਵੀ!
ਜ਼ਿੰਦਗੀ ਪਾਸ਼ ਦੀ ਕਵਿਤਾ ਦੇ ਹਾਣ ਦੀ ਕਿਉਂ ਨਹੀਂ?

## 2. ਮਾਂ

ਨਾ ਮੈਂ ਦੇਖੀ ਕਵਿਤਾ ਦੀ ਮਾਂ
ਨਾ ਕ੍ਰਾਂਤੀ ਦੀ ਮਾਂ
ਨਾ ਮੈਂ ਦੇਖੀ ਯੁੱਧ ਦੀ ਮਾਤਾ
ਨਾ ਸ਼ਾਂਤੀ ਦੀ ਮਾਂ

ਨਾ ਮੈਂ ਦੇਖੀ ਸੂਰਜ ਦੀ ਮਾਂ
ਨਾ ਮੈਂ ਫੁੱਲ ਦੀ ਮਾਂ
ਨਾ ਮੈਂ ਤੈਨੂੰ ਦੇਖਿਆ, ਤੂੰ ਜੋ
ਸੱਭ ਦੇ ਤੁੱਲ ਦੀ ਮਾਂ

ਝੰਡਾ ਕਿਧਰੇ, ਪੱਖੀ ਕਿਧਰੇ
ਥਾਂ ਥਾਂ ਝੁਲਦੀ ਮਾਂ
ਜੋ ਤੇਰੇ ਪੁੱਤ ਦੇ ਹਮਰਾਹੀ
ਹੁਣ ਤੂੰ ਕੁੱਲ ਦੀ ਮਾਂ

ਜੋ ਤੇਰੇ ਪੁੱਤਰ ਨੇ ਪਾਈ
ਤੂੰ ਉਸ ਬਾਤ ਦੀ ਮਾਂ
ਰਾਜਗੁਰੂ ਸੁਖਦੇਵ ਭਗਤ ਦੇ
ਚੌਥੇ ਸਾਥ ਦੀ ਮਾਂ

ਤੂੰ ਬਣ ਗਈ ਹਰ ਮਾਂ ਦਾ ਸੁਪਨਾ
ਤੂੰ ਸੁਪਨੇ ਦੀ ਮਾਂ
ਹਰ ਯੁੱਗ ਤੇਰੀ ਕੁੱਖ ਦਾ ਸੁਪਨਾ
ਤੂੰ ਇਕ ਯੁੱਗ ਦੀ ਮਾਂ

ਪਾਸ਼ ਤੇਰਾ ਸੱਚਾ ਸੁੱਚਾ ਸੀ
ਤੂੰ ਉਸ ਦੁੱਧ ਦੀ ਮਾਂ
ਤੂੰ ਸ਼ਾਂਤੀ ਦੀ ਮਾਂ ਨੀ ਮਾਏ!
ਤੂੰ ਇਕ ਯੁੱਧ ਦੀ ਮਾਂ

ਦੋ ਕਵਿਤਾਵਾਂ.

ਕੁਲਵਿੰਦਰ ਖਹਿਰਾ

### ਤੇਈ ਮਾਰਚ

ਤੇਈ ਮਾਰਚ, ਤੇਰੇ ਨਿਜ਼ਾਮ ਵਿਚ ਕੋਈ ਫ਼ਰਕ ਨਹੀਂ।
ਤੇਰੇ ਆਜ਼ਾਦ ਅਤੇ ਗ਼ੁਲਾਮ ਵਿਚ ਕੋਈ ਫ਼ਰਕ ਨਹੀਂ

ਹੈ ਚੇਹਰਾ ਦੋਹਾਂ ਦਾ ਖ਼ੂਨ ਮੇਰੇ ਵਿਚ ਰੰਗਿਆ,
ਤੇਰੀ ਸੁਬਾਹ, ਤੇਰੀ ਸ਼ਾਮ ਵਿਚ ਕੋਈ ਫ਼ਰਕ ਨਹੀਂ।

ਮੌਤ ਹੀ ਮੌਤ ਸੀ ਉਦੋਂ, ਹੁਣ ਵੀ ਮੌਤ ਹੈ,
ਪਿਆ ਸੱਚ ਦੇ ਦਾਮ ਵਿਚ ਕੋਈ ਫ਼ਰਰਕ ਨਹੀਂ।

ਕੀ ਹੋਇਆ, ਜੇ ਨਹੀਂ ਤੂੰ ਬਦਲਿਆ ਤੇਈ ਮਾਰਚ,
ਪਿਆ ਸਾਡੇ ਵੀ ਸੰਗਰਾਮ ਵਿਚ ਕੋਈ ਫ਼ਰਕ ਨਹੀਂ।

'ਭਗਤ ਸਿੰਘ' ਜਾਂ 'ਪਾਸ਼', ਹੱਕ ਆਵਾਜ਼ ਦਾ,
ਕੋਈ ਵੀ ਹੋਵੇ ਨਾਮ ਵਿੱਚ ਕੋਈ ਫ਼ਰਕ ਨਹੀਂ।

### ਪਹਿਚਾਣ

ਹਿੰਦੂ ਹਾਂ ਨਾ ਸਿੱਖ ਹਾਂ
ਇਸਾਈ ਨਾਂ ਮੁਸਲਮਾਨ ਹਾਂ ਮੈਂ।
ਇਨਸਾਨੀਅਤ ਮੇਰਾ ਧਰਮ ਹੈ ਯਾਰੋ
ਜ਼ਾਤ ਦਾ ਇਨਸਾਨ ਹਾਂ ਮੈਂ।

ਮਰਨ ਤੋਂ ਬਾਅਦ ਸਵਰਗ ਦੇਵੇ ਜੋ
ਮੇਰਾ ਉਹ ਯਾਰੋ ਖ਼ੁਦਾ ਨਹੀਂ,
ਇਸੇ ਧਰਤੀ ਨੂੰ ਜੋ ਸਵਰਗ ਬਣਾਏ
ਢੂੰਡਦਾ ਉਹ ਭਗਵਾਨ ਹਾਂ ਮੈਂ।

ਕਾਤਿਲ ਹੈ ਪਾਣੀ ਦੋਸਤੋ
ਤੇ ਕਾਤਿਲ ਹੈ ਪੌਣ ਵੀ,
ਦੋਹਾਂ ਕਾਤਿਲਾਂ ਦੇ ਤੂਫਾਨ ਸੰਗ
ਜੂਝਦੀ ਚੱਟਾਨ ਹਾਂ ਮੈਂ।

ਜਿਸਮ ਦੀ ਮੌਤ ਦਾ ਡਰ ਨਹੀਂ
ਡਰਦਾ ਹਾਂ ਜ਼ਮੀਰ ਦੀ ਮੌਤ ਤੋਂ,
ਜਾਣਦਾ ਹਾਂ ਕਿ ਇਸ ਧਰਤ 'ਤੇ
ਕੁਝ ਦੇਰ ਦਾ ਮਹਿਮਾਨ ਹਾਂ ਮੈਂ।

## ਗੀਤ

ਅਮਰਜੀਤ ਚਾਹਲ

ਉਹ ਵੀ ਦਿਨ ਸਨ, ਪੌਣ ਸਾਡੇ ਨਾਲ ਟਕਰਾਕੇ ਸੀ ਮਹਿਕਦੀ
ਇਹ ਵੀ ਦਿਨ ਹਨ, ਹਵਾ ਨੂੰ ਵੀ ਕੋਈ ਸਾਜਿਸ਼ ਸਿਖਾ ਰਿਹਾ।

ਉਹ ਵੀ ਦਿਨ ਸਨ, ਹਰ ਪਿੰਡ, ਸ਼ਹਿਰ ਆਪਣਾ ਸੀ ਜਾਪਦਾ
ਇਹ ਵੀ ਦਿਨ ਹਨ, ਹਰ ਸ਼ਹਿਰ ਪਿੰਡਾਂ ਨੂੰ ਖਾ ਰਿਹਾ।

ਉਹ ਵੀ ਦਿਨ ਸਨ, ਪੈਰ ਜਦ ਵੀ ਤੁਰਦੇ ਤੇਰੇ ਘਰ ਵੱਲਾਂ
ਇਹ ਵੀ ਦਿਨ ਹਨ, ਮੈਂ ਤੇਰੇ ਸ਼ਹਿਰੋਂ ਹੀ ਜਾ ਰਿਹਾ।

ਉਹ ਵੀ ਦਿਨ ਸਨ, ਬੜੀ ਭੱਜ-ਨੱਠ ਦੀ ਸੀ ਜ਼ਿੰਦਗੀ
ਇਹ ਵੀ ਦਿਨ ਹਨ, ਨਾ ਕੋਈ ਜਾ ਰਿਹਾ-ਨਾ ਕੋਈ ਆ ਰਿਹਾ।

ਉਹ ਵੀ ਦਿਨ ਸਨ, ਜਦ ਪੈਰ ਤਰਸਦੇ ਸਨ ਪੱਕੀਆਂ ਸੜਕਾਂ ਨੂੰ
ਇਹ ਵੀ ਦਿਨ ਹਨ, ਕੋਈ ਇਨ੍ਹਾਂ ਸੜਕਾਂ ਦਾ ਸੰਤਾਪ ਹੰਢਾ ਰਿਹਾ।

ਉਹ ਵੀ ਦਿਨ ਸਨ, ਜਦ ਦੇਸ਼ ਵਿਚ ਪ੍ਰਦੇਸ਼ ਸੀ ਬਾਰਾਂ ਕੋਹਾਂ 'ਤੇ
ਇਹ ਵੀ ਦਿਨ ਹਨ, ਪ੍ਰਦੇਸ਼-ਦੇਸ਼ ਬਣਦਾ ਜਾ ਰਿਹਾ।

## ਇਹੋ ਚਾਹੁੰਦੇ ਹਨ

ਪਰਮਜੀਤ ਕੌਰ

ਉਹ ਨਹੀਂ ਜਾਣਦੇ
ਵਿਚਾਰਾਂ ਦੀ ਲੜਾਈ
ਬੱਸ ਉਹ ਤਾਂ ਜਾਣਦੇ ਹਨ ਕੇਵਲ
ਫੁੱਲਾਂ ਨੂੰ ਮਸਲਣਾ
ਉਹ ਨਹੀਂ ਜਾਣਦੇ
ਵੰਡੇ ਗਏ ਸੀ ਪਹਿਲਾਂ ਵੀ
ਕਦੇ ਦਰਿਆ-
ਹੁਣ ਫਿਰ ਇਸ ਧਰਤੀ ਤੇ
ਖਿੱਚ ਰਹੇ ਹਨ ਲਕੀਰਾਂ
ਬਲਾ ਇੰਜ ਕਰਕੇ ਕੁਕਰਮ
ਬਾਕੀ ਬਚੇਗਾ ਕੀ
ਯਾਨੀ ਸਪਤਸਿੰਧੂ ਤੋਂ ਪੰਜਾਬ
ਤੇ ਪੰਜਾਬ ਤੋਂ ਖਾਲਸਤਾਨ
ਯਾਨੀ ਕਿ ਸਹਿਰ ਜਾਂ ਖਲਾਅ
ਹੋਰ ਬਚੇਗਾ ਕੀ
ਬੱਸ ਇਹੋ ਚਾਹੁੰਦੇ ਹਨ ਉਹ
ਬੱਸ ਇਹੋ।

(ਪੰਜਾਬ)



## ਦੋ ਗੀਤ/ਦਰਸ਼ਨ ਗਿੱਲ

1.

ਤੇਰੇ ਤੁਰ ਜਾਣ 'ਤੇ ਹਵਾਵਾਂ ਰੁਕੀਆਂ
ਨੈਣਾਂ ਦੀਆਂ ਨਦੀਆਂ ਕਦੇ ਨਾ ਸੁੱਕੀਆਂ

ਤੇਰੇ ਨਾਲ ਦਿਸਦੀ ਸੀ, ਤਾਰਿਆਂ ਦੀ ਲੋਅ
ਤੂੰ ਗਈ ਕਾਹਦੀ ਸਾਥੋਂ ਰੁੱਸੀ ਸਾਡੀ ਖੁਸ਼ਬੋ
ਚੰਨ ਵਿਚੋਂ ਜਿਵੇਂ ਨੇ ਸ਼ੁਆਵਾਂ ਮੁੱਕੀਆਂ।

ਸੇਕ ਵਿਚ ਭੁਜਦੇ ਤੂੰ ਫੁੱਲ ਤੱਕ ਲੈ
ਸੁੱਕੇ ਹੋਏ ਜਿੰਦ ਦੇ ਤੂੰ ਬੁੱਲ ਤੱਕ ਲੈ
ਸੱਧਰਾਂ ਕਦੋਂ ਦੀਆਂ, ਨੇ ਮੁੱਕ ਚੁੱਕੀਆਂ।

ਕੋਲ ਆ ਕੇ ਬੈਠੇ ਜਦੋਂ ਚਾਨਣੀ ਉਦਾਸ
ਅਸੀਂ ਕਿਵੇਂ ਨੀ ਬੁਝਾਈਏ ਉਹਦੀ ਸੱਜਰੀ ਪਿਆਸ
ਸਾਡੇ ਨੈਣਾਂ ਦੀਆਂ ਪਲਕਾਂ ਵੀ ਰਹਿਣ ਝੁੱਕੀਆਂ।

ਤੇਰੇ ਤੁਰ ਜਾਣ 'ਤੇ ਹਵਾਵਾਂ ਰੁਕੀਆਂ।

2.

ਯਾਰੀ ਪੁੱਗਣੀ ਨੀਂ ਉੱਚਿਆਂ ਬਨੇਰਿਆਂ ਦੇ ਨਾਲ
ਪੈਣਾ ਜੂਝਣਾ ਹੈ ਸੂਰਜੋ ਹਨੇਰਿਆਂ ਦੇ ਨਾਲ।

ਹਮਸਫਰ ਜੋ ਸੂਰਜਾਂ ਦੇ ਰਾਹੀਂ ਰੁੱਕ ਗਏ
ਬਰੇਤਿਆਂ ਦੇ ਆਉਣ ਤੇ ਝਨਾਂ ਸੁੱਕ ਗਏ
ਮੰਡੀਆਂ ਜੋ ਲੱਕੜਾਂ ਦੀਆਂ ਨੇ ਭਾਲ ਦੇ
ਕਦੋਂ ਤੁਰਦੇ ਨੇ ਸਾਡੇ ਉਹ ਸਵੇਰਿਆਂ ਦੇ ਨਾਲ।

ਸੋਨੇ ਦੀਆਂ ਸੜਕਾਂ ਤੇ ਜੋ ਨੇ ਤੁਰਦੇ
ਗਲੀ ਅੰਨ੍ਹੀ ਦੇ ਰਾਹੀ ਰਹਿੰਦੇ ਸਦਾ ਝੁਰਦੇ
ਰਹੀ ਮੱਸਿਆ ਦੀ ਰਾਤ, ਨਾ ਹੋਈ ਪ੍ਰਭਾਤ
ਅਸੀਂ ਦੀਵੇ ਬਣ ਚੱਲੇ ਹਾਂ ਬਥੇਰਿਆਂ ਦੇ ਨਾਲ।

ਦੀਵੇ ਵਾਂਗ ਬਲਦੀ ਜੋ ਅੱਖ ਨਾ ਰਹੀ
ਚਾਨਣੀ ਵੀ ਲੱਗਦੀ ਹੈ ਓਪਰੀ ਜਹੀ
ਨਵੇਂ ਰਾਹ ਨੇ ਬਨਾਉਣੇ, ਨਵੇਂ ਫੁੱਲ ਨੇ ਉਗਾਉਣੇ
ਮੌਸਮਾਂ ਨੇ ਤੁਰਨਾ ਫੁਲੇਰਿਆਂ ਦੇ ਨਾਲ

ਯਾਰੀ ਪੁਗਣੀ ਨੀ ਉਚਿਆਂ ਬਨੇਰਿਆਂ ਦੇ ਨਾਲ
ਪੈਣਾ ਜੂਝਣਾ ਹੈ ਸੂਰਜੋ ਹਨੇਰਿਆਂ ਦੇ ਨਾਲ

* * *

# ਤੇਲ ਦੀ ਸਮੱਸਿਆ ਅਤੇ ਫਾਰਸ ਦੀ ਖਾੜੀ ਅੰਦਰ ਖਿੱਚੋਤਾਣ

## ਜੁਗਿੰਦਰ ਰੰਧਾਵਾ

ਦੋ ਅਗਸਤ 1990 ਨੂੰ ਇਰਾਕ ਵੱਲੋਂ ਕੁਵੈਤ ਉਪਰ ਅਚਾਨਕ ਕਬਜ਼ਾ ਕਰ ਲੈਣ ਤੋਂ ਬਾਅਦ ਹੁਣ ਤੱਕ ਫਾਰਸ ਦੀ ਖਾੜੀ ਵਿਚ ਅਮਰੀਕਾ, ਇੰਗਲੈਂਡ, ਫਰਾਂਸ, ਕੈਨੇਡਾ ਅਤੇ ਕਈ ਹੋਰ ਮੁਲਕਾਂ ਨੇ ਲੱਗਭਗ 450,000 ਫੌਜੀ, ਹਜ਼ਾਰਾਂ ਲੜਾਕੂ ਹਵਾਈ ਜ਼ਹਾਜ਼ ਅਤੇ ਸੈਂਕੜੇ ਸਮੁੰਦਰੀ ਬੇੜੇ ਤਾਇਨਾਤ ਕਰ ਰੱਖੇ ਹਨ। ਦੁਨੀਆਂ ਦਾ ਇਹ ਖਿੱਤਾ ਇਕ ਐਸੀ ਭਿਆਨਕ ਲੜਾਈ ਦੀਆਂ ਬਰੂਹਾਂ 'ਤੇ ਖਲੋਤਾ ਹੈ ਜਿਹੜੀ ਕਿ ਹਜ਼ਾਰਾਂ ਹੀ ਨਹੀਂ, ਬਲਕਿ ਲੱਖਾਂ ਹੀ ਜਾਨਾਂ ਲੈ ਸਕਦੀ ਹੈ। ਇਸ ਤੋਂ ਵੀ ਅੱਗੇ ਜੇਕਰ ਇਸ ਲੜਾਈ ਵਿਚ ਕੈਮੀਕਲ ਜਾਂ ਐਟਮੀ ਹਥਿਆਰ ਵਰਤੇ ਗਏ ਤਾਂ ਇਹ ਗਿਣਤੀ ਕਰੋੜਾਂ ਤੱਕ ਵੀ ਪਹੁੰਚ ਸਕਦੀ ਹੈ।

ਮੱਧ ਪੂਰਬ ਹੀ ਨਹੀਂ ਬਲਕਿ ਸਾਰੀ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਸ਼ੋਸ਼ਣ ਕਰ ਰਿਹਾ ਹੈ।

1980 ਵਿਚ ਅਮਰੀਕਾ ਨੇ ਇਰਾਕ ਨੂੰ ਇਰਾਨ ਉੱਪਰ ਹਮਲਾ ਕਰਨ ਲਈ ਹਰੀ ਝੰਡੀ ਦਿੱਤੀ ਅਤੇ ਫਿਰ ਦੋਵੀਂ ਪਾਸੀਂ ਚੱਕ-ਥੱਲ ਕਰਕੇ ਅਤੇ ਹਥਿਆਰ ਵੇਚ ਕੇ ਇਸ ਲੜਾਈ ਨੂੰ ਅੱਠ ਸਾਲ ਲਮਕਾਈ ਰੱਖਿਆ। ਇਸ ਲੜਾਈ ਵਿਚ ਇਕ ਕਰੋੜ ਤੋਂ ਉੱਪਰ ਲੋਕ ਮਾਰੇ ਗਏ। 1982 ਵਿਚ ਇਜ਼ਰਾਈਲ ਨੇ ਜਦੋਂ ਲਿਬਨਾਨ 'ਤੇ ਵਹਿਸ਼ੀਆਨਾ ਹਮਲਾ ਕੀਤਾ ਤਾਂ ਅਮਰੀਕਾ ਨੇ ਉਸਦੀ ਡੱਟ ਕੇ ਪਿੱਠ ਠੋਕੀ। ਇਸ ਲੜਾਈ ਵਿਚ 30,000 ਤੋਂ ਵੱਧ ਫਲਸਤੀਨੀ ਅਤੇ ਲਿਬਨਾਨੀ ਲੋਕਾਂ ਨੂੰ ਬੜੇ ਵਹਿਸ਼ੀ ਢੰਗਾਂ ਨਾਲ ਕਤਲ ਕੀਤਾ ਗਿਆ। ਅੱਜ ਵੀ ਆਪਾ

ਅਮਰੀਕਨ ਸਰਕਾਰ ਕਿਸੇ ਇਕ ਮੁਲਕ ਦੇ ਦੂਸਰੇ ਮੁਲਕ ਉਪਰ ਹਮਲਾ ਕਰਨ ਦੀ ਕੋਈ ਪਰਵਾਹ ਨਹੀਂ ਕਰਦੀ ਜਦ ਤੱਕ ਕਿ ਉਸਦੇ ਆਪਣੇ ਹਿਤ ਖ਼ਤਰੇ ਵਿਚ ਨਾ ਹੋਣ। ਫਾਰਸ ਦੀ ਖਾੜੀ ਵਿਚ ਇਹ ਹਿੱਤ ਤੇਲ ਦੇ ਹੀ ਦੁਆਲੇ ਘੁੰਮਦੇ ਹਨ। ਜਿਵੇਂ ਕਿ ਬੁੱਸ਼ ਦੇ ਇਕ ਸਲਾਹਕਾਰ ਨੇ ਕਿਹਾ ਹੈ 'ਇਹ ਤਾਂ ਕੋਈ ਮੂਰਖ ਵੀ ਸਮਝ ਸਕਦਾ ਹੈ ਕਿ ਸਾਨੂੰ ਤੇਲ ਚਾਹੀਦਾ ਹੈ।' ਹੁਣ ਇਹ ਸਮਝਣਾ ਜ਼ਰੂਰੀ ਹੈ ਕਿ ਅਸਲ ਵਿਚ ਇਹ ਤੇਲ ਦਾ ਚੱਕਰ (oil connection) ਹੈ ਕੀ? ਅਮਰੀਕਾ ਨੇ ਆਪਣੀਆਂ ਫੌਜਾਂ ਫਾਰਸ ਦੀ ਖਾੜੀ ਵਿਚ ਇਸ ਕਰਕੇ ਨਹੀਂ ਭੇਜੀਆਂ ਕਿ ਤੇਲ ਦੀ ਕੀਮਤ ਅਸਮਾਨ ਨੂੰ ਛੂਹਣ ਲੱਗੀ ਅਤੇ ਕੁੱਝ ਵੱਡੀਆਂ ਤੇਲ ਕੰਪਨੀਆਂ ਖੂਬ ਮੁਨਾਫ਼ਾ ਕਮਾ ਸਕਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵੱਡੀਆਂ ਕੰਪਨੀਆਂ ਲੋਕਾਂ ਦੀ ਛਿੱਲ ਲਾਹੁਣ ਦੇ ਮੌਕੇ ਨੂੰ ਟੁੱਟ ਕੇ ਪੈਂਦੀਆਂ ਹਨ। ਜੇ ਕੀਮਤਾਂ ਵਧਾਉਣਾ ਹੀ ਇਸਦਾ ਮੁੱਖ ਨਿਸ਼ਾਨਾ ਹੁੰਦਾ ਤਾਂ ਕਿਉਂ ਨਾ ਅਮਰੀਕਾ ਸਾਦਿਮ ਹੁਸੈਨ ਦਾ ਕੁਵੈਤ 'ਤੇ ਕਬਜ਼ਾ ਰਹਿਣ ਦਿੰਦਾ ਅਤੇ ਸਾਦਿਮ ਹੁਸੈਨ ਹੀ ਇਹਨਾਂ ਵਧੀਆਂ ਕੀਮਤਾਂ ਦਾ ਫਾਇਦਾ ਲਈ ਜਾਂਦਾ। ਅਸਲ ਵਿਚ ਪੱਛਮੀ ਸਰਕਾਰਾਂ ਅਤੇ ਵੱਡੇ ਸਰਮਾਏਦਾਰਾਂ ਨੂੰ ਇਹ ਡਰ ਹੈ ਕਿ ਜੇਕਰ ਕੀਮਤਾਂ ਇਸੇ ਤਰ੍ਹਾਂ ਵੱਧਦੀਆਂ ਗਈਆਂ ਤਾਂ ਉਹਨਾਂ ਦੀ ਆਰਥਿਕਤਾ ਦਾ ਭੱਠਾ ਬੈਠ ਜਾਵੇਗਾ।

ਦੂਸਰੀ ਗੱਲ ਇਹ ਹੈ ਕਿ ਫਾਰਸ ਦੀ ਖਾੜੀ ਵਿਚ ਲੜਾਈ ਦਾ ਖਤਰਾ ਸਿਰਫ

**1980 ਵਿਚ ਅਮਰੀਕਾ ਨੇ ਇਰਾਕ ਨੂੰ ਇਰਾਨ ਉੱਪਰ ਹਮਲਾ ਕਰਨ ਲਈ ਹਰੀ ਝੰਡੀ ਦਿੱਤੀ ਅਤੇ ਫਿਰ ਦੋਵੀਂ ਪਾਸੀਂ ਚੱਕ-ਥੱਲ ਕਰਕੇ ਅਤੇ ਹਥਿਆਰ ਵੇਚ ਕੇ ਇਸ ਲੜਾਈ ਨੂੰ ਅੱਠ ਸਾਲ ਲਮਕਾਈ ਰੱਖਿਆ।**

ਅਮਰੀਕਨ ਹਕੂਮਤ ਖਾੜੀ ਫਾਰਸ ਵਿਚ ਆਪਣੀ ਦਖਲ-ਅੰਦਾਜ਼ੀ ਨੂੰ ਜਾਇਜ਼ ਠਹਿਰਾਉਣ ਲਈ ਤਰ੍ਹਾਂ ਤਰ੍ਹਾਂ ਦੇ ਦਾਅਵੇ ਕਰਦੀ ਅਤੇ ਕਰ ਰਹੀ ਹੈ ਜਿਵੇਂ: 'ਇਰਾਕ ਦੀ ਵਧੀਕੀ ਨੂੰ ਰੋਕਣਾ, ਲੋਕਾਂ ਦੀ ਹਿਫਾਜ਼ਤ ਕਰਨਾ' ਜਾਂ 'ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਕਰਨਾ' ਆਦਿ। ਅਸਲ ਵਿਚ ਇਹ ਅਮਰੀਕਨ ਸਰਕਾਰ ਵੱਲੋਂ ਪਰਚਾਰਿਆ ਜਾ ਰਿਹਾ ਸਰਾਸਰ ਝੂਠ ਹੈ। ਇਹ ਉਹੀ ਸਾਮਰਾਜ ਹੈ ਜਿਹੜਾ ਪਿਛਲੇ 40 ਸਾਲਾਂ ਤੋਂ ਸਿਰਫ

ਨਿਰਣੇ ਦੇ ਹੱਕ ਲਈ ਲੜ ਰਹੇ ਨਿਹੱਥੇ ਫਲਸਤੀਨੀਆਂ ਦੇ ਵਿਰੁੱਧ ਅਮਰੀਕਾ ਇਜ਼ਰਾਈਲ ਦੀ ਹੀ ਮੱਦਦ ਕਰ ਰਿਹਾ ਹੈ। ਇਸ ਖਿੱਤੇ ਵਿਚ ਅਮਰੀਕਾ ਨੇ ਦਰਜਨਾਂ ਹੀ ਜ਼ਾਲਮ ਸਾਸ਼ਕਾਂ (tyrants) ਜਿਵੇਂ ਕਿ ਸਾਊਦੀ ਸ਼ਾਹੀ ਪਰਵਾਰ, ਸ਼ਾਹ ਇਰਾਨ, ਜੋਰਡਨ ਦਾ ਕਿੰਗ ਹੁਸੈਨ ਅਤੇ ਖੁਦ ਸਾਦਿਮ ਹੁਸੈਨ ਆਦਿ ਦੀ ਆਪ ਸਥਾਪਨਾ ਕੀਤੀ ਹੈ ਜਾਂ ਉਹਨਾਂ ਦੀ ਆਪਣੇ ਦੇਸ਼ਾਂ ਉਤੇ ਕਾਬਜ਼ ਰਹਿਣ ਵਿਚ ਮਦਦ ਕੀਤੀ ਹੈ।

ਇਸ ਕਰਕੇ ਹੀ ਨਹੀਂ ਵੱਧਿਆ ਕਿ ਅਮਰੀਕਾ ਨੂੰ ਆਪਣੇ ਤੇਲ ਦੀ ਸਪਲਾਈ ਦਾ ਤਤਕਾਲ ਖਤਰਾ ਹੈ, ਕਿਉਂਕਿ ਅਮਰੀਕਾ ਵਿਚ ਵਰਤੇ ਜਾਣ ਵਾਲੇ ਕੁੱਲ ਤੇਲ ਦਾ ਸਿਰਫ 5% ਹੀ ਕੁਵੈਤ ਅਤੇ ਇਰਾਕ ਤੋਂ ਲਿਆ ਜਾਂਦਾ ਹੈ ਜਿਹੜਾ ਕਿ ਕਿਸੇ ਹੋਰ ਵਸੀਲੇ (source) ਤੋਂ ਵੀ ਪਰਾਪਤ ਕੀਤਾ ਜਾ ਸਕਦਾ ਹੈ। ਸਾਦਿਮ ਹੁਸੈਨ ਨੇ ਤਾਂ ਇਸੇ ਕਰਕੇ ਹੀ ਕਬਜ਼ਾ ਕੀਤਾ ਹੈ ਕਿ ਉਹ ਪਹਿਲਾਂ ਨਾਲੋਂ ਵੱਧ ਤੇਲ ਵੇਚ ਸਕੇ। ਅਮਰੀਕਾ ਨੇ ਇਹ ਫੌਜੀ ਕੰਟਕ ਇਸ

ਕਰਕੇ ਵੀ ਨਹੀਂ ਚਾੜ੍ਹਿਆ ਕਿ ਇਸ ਬਹਾਨੇ ਉਹ ਪੈਂਟਾਗਨ ਦਾ ਖਰਚਾ ਵਧਾ ਸਕੇ, ਸੋਸ਼ਲ ਪ੍ਰੋਗਰਾਮਾਂ 'ਤੇ ਕੱਟ ਲਾ ਸਕੇ ਜਾਂ ਬੈਂਕਾਂ ਦੇ ਸੰਕਟ (crises) ਤੋਂ ਲੋਕਾਂ ਦਾ ਧਿਆਨ ਪਰ੍ਹੇ ਲਿਜਾ ਸਕੇ। ਅਮਰੀਕਨ ਸਰਕਾਰ ਭਾਵੇਂ ਇਹ ਸਾਰਾ ਕੁੱਝ ਕਰਨਾ ਚਾਹੁੰਦੀ ਵੀ ਹੋਵੇ ਪਰ ਫਿਰ ਵੀ ਫਾਰਸ ਦੀ ਖਾੜੀ ਵਿਚ ਫੌਜਾਂ ਭੇਜਣ ਅਤੇ ਲੜਾਈ ਛਿੜਨ ਨਾਲ ਅਮਰੀਕਾ ਦੇ ਬੱਜਟ ਵਿਚਲਾ ਘਾਟਾ ਅਤੇ ਆਰਥਿਕ ਸਮੱਸਿਆਵਾਂ ਹੋਰ ਵੀ ਵਧ ਜਾਣਗੀਆਂ ਅਤੇ ਮੱਧ-ਪੂਰਬ ਵਿਚਲੇ ਤੇਲ ਦੇ ਭੰਡਾਰ ਦਾ ਤਬਾਹ ਹੋਣ ਦਾ ਖਤਰਾ ਵੱਧ ਜਾਵੇਗਾ। ਇਸ ਕਰਕੇ ਅਮਰੀਕਾ ਸਰਕਾਰ ਇੰਨਾ ਵੱਡਾ ਖਤਰਾ ਮਹਿਜ਼ ਆਪਣੀ ਮਸ਼ਹੂਰੀ ਜਾਂ 'ਕੁਵੈਤ ਦੀ ਆਜ਼ਾਦੀ' ਦੀ ਖਾਤਰ ਨਹੀਂ ਲੈ ਸਕਦੇ।

## ਤੇਲ ਸ਼ਕਤੀ, ਮੁਨਾਫ਼ੇ ਅਤੇ ਸਾਮਰਾਜ:

ਦੁਨੀਆਂ ਭਰ ਦੀ ਬੁਰਜੂਆ ਅਤੇ ਸਾਮਰਾਜੀ ਪ੍ਰੈਸ ਇਸ ਸਾਰੀ ਘਟਨਾ ਪਿਛਲੇ ਲੁਕੇ ਸੱਚ ਨੂੰ ਲੋਕਾਂ ਤੱਕ ਪਹੁੰਚਣ ਨਹੀਂ ਦੇਣਾ ਚਾਹੁੰਦੀ। ਇਹ ਸੱਚ ਨੂੰ ਜਾਨਣ ਲਈ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਸਿਸਟਮ ਵਿਚ ਰਹਿ ਰਹੇ ਹਾਂ। ਸਥਾਪਤ ਮੀਡੀਏ (Main Stream Media) ਦੇ ਨਰਮ ਵਾਰਤਾਲਾਪ (Polite Conversation) ਵਿਚ ਅਮਰੀਕਾ ਨੂੰ ਇਕ ਸਾਮਰਾਜੀ ਤਾਕਤ ਕਹਿਣਾ ਮਨ੍ਹਾ ਹੈ ਭਾਵੇਂ ਕਿ ਇਹ ਇਕ ਅਸਲੀਅਤ ਹੈ ਕਿ ਅਮਰੀਕਾ ਇਕ ਸਾਮਰਾਜੀ ਮੁਲਕ ਹੈ। ਸਾਮਰਾਜਵਾਦ ਪੂੰਜੀਵਾਦ ਦੀ ਸਭ ਤੋਂ ਉੱਚੀ ਅਵੱਸਥਾ ਹੁੰਦੀ ਹੈ। ਅਮਰੀਕਾ ਵਰਗੇ ਸਨਅਤੀ ਮੁਲਕਾਂ ਦੀ ਆਰਥਿਕਤਾ ਵੱਡੇ ਵੱਡੇ ਬੈਂਕਾਂ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਕਬਜ਼ੇ ਵਿਚ ਹੈ। ਇਹਨਾਂ ਵੱਡੀਆਂ ਸੰਸਥਾਵਾਂ ਵੱਲੋਂ ਦੁਨੀਆਂ ਦੇ ਪਛੜੇ ਦੇਸ਼ਾਂ ਅੰਦਰ ਆਪਣਾ ਤੰਦੂਆ ਜਾਲ ਵਿਛਾਇਆ ਜਾਂਦਾ ਹੈ ਅਤੇ ਪੂੰਜੀ ਨਿਰਯਾਤ ਰਾਹੀਂ ਵੱਧ ਤੋਂ ਵੱਧ ਮੁਨਾਫ਼ੇ ਕਮਾਉਣੇ, ਨਵੀਆਂ ਮੰਡੀਆਂ ਦੀ ਤਲਾਸ਼ ਅਤੇ ਕੱਚੇ ਮਾਲ ਉਤੇ ਕਬਜ਼ਾ ਕਰਨਾ ਇਹਨਾਂ ਦਾ ਮੁੱਖ ਮੰਤਵ ਹੈ। ਇਹ ਸਾਰੇ ਵਰਤਾਰੇ ਰਾਹੀਂ ਇਹ ਪਛੜੇ ਹੋਏ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਆਰਥਿਕਤਾ ਨੂੰ ਤਹਿਸ਼-ਨਹਿਸ਼ ਕਰਦੇ ਹਨ ਅਤੇ ਕਰੋੜਾਂ ਲੋਕਾਂ ਨੂੰ ਦੁਖਦਾਈ ਜੀਵਨ ਬਤੀਤ ਕਰਨ ਲਈ ਮਜਬੂਰ ਕਰਦੇ ਹਨ। ਅੱਜ ਦੁਨੀਆਂ ਦੀ 23 ਪ੍ਰਤੀਸ਼ਤ ਆਬਾਦੀ ਜੋ ਕਿ ਅਮੀਰ ਦੇਸ਼ਾਂ ਵਿਚ ਰਹਿੰਦੀ ਹੈ ਦੁਨੀਆਂ ਦੀ ਕੁੱਲ ਪੈਦਾਵਾਰ ਦਾ 82% ਹਿੱਸਾ ਖਪਾ ਜਾਂਦੀ ਹੈ ਜਦ ਕਿ ਬਾਕੀ ਦੀ 77 ਪ੍ਰਤੀਸ਼ਤ ਆਬਾਦੀ, ਜਿਹੜੀ ਕਿ ਤੀਜੀ ਦੁਨੀਆਂ ਵਿਚ ਰਹਿੰਦੀ ਹੈ, ਲਈ ਸਿਰਫ਼ 18 ਪ੍ਰਤੀਸ਼ਤ ਪੈਦਾਵਾਰ ਹੀ ਬਚਦੀ ਹੈ। ਅਮੀਰ ਤੇ ਗਰੀਬ ਦੇਸ਼ਾਂ ਵਿਚ ਇਹ ਫਰਕ ਪਿਛਲੇ ਤੀਹ ਸਾਲਾਂ ਵਿਚ ਦੁੱਗਣਾ ਹੋ ਗਿਆ ਹੈ। ਇਸ ਸਿਸਟਮ (ਕੁੱਤੇ ਦਾ ਕੁੱਤਾ ਵੈਰੀ) ਦੀ ਪਿੱਠ ਪਿੱਛੇ ਸਾਮਰਾਜੀਆਂ ਦੀਆਂ ਫੌਜੀ ਅਤੇ ਰਾਜਨੀਤਕ -ਪੈਂਟਾਗਨ, ਸਟੇਟ ਮਸ਼ੀਨਰੀ, ਸੀ. ਆਈ. ਏ. ਆਦਿ- ਤਾਕਤਾਂ ਹਨ। ਸਾਮਰਾਜ ਇਹਨਾ ਸਾਰੀਆਂ ਤਾਕਤਾਂ (Machinary of Death) ਅਤੇ ਆਪਣੇ ਦਬਦਬੇ (domination) ਨੂੰ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਉਠ ਰਹੀਆਂ ਵਿਰੋਧੀ ਧਿਰਾਂ, ਬਾਗ਼ੀ ਗਾਹਕ (Unruly Cliinte) ਅਤੇ ਖ਼ਾਸ ਕਰਕੇ ਦਬਾਈਆਂ ਹੋਈਆਂ ਜਮਾਤਾਂ ਨੂੰ ਕਾਬੂ ਵਿਚ ਰੱਖਣ, ਤੀਜੀ ਦੁਨੀਆਂ ਦੇ ਦੇਸ਼ਾਂ ਦੀ ਲੁੱਟ ਕਰਨ ਅਤੇ ਦੁਨੀਆਂ ਭਰ ਵਿਚ ਆਪਣੀ ਸਰਦਾਰੀ ਕਾਇਮ ਰੱਖਣ ਲਈ ਵਰਤ ਰਿਹਾ ਹੈ। ਇਸ ਲਈ ਅਮਰੀਕਾ ਅਤੇ ਬਾਕੀ ਦੇ ਸਾਮਰਾਜੀਏ ਇਹ ਕਿਵੇਂ ਜਰ ਸਕਦੇ ਹਨ ਕਿ ਸਾਦਿਮ ਹੁਸੈਨ ਕਵੈਤ 'ਤੇ ਕਬਜ਼ਾ ਕਰ ਲਵੇ। ਇਸੇ ਲਈ ਇਰਾਕ ਦੀ ਇਸ ਆਜ਼ਾਦ ਫੌਜੀ ਕਾਰਵਾਈ ਰਾਹੀਂ ਪੱਛਮੀ ਸਾਮਰਾਜੀ ਕੈਂਪ ਬੁਖਲਾ ਉਠਿਆ ਹੈ।

ਵਿਦੇਸ਼ੀ ਲੁੱਟ-ਚੋਂਘ (ਖਾਸ ਕਰ ਦਬਾਏ ਹੋਏ ਲੋਕਾਂ ਦੀ) ਨਾਲ ਸਾਮਰਾਜੀਆਂ ਦੇ ਮੁਨਾਫਿਆਂ ਵਿਚ ਬੇਅਥਾਹ ਵਾਧਾ ਹੁੰਦਾ ਹੈ। ਉਦਾਹਰਣ ਵਜੋਂ 1984 ਅਤੇ 1988 ਵਿਚ ਤੀਸਰੀ ਦੁਨੀਆਂ ਦੇ ਦੇਸ਼ਾਂ ਨੇ 140 ਬਿਲੀਅਨ ਡਾਲਰ ਅਮੀਰ ਦੇਸ਼ਾਂ ਨੂੰ ਵਿਆਜ ਵਜੋਂ ਅਦਾ ਕੀਤਾ। ਇਕੱਲੇ ਅਮਰੀਕਾ ਨੇ ਹੀ ਸਿੱਧੇ ਤੌਰ 'ਤੇ ਗਰੀਬ ਦੇਸ਼ਾਂ ਅੰਦਰ 373 ਬਿਲੀਅਨ ਡਾਲਰ ਦੇ ਕਰੀਬ ਪੈਸਾ ਲਗਾਇਆ ਹੈ, ਜਿਸਦਾ ਇਕ ਸਾਲ ਦਾ ਵਿਆਜ਼ 53 ਬਿਲੀਅਨ ਡਾਲਰ ਬਣਦਾ ਹੈ। ਦੁਨੀਆਂ ਦੇ ਗਰੀਬ ਮੁਲਕਾਂ ਦੀ ਲੁੱਟ ਕਰਨਾ ਅਮਰੀਕਾ ਦਾ ਸਿਰਫ਼ ਸ਼ੌਕ ਹੀ ਨਹੀਂ, ਬਲਕਿ ਇੰਜ ਕਰਨ ਤੋਂ ਬਿਨਾ ਇਥੋਂ ਦਾ ਪੂੰਜੀਵਾਦੀ ਸਿਸਟਮ ਚੱਲ ਹੀ ਨਹੀਂ ਸਕਦਾ। ਤੀਜੀ ਦੁਨੀਆਂ ਵਿਚ ਸਾਮਰਾਜ ਵੱਲੋਂ ਲਗਾਇਆ ਗਿਆ ਪੈਸਾ ਸਿਰਫ ਸਿੱਧਾ ਮੁਨਾਫਾ ਕਮਾਉਣ ਵਿਚ ਹੀ ਸਹਾਈ ਨਹੀਂ ਹੁੰਦਾ ਬਲਕਿ ਸਾਮਰਾਜਵਾਦ ਦੀ ਮੁੜ-ਉਸਾਰੀ, ਅਤੇ ਇਸ ਦੀਆਂ ਪਸਾਰਵਾਦੀ ਨੀਤੀਆਂ ਨੂੰ ਸਫਲ ਬਣਾਉਣ ਵਿਚ ਵੀ ਸਹਾਈ ਹੁੰਦਾ ਹੈ।

ਮੱਧ ਪੂਰਬੀ ਖਿੱਤੇ ਬਾਰੇ ਇਹ ਗੱਲ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਨਾਲੋਂ ਵਧੇਰੇ ਪ੍ਰਤੱਖ ਰੂਪ 'ਚ ਦਿਖਾਈ ਦਿੰਦੀ ਹੈ ਕਿ ਅਮਰੀਕਾ ਦੂਜੀ ਸੰਸਾਰ ਜੰਗ ਤੋਂ ਲੈ ਕੇ ਹੁਣ ਤੱਕ ਇਸ ਖਿਤੇ ਨੂੰ ਆਪਣੇ ਸਾਮਰਾਜੀ ਮਨੋਰਥਾਂ ਲਈ ਵਰਤਦਾ ਆਇਆ ਹੈ। ਅੱਜ ਜਦੋਂ ਇਰਾਕ ਨੇ ਇਹਨਾਂ ਸਾਮਰਾਜੀ ਹਿਤਾਂ ਤੇ ਮਨਸੂਬਿਆਂ ਦੇ ਵਿਰੁਧ ਕਾਰਵਾਈ ਕੀਤੀ ਹੈ ਤਾਂ ਅਮਰੀਕਾ ਅਤੇ ਬਾਕੀ ਦੇ ਸਾਮਰਾਜੀ ਮੁਲਕਾਂ ਨੇ ਇਸ ਸਾਰੇ ਖਿੱਤੇ ਨੂੰ ਲੜਾਈ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਅਸਲ ਵਿਚ ਅਮਰੀਕਾ ਫਾਰਸ ਦੀ ਖਾੜੀ ਵਿਚ ਹਰ ਪੱਖੋਂ ਆਪਣੀ ਪ੍ਰਧਾਨਤਾ (ਸਿਆਸੀ ਅਤੇ ਫੌਜੀ) ਕਾਇਮ ਰੱਖਣੀ ਚਾਹੁੰਦਾ ਹੈ। ਇਕ ਤਾਂ ਇਹ ਇਜ਼ਰਾਈਲ ਨੂੰ ਸੁਰੱਖਿਅਤ ਰੱਖਣ ਲਈ ਇਹ ਖਿੱਤਾ ਅਮਰੀਕਾ ਲਈ ਯੁੱਧਨੀਤਕ ਮਹੱਤਤਾ ਰੱਖਦਾ ਹੈ। ਦੂਜਾ ਇਹ

**ਅਮਰੀਕਾ ਫਾਰਸ ਦੀ ਖਾੜੀ ਵਿਚ ਹਰ ਪੱਖੋਂ ਆਪਣੀ ਪ੍ਰਧਾਨਤਾ (ਸਿਆਸੀ ਅਤੇ ਫੌਜੀ) ਕਾਇਮ ਰੱਖਣੀ ਚਾਹੁੰਦਾ ਹੈ। ਇਕ ਤਾਂ ਇਜ਼ਰਾਈਲ ਨੂੰ ਸੁਰੱਖਿਅਤ ਰੱਖਣ ਲਈ ਇਹ ਖਿੱਤਾ ਅਮਰੀਕਾ ਲਈ ਯੁੱਧਨੀਤਕ ਮਹੱਤਤਾ ਰੱਖਦਾ ਹੈ। ਦੂਜਾ ਇਹ ਕਿ ਦੁਨੀਆਂ ਦੇ ਤੇਲ ਭੰਡਾਰਾਂ ਦਾ 2/3 ਹਿੱਸਾ ਇਸ ਖਿੱਤੇ ਵਿਚ ਪਿਆ ਹੈ ਜਿਹੜਾ ਕਿ ਅਮਰੀਕਾ ਲਈ ਬਹੁਤ ਜ਼ਰੂਰੀ ਹੈ।**

ਕਿ ਦੁਨੀਆਂ ਦੇ ਤੇਲ ਭੰਡਾਰਾਂ ਦਾ 2/3 ਹਿੱਸਾ ਇਸ ਖਿੱਤੇ ਵਿਚ ਪਿਆ ਹੈ ਜਿਹੜਾ ਕਿ ਅਮਰੀਕਾ ਲਈ ਬਹੁਤ ਜ਼ਰੂਰੀ ਹੈ। ਫਾਰਸ ਦੀ ਖਾੜੀ ਵਿਚਲਾ ਤੇਲ ਅਮਰੀਕਾ ਲਈ ਬੇਹਿਸਾਬ ਮੁਨਾਫੇ ਕਮਾਉਣੇ, ਪੱਛਮੀ ਸੱਨਅਤੀ ਦੇਸ਼ਾਂ ਲਈ ਲਾਜ਼ਮੀ ਊਰਜਾ (Essential Energy) ਦੇ ਸਸਤੇ ਸਾਧਨ ਵਜੋਂ ਅਤੇ ਅਮਰੀਕਾ ਨੂੰ ਪੱਛਮੀ ਸਾਮਰਾਜੀਆਂ ਦਾ ਲੀਡਰ ਬਰਕਰਾਰ ਰੱਖਣ ਵਿਚ ਬਹੁਤ ਹੀ ਜ਼ਰੂਰੀ ਹਥਿਆਰ ਹੈ। ਇਸੇ ਕਰਕੇ ਅਮਰੀਕਾ ਦੀ ਸਾਰੀ ਪੂੰਜੀਵਾਦੀ ਜਮਾਤ - ਡੈਮੋਕਰੈਟਿਕ ਅਤੇ ਰੀਪਬਲੀਕਨ ਦੋਵੇਂ- ਅਮਰੀਕਾ ਦੀ ਇਸ ਧੱਕੇਸ਼ਾਹੀ ਦੇ ਹੱਕ ਵਿਚ ਭੁਗਤ ਰਹੀ ਹੈ। ਮੱਧ-ਪੂਰਬ ਵਿਚਲਾ ਇਹ ਤੇਲ ਪਿਛਲੇ 40 ਸਾਲਾਂ ਤੋਂ ਪੱਛਮੀ ਸਾਮਰਾਜੀ ਆਰਥਿਕਤਾ ਨੂੰ ਕਾਇਮ ਰੱਖਣ ਵਿਚ ਦੋ ਮੁੱਖ ਢੰਗਾਂ ਰਾਹੀਂ ਸਹਾਈ ਹੋ ਰਿਹਾ ਹੈ: ਵੱਧ ਮੁਨਾਫ਼ੇ ਕਮਾਉਣ ਦਾ ਸਾਧਨ ਅਤੇ ਸਨਅਤ ਲਈ ਕੱਚੇਮਾਲ ਅਤੇ ਊਰਜਾ ਦਾ ਸਸਤਾ ਸਾਧਨ।

ਅਮਰੀਕਾ ਦੇ ਕੁੱਲ ਮੁਨਾਫੇ ਦਾ 22 ਪ੍ਰਤੀਸ਼ਤ ਹਿੱਸਾ ਦੁਨੀਆਂ ਵਿਚ ਲਗਾਈ ਪੂੰਜੀ ਤੋਂ ਬਣਦਾ ਹੈ ਜਿਸ ਵਿਚੋਂ 60 ਪ੍ਰਤੀਸ਼ਤ ਸਿੱਧਾ ਤੇਲ ਦੇ ਧੰਦੇ 'ਚੋਂ ਹੀ ਬਣਦਾ ਹੈ। ਇਸ ਸਾਰੀ ਆਮਦਨੀ ਦਾ ਵੱਡਾ ਹਿੱਸਾ ਖਾੜੀ ਵਿਚਲੇ ਤੇਲ ਨੂੰ ਸ਼ੁੱਧ ਕਰਨ ਅਤੇ ਵੇਚਣ ਦੇ ਧੰਦੇ ਤੋਂ ਆਉਂਦਾ ਹੈ। ਉਦਾਹਰਣ ਵਜੋਂ ਅਮਰੀਕਾ ਦੀਆਂ 10 ਵੱਡੀਆਂ ਤੇਲ ਕੰਪਨੀਆਂ ਵੱਲੋਂ ਤੇਲ ਦੀ ਕੁੱਲ ਦਰਾਮਦ (import) ਦਾ 30 ਪ੍ਰਤੀਸ਼ਤ ਫਾਰਸ ਦੀ ਖਾੜੀ ਵਿਚੋਂ ਆਉਂਦਾ ਹੈ। ਇਸੇ ਤਰ੍ਹਾਂ ਤੇਲ ਤੋਂ ਹੋਣ ਵਾਲੇ ਅਥਾਹ ਮੁਨਾਫਿਆਂ ਨੇ ਪੱਛਮੀ ਆਰਥਿਕਤਾ ਨੂੰ ਵਿਆਪਕ ਰੂਪ ਵਿਚ ਲਾਭ ਪਹੁੰਚਾਇਆ ਹੈ। ਦੁਨੀਆਂ ਦੇ ਕਿਸੇ ਵੀ ਹੋਰ ਹਿੱਸੇ ਨਾਲੋਂ ਮੱਧ ਪੂਰਬ ਦੇ ਦੇਸ਼ਾਂ ਵਿਚੋਂ ਤੇਲ ਕੱਢਣਾ ਸਸਤਾ ਪੈਂਦਾ ਹੈ - ਖਾਸ ਕਰਕੇ ਵਿਕਸਤ ਦੇਸ਼ਾਂ ਨਾਲੋਂ। ਇਸ ਦਾ ਵੱਡਾ ਕਾਰਨ ਹੈ ਸਸਤੀ ਮਜ਼ਦੂਰੀ। ਉਦਾਹਰਣ ਲਈ ਹਿੰਦੁਸਤਾਨ ਤੋਂ ਬਹਿਰੀਨ ਵਿਚ ਠੇਕੇ 'ਤੇ ਲਿਆਂਦੇ ਕਾਮਿਆਂ ਨੂੰ ਸਿਰਫ 75 ਡਾਲਰ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ।

ਫਾਰਸ ਦੀ ਖਾੜੀ ਵਿਚਲੇ ਤੇਲ ਦੇ ਖੂਹ ਅਮਰੀਕਾ ਵਿਚਲੇ ਖੂਹਾਂ ਨਾਲੋਂ 700 ਗੁਣਾ ਵੱਧ ਤੇਲ ਪੈਦਾ ਕਰਦੇ ਹਨ। ਅਮਰੀਕਾ ਵਿਚ ਇਕ ਖੂਹ 12.5 ਬੈਰਲ ਪ੍ਰਤੀ ਦਿਨ ਤੇਲ ਪੈਦਾ ਕਰਦਾ ਹੈ ਜਦ ਕਿ ਸਾਊਦੀ ਅਰਬ ਵਿਚ ਔਸਤਨ ਇਕ ਖੂਹ 5668 ਬੈਰਲ ਪ੍ਰਤੀ ਦਿਨ ਤੇਲ ਪੈਦਾ ਕਰਦਾ ਹੈ। ਯਾਨੀ ਕਿ ਅਮਰੀਕਾ ਨੂੰ ਉਤਨਾ ਹੀ ਤੇਲ ਪੈਦਾ ਕਰਨ ਲਈ 700 ਗੁਣਾ ਵੱਧ ਖੂਹ ਲਾਉਣੇ ਪੈਣਗੇ। ਖਾੜੀ ਵਿਚਲੇ ਤੇਲ ਦੀ ਮਹੱਤਤਾ 1970 ਤੋਂ ਬਾਅਦ ਬਹੁਤ ਤੇਜ਼ੀ ਨਾਲ ਵਧੀ ਹੈ। ਇਸ ਦੇ ਦੋ ਕਾਰਨ ਹਨ: (1) ਜਿਆਦਾ ਮਾਤਰਾ ਅਤੇ ਘੱਟ ਖਰਚਾ ਅਤੇ (2) ਜਿਸਦਾ ਤੇਲ 'ਤੇ ਕਬਜ਼ਾ ਉਸਦੀ ਦੁਨੀਆਂ 'ਤੇ ਸਰਦਾਰੀ। ਕਿਉਂਕਿ ਹੁਣ ਤੱਕ ਲੱਭੇ ਗਏ ਤੇਲ ਦਾ 2/3 ਹਿੱਸਾ ਇਸ ਖਿਤੇ ਵਿਚ ਹੈ ਅਤੇ ਇਹ ਦੇਸ਼ ਦੁਨੀਆਂ ਵਿਚ ਤੇਲ ਦੀ ਕੁੱਲ ਪੈਦਾਵਾਰ ਦਾ 30% ਤੇਲ ਕੱਢਦੇ ਹਨ। ਇਸ ਤਰ੍ਹਾਂ ਜਿਸਦੀ ਵੀ ਇਹਨਾ ਸੋਮਿਆਂ 'ਤੇ ਸਰਦਾਰੀ ਹੋਵੇਗੀ ਉਹ ਹੀ ਦੁਨੀਆਂ ਵਿਚ ਤੇਲ ਦੀ ਪੈਦਾਵਾਰ ਵਧਾ-ਘਟਾ ਸਕਦਾ ਹੈ। ਇਸੇ ਕਾਰਨ 1973-74 ਅਤੇ 1979 ਤੇ 81 ਵਿਚ ਤੇਲ ਦੀਆਂ ਤੇਜ਼ੀ ਨਾਲ ਵਧੀਆਂ ਕੀਮਤਾਂ ਨੇ ਦੁਨੀਆਂ ਦੀ ਆਰਥਿਕਤਾ ਵਿਚ ਮੰਦਵਾੜਾ ਲੈ ਆਂਦਾ ਸੀ। 1980 ਵਿਚ ਤੇਲ ਦੀ ਕੀਮਤ ਘਟਣ ਕਾਰਨ ਪੱਛਮੀ ਦੇਸ਼ਾਂ ਦੀ ਆਰਥਿਕਤਾ ਗਿਰਾਵਟ ਵੱਲ ਜਾਣ ਤੋਂ ਬਚੀ ਰਹੀ। ਹੁਣ ਵੀ ਤੇਲ ਦੀਆਂ ਕੀਮਤਾਂ 1972 ਤੋਂ ਲੈ ਕੇ ਇਰਾਕ ਦੇ ਕੁਵੈਤ 'ਤੇ ਹਮਲੇ ਤੱਕ ਦੇ ਸਾਰੇ ਸਾਲਾਂ ਨਾਲੋਂ ਘੱਟ ਸਨ ਜਿਸ ਕਰਕੇ ਅਮਰੀਕਾ ਦੀ ਮੱਧ-ਪੂਰਬ ਵਿਚਲੇ ਤੇਲ 'ਤੇ ਨਿਰਭਰਤਾ ਪਿਛਲੇ ਦਹਾਕੇ ਵਿਚ ਬਹੁਤ ਵਧ ਗਈ ਸੀ। 1973 ਵਿਚ ਅਮਰੀਕਾ ਦੇ ਘਰੇਲੂ ਤੇਲ ਦੀ ਪੈਦਾਵਾਰ 9 ਮਿਲੀਅਨ ਬੈਰਲ ਪ੍ਰਤੀ ਦਿਨ ਸੀ ਜਦੋਂ ਕਿ ਹੁਣ ਇਹ 7.6 ਮਿਲੀਅਨ ਬੈਰਲ ਪ੍ਰਤੀ ਦਿਨ ਰਹਿ ਗਈ ਹੈ ਅਤੇ ਬਾਹਰਲੇ ਤੇਲ ਦੀ ਦਰਾਮਦ 36 ਪ੍ਰਤੀਸ਼ਤ ਤੋਂ ਵਧ ਕੇ 50 ਪ੍ਰਤੀਸ਼ਤ ਹੋ ਗਈ ਹੈ। ਮੱਧ-ਪੂਰਬ ਤੋਂ ਦਰਾਮਦ ਕੀਤੇ ਜਾਂਦੇ ਤੇਲ ਵਿਚ ਬਹੁਤ ਵਾਧਾ ਹੋਇਆ ਹੈ। ਇਹ ਗਿਣਤੀ 1980 ਵਿਚ 8.5 ਪ੍ਰਤੀਸ਼ਤ ਸੀ ਜਿਹੜੀ ਕਿ ਹੁਣ 26.6 ਪ੍ਰਤੀਸ਼ਤ ਹੋ ਗਈ ਹੈ। ਅਮਰੀਕਾ ਵਿਚ ਤੇਲ ਦੀ ਪੈਦਾਵਾਰ ਵਿਚ ਕਟੌਤੀ ਇਸ ਕਰਕੇ ਨਹੀਂ ਕੀਤੀ ਜਾ ਰਹੀ ਕਿ ਉਥੇ ਤੇਲ ਘਟਦਾ ਜਾ ਰਿਹਾ ਹੈ ਜਾਂ ਇਹ ਆਪਣਾ ਤੇਲ ਸਾਂਭ ਕੇ ਰੱਖਣਾ ਚਾਹੁੰਦਾ ਹੈ, ਬਲਕਿ ਇਸ ਕਰਕੇ ਕੀਤੀ ਜਾ ਰਹੀ ਹੈ ਕਿ ਘਰੇਲੂ ਤੇਲ ਕੱਢਣ 'ਤੇ ਜ਼ਿਆਦਾ ਖਰਚਾ ਆਉਂਦਾ ਹੈ ਅਤੇ ਹਰ ਸਾਲ ਲਗਭਗ 18000 ਖੂਹ ਬੰਦ ਕਰ ਦਿੱਤੇ ਜਾਂਦੇ ਹਨ ਭਾਵੇਂ ਕਿ ਉਨ੍ਹਾਂ ਵਿਚੋਂ ਸਿਰਫ ਤੀਜਾ ਹਿੱਸਾ ਹੀ ਤੇਲ ਕੱਢਿਆ ਗਿਆ ਹੁੰਦਾ ਹੈ। ਇਹਨਾਂ ਬੰਦ ਪਏ ਖੂਹਾਂ ਵਿਚ ਕੋਈ 300 ਬਿਲੀਅਨ ਬੈਰਲ ਤੇਲ ਅਜੇ ਪਿਆ ਹੈ। ਇਕ ਸਰਵੇ ਅਨੁਸਾਰ ਅਮਰੀਕਾ ਕੋਲ ਲੱਗਭਗ 1800 ਬਿਲੀਅਨ ਬੈਰਲ ਤੇਲ ਦੇ ਭੰਡਾਰ ਹਨ ਜਿਹੜੇ ਕਿ ਖਾੜੀ ਵਿਚਲੇ ਕੁੱਲ ਤੇਲ ਦੇ ਭੰਡਾਰਾਂ ਨਾਲੋਂ ਤਿੰਨ ਗੁਣਾ ਵੱਧ ਹਨ।

**ਜਿਉਂ ਜਿਉਂ ਪੱਛਮੀ ਆਰਥਿਕਤਾ ਦੀ ਮੱਧ-ਪੂਰਬ ਵਿਚਲੇ ਤੇਲ 'ਤੇ ਨਿਰਭਰਤਾ ਵਧ ਰਹੀ ਹੈ ਤਿਉਂ ਤਿਉਂ ਹੀ ਇਸ ਖਿੱਤੇ 'ਤੇ ਸਰਦਾਰੀ ਕਾਇਮ ਕਰਨ ਲਈ ਸੰਘਰਸ਼ ਤਿੱਖਾ ਹੁੰਦਾ ਜਾ ਰਿਹਾ ਹੈ।**

1948 ਅਤੇ 1960 ਦੇ ਦਰਮਿਆਨ ਪੱਛਮੀ ਪੂੰਜੀਵਾਦੀਆਂ ਦੇ ਫਾਰਸ ਦੀ ਖਾੜੀ ਵਿਚਲੇ ਤੇਲ ਨੂੰ ਸ਼ੁੱਧ ਕਰਨ ਅਤੇ ਵੇਚਣ ਦੇ ਧੰਦੇ ਵਿਚੋਂ 12.8 ਬਿਲੀਅਨ ਡਾਲਰ ਕਮਾਏ ਜਦੋਂ ਕਿ ਅਸਲੀ ਖਰਚਾ ਸਿਰਫ਼ 1.3 ਬਿਲੀਅਨ ਡਾਲਰ ਸੀ। ਇਸ ਤੋਂ ਵੱਡਾ ਮੁਨਾਫ਼ਾ ਹੋਰ ਕਿਹੜੇ ਧੰਦੇ 'ਚੋਂ ਹੋ ਸਕਦਾ ਹੈ? 1989 ਵਿਚ ਦੁਨੀਆਂ ਦੀਆਂ 500 ਵੱਡੀਆਂ ਕਾਰਪੋਰੇਸ਼ਨਾਂ ਵਿਚੋਂ 52 ਕਾਰਪੋਰੇਸ਼ਨਾਂ ਉਹ ਤੇਲ ਕੰਪਨੀਆਂ ਸਨ ਜਿੰਨ੍ਹਾਂ ਦੀ ਸਾਲਾਨਾ ਵਿਕਰੀ (sale) 758 ਬਿਲੀਅਨ ਡਾਲਰ ਸੀ। ਅਮਰੀਕਾ ਦੀਆਂ 14 ਵੱਡੀਆਂ ਕਾਰਪੋਰੇਸ਼ਨਾਂ ਵਿਚੋਂ 7 ਕਾਰਪੋਰੇਸ਼ਨਾਂ ਉਹ ਤੇਲ ਕੰਪਨੀਆਂ ਸਨ ਜਿੰਨ੍ਹਾ ਨੇ 1989 ਵਿਚ 248 ਬਿਲੀਅਨ ਡਾਲਰ ਦਾ ਤੇਲ ਵੇਚਿਆ ਅਤੇ 14 ਬਿਲੀਅਨ ਡਾਲਰ ਮੁਨਾਫਾ ਕਮਾਇਆ ਜਿਹੜਾ ਕਿ ਇਹਨਾ 14 ਮੁੱਖ ਕਾਰਪੋਰੇਸ਼ਨਾਂ ਵਲੋਂ ਕਮਾਏ ਗਏ ਮੁਨਾਫੇ ਦਾ 37 ਪ੍ਰਤੀਸ਼ਤ ਹੈ।

## ਕਬਜ਼ਾ ਕਰਨ ਦੀ ਲਾਲਸਾ:

ਜਿਉਂ ਜਿਉਂ ਪੱਛਮੀ ਆਰਥਿਕਤਾ ਦੀ ਮੱਧ-ਪੂਰਬ ਵਿਚਲੇ ਤੇਲ 'ਤੇ ਨਿਰਭਰਤਾ ਵਧ ਰਹੀ ਹੈ ਤਿਉਂ ਤਿਉਂ ਹੀ ਇਸ ਖਿੱਤੇ 'ਤੇ ਸਰਦਾਰੀ ਕਾਇਮ ਕਰਨ ਲਈ ਸੰਘਰਸ਼ ਤਿੱਖਾ ਹੁੰਦਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਇਸ ਖਿੱਤੇ ਵਿਚ ਉੱਠ ਰਹੀ ਹਰ ਵਿਰੋਧੀ ਤਾਕਤ ਨੂੰ ਦਬਾ ਦੇਣਾ ਚਾਹੁੰਦਾ ਹੈ। ਖਾਸ ਕਰਕੇ ਲੋਕ ਉਭਾਰ ਨੂੰ ਜਿਹੜਾ ਕਿ ਉੱਥੋਂ ਦੇ ਸਥਾਨਕ ਹਾਕਮਾਂ ਅਤੇ ਸਾਮਰਾਜ ਦੇ ਖਿਲਾਫ਼ ਉੱਠ ਰਿਹਾ ਹੈ। ਭਾਵੇਂ ਕਿ ਇਸ ਖਾੜੀ ਵਿਚਲੇ ਦੇਸ਼ਾਂ ਨੂੰ ਤੇਲ ਦੀ ਪੈਦਾਵਾਰ ਵਧਾਉਣ ਦੀਆਂ ਸਾਰੀਆਂ ਸੁਵਿਧਾਵਾਂ (facilities) ਪ੍ਰਾਪਤ ਹਨ ਅਤੇ ਇਹ ਇਸ ਤੋਂ ਕਰੋੜਾਂ ਡਾਲਰ ਕਮਾਉਂਦੇ ਵੀ ਹਨ, ਫਿਰ ਵੀ ਇਹ ਦੇਸ਼ ਆਰਥਕ ਪੱਖੋਂ ਸਾਮਰਾਜ 'ਤੇ ਹੀ ਨਿਰਭਰ ਕਰਦੇ ਹਨ ਕਿਉਂਕਿ ਇਹਨਾਂ ਦੀ ਸਾਰੀ ਆਰਥਿਕਤਾ ਤੇਲ 'ਤੇ ਨਿਰਭਰ ਹੈ ਅਤੇ ਤੇਲ ਨੂੰ ਸ਼ੁੱਧ ਕਰਨ ਅਤੇ ਵੰਡਣ (Refining and distribution) ਦਾ ਸਾਰਾ ਕੰਟਰੋਲ ਪੱਛਮੀ ਦੇਸ਼ਾਂ ਕੋਲ ਹੈ। 1981 ਵਿਚ ਦੁਨੀਆਂ ਦੇ ਕੁੱਲ ਤੇਲ ਦੀ ਵਿੱਕਰੀ ਦਾ 82 ਪ੍ਰਤੀਸ਼ਤ ਪੱਛਮੀ ਬਹੁ-ਕੌਮੀ ਕੰਪਨੀਆਂ ਰਾਹੀਂ ਵੇਚਿਆ ਗਿਆ।

ਇਜ਼ਰਾਈਲ, ਮਿਸਰ, ਤੁਰਕੀ ਅਤੇ ਪਾਕਿਸਤਾਨ ਨੂੰ ਅਮਰੀਕਾ ਵੱਲੋਂ ਹਰ ਸਾਲ 6.5 ਬਿਲੀਅਨ ਡਾਲਰ ਆਰਥਿਕ ਅਤੇ ਮਿਲਟਰੀ ਸਹਾਇਤਾ ਵਜੋਂ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਅਮਰੀਕਾ ਆਪਣੇ ਇਨ੍ਹਾਂ ਚਾਰ ਮੁੱਖ ਗਾਹਕਾਂ ਨੂੰ ਹਰ ਸਾਲ ਕਰੋੜਾਂ ਡਾਲਰਾਂ ਦੇ ਹਥਿਆਰ ਵੀ ਮੁਹੱਈਆਂ ਕਰਦਾ ਹੈ। 1977 ਤੋਂ 1987 ਤੱਕ ਅਮਰੀਕਾ ਨੇ ਇਹਨਾਂ ਦੇਸ਼ਾਂ ਨੂੰ 34 ਬਿਲੀਅਨ ਡਾਲਰ ਦੇ ਹਥਿਆਰ ਵੇਚੇ। ਹਰੇਕ ਸਾਲ ਅਮਰੀਕਾ ਦੇ ਕੁੱਲ ਮਿਲਟਰੀ ਬੱਜਟ 'ਚ 15 ਪ੍ਰਤੀਸ਼ਤ (ਲਗਭਗ 40 ਬਿਲੀਅਨ ਡਾਲਰ) ਮੱਧ-ਪੂਰਬ ਵਿਚ ਲੜਾਈ ਲਗਾਉਣ ਅਤੇ ਹੋਰ ਉਥਲ-ਪੁਥਲ ਕਰਵਾਉਣ 'ਤੇ ਖਰਚ ਹੁੰਦਾ ਹੈ।

## ਇਰਾਕ ਦਾ ਕੁਵੈਤ 'ਤੇ ਹਮਲਾ ਅਤੇ ਅਮਰੀਕਾ ਦਾ ਪ੍ਰਤੀਕਰਮ:

ਇਰਾਕ ਦਾ ਰਾਜ ਪ੍ਰਬੰਧ ਇਕ ਅਜਿਹਾ ਸ਼ਾਸ਼ਨ ਹੈ ਜਿਹੜਾ ਕਿ ਪੱਛਮੀ ਅਤੇ ਸੋਵੀਅਤ ਸਾਮਰਾਜੀਆਂ ਨਾਲ ਬੱਝਿਆ ਹੋਇਆ ਹੈ। ਅਮਰੀਕਾ ਨੇ ਇਰਾਕ ਨੂੰ ਕਰੋੜਾਂ ਡਾਲਰਾਂ ਦਾ ਘਾਟਾ ਪੈ ਰਿਹਾ ਸੀ। ਇਰਾਕ ਦਾ ਕੁਵੈਤ 'ਤੇ ਇਹ ਵੀ ਇਲਜ਼ਾਮ ਹੈ ਕਿ ਉਸਨੇ ਬਾਰਡਰ ਦੇ ਇਲਾਕੇ 'ਚੋਂ ਇਰਾਕ ਦਾ ਕੋਈ 1.4 ਬਿਲੀਅਨ ਡਾਲਰ ਦਾ ਤੇਲ ਚੋਰੀ ਕੱਢ ਲਿਆ ਹੈ। ਇਸ ਹਮਲੇ ਅਤੇ ਕਬਜ਼ੇ ਨੇ ਸਪਸ਼ਟ ਤੌਰ 'ਤੇ ਅਮਰੀਕਾ ਦੇ ਹਿਤਾਂ ਨੂੰ ਠੇਸ ਪਹੁੰਚਾਈ ਹੈ। ਅਮਰੀਕਾ ਜਿਹੜਾ ਕਿ ਤੇਲ ਦੀ ਮੰਡੀ 'ਤੇ ਪੂਰੀ ਤਰ੍ਹਾਂ ਕਾਬਜ਼ ਰਹਿਣਾ ਚਾਹੁੰਦਾ ਹੈ - ਇਹ ਕਿਵੇਂ ਜਰ ਸਕਦਾ ਹੈ ਕਿ ਕੋਈ ਉਸਦੀ ਕੁਵੈਤ ਜਿਹੀ ਪਾਲਤੂ ਬਿੱਲੀ 'ਤੇ ਝਪਟ ਮਾਰੇ। ਇਸ ਕਰਕੇ ਸਾਦਿਮ-ਹੁਸੈਨ ਦਾ ਇਹ ਹਮਲਾ ਅਮਰੀਕਾ ਲਈ ਸਿੱਧੀ ਚਣੌਤੀ ਹੈ ਅਤੇ ਹੁਸੈਨ ਅਮਰੀਕਾ ਲਈ ਇਕ 'ਆਗਿਆਕਾਰੀ ਗਾਹਕ' ਤੋਂ ਬਦਲ ਕੇ ਬਾਗ਼ੀ ਗਾਹਕ (Unruly Client) ਬਣ ਗਿਆ ਹੈ।

## ਸੰਸਾਰ ਵਿਆਪੀ ਪ੍ਰਤੀਕਰਮ:

ਇਸ ਸਾਰੇ ਸੰਕਟ ਦੌਰਾਨ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚ ਸ਼ੁਰੂ ਹੋਈ 'ਨਵੀਂ ਭਾਈਵਾਲੀ' (New Partnership) ਹੋਰ ਪੱਕਿਆਂ ਹੋ ਰਹੀ ਹੈ। ਇਹ ਭਾਈਵਾਲੀ ਦੁਨੀਆਂ ਵਿਚ ਸ਼ਾਂਤੀ ਅਤੇ ਇਨਸਾਫ ਲਿਆਉਣ ਲਈ ਨਹੀਂ ਜਿਵੇਂ ਕਿ

**ਹਰੇਕ ਸਾਲ ਅਮਰੀਕਾ ਦੇ ਕੁੱਲ ਮਿਲਟਰੀ ਬੱਜਟ 'ਚ 15 ਪ੍ਰਤੀਸ਼ਤ (ਲਗਭਗ 40 ਬਿਲੀਅਨ ਡਾਲਰ) ਮੱਧ-ਪੂਰਬ ਵਿਚ ਲੜਾਈ ਲਗਾਉਣ ਅਤੇ ਹੋਰ ਉਥਲ-ਪੁਥਲ ਕਰਵਾਉਣ 'ਤੇ ਖਰਚ ਹੁੰਦਾ ਹੈ।**

ਇਸ ਤੋਂ ਇਲਾਵਾ ਇਹ ਦੇਸ਼ ਸਨਅਤੀ ਸਾਮਾਨ ਅਤੇ ਖਾਣ-ਪੀਣ ਦੀਆਂ ਸਾਰੀਆਂ ਵਸਤਾਂ ਮੁੱਖ ਤੌਰ 'ਤੇ ਪੱਛਮੀ ਦੇਸ਼ਾਂ ਤੋਂ ਖਰੀਦਦੇ ਹਨ। ਇਰਾਕ ਇਸ ਆਰਥਿਕ ਨਿਰਭਰਤਾ ਦੀ ਅਹਿਮ ਉਦਾਹਰਣ ਹੈ ਜਿਸਦੀ ਕਿ ਸਾਲਾਨਾ ਆਮਦਨੀ ਦਾ 95 ਪ੍ਰਤੀਸ਼ਤ ਤੇਲ ਦੀ ਵਿੱਕਰੀ ਤੋਂ ਪੂਰਾ ਹੁੰਦਾ ਹੈ ਅਤੇ ਜਿਸਨੂੰ ਖਾਣ-ਪੀਣ ਦਾ ਲਗਭਗ 70 ਪ੍ਰਤੀਸ਼ਤ ਬਾਹਰ ਤੋਂ ਮੰਗਵਾਉਣਾ ਪੈਂਦਾ ਹੈ।

ਦੂਸਰੀ ਗੱਲ ਇਹ ਹੈ ਕਿ ਅਮਰੀਕਾ ਨੇ ਇਸ ਖਿੱਤੇ ਵਿਚ ਥਾਂ ਥਾਂ 'ਤੇ ਆਪਣਾ ਫੌਜੀ ਜਾਲ ਵਿਛਾਇਆ ਹੋਇਆ ਹੈ। ਅਮਰੀਕਾ ਦੇ ਹਿਤਾਂ ਨੂੰ ਇਸ ਖਿੱਤੇ ਵਿਚ ਲਾਗੂ ਕਰਨ ਵਾਲੇ ਚਾਰ ਮੁੱਖ ਦੇਸ਼ਾਂ - ਇਰਾਨ ਨਾਲ ਲੜਾਈ ਜਿੱਤਣ ਵਿਚ ਅਥਾਹ ਮੱਦਦ ਦਿੱਤੀ ਜਿਸ ਕਾਰਨ ਇਰਾਕ ਪੱਛਮ ਦੇ ਕਾਫੀ ਨੇੜੇ ਹੋ ਗਿਆ ਸੀ। ਇਸ ਅੱਠ ਸਾਲ ਦੀ ਲੰਬੀ ਲੜਾਈ ਕਾਰਨ ਇਰਾਕ ਵਿਚ ਉਪਜੇ ਆਰਥਿਕ ਮੰਦਵਾੜੇ ਤੋਂ ਲੋਕਾਂ ਦਾ ਧਿਆਨ ਪਰ੍ਹੇ ਲਿਜਾਣ ਅਤੇ ਇਸ ਖਿੱਤੇ ਵਿਚ ਇਕ ਮੁੱਖ ਸ਼ਕਤੀ ਵਜੋਂ ਉਭਰਨ ਦੀ ਲਾਲਸਾ ਅਧੀਨ ਸਾਦਿਮ ਹੁਸੈਨ ਨੇ ਕੁਵੈਤ ਨੂੰ ਆਪਣੇ ਕਬਜ਼ੇ 'ਚ ਕਰ ਲਿਆ। ਇਰਾਕ ਦੇ ਹਮਲੇ ਤੋਂ ਪਹਿਲਾਂ ਕੁਵੈਤ ਪਹਿਲਾਂ ਨਾਲੋਂ ਦੁੱਗਣਾ ਤੇਲ ਪੈਦਾ ਕਰ ਰਿਹਾ ਸੀ ਜਿਸ ਕਰਕੇ ਤੇਲ ਦੀਆਂ ਕੀਮਤਾਂ ਡਿੱਗ ਰਹੀਆਂ ਸਨ। ਇਸ ਗੱਲ ਦਾ ਜਿੱਥੇ ਸਾਮਰਾਜੀ ਸ਼ਕਤੀਆਂ ਨੂੰ ਫਾਇਦਾ ਹੋ ਰਿਹਾ ਸੀ ਉਸਦੇ ਉਲਟ ਇਰਾਕ

ਅਮਰੀਕੀ ਅਤੇ ਸੋਵੀਅਤ ਲੀਡਰ ਢੌਂਗ ਰਚ ਰਹੇ ਹਨ। ਅਸਲ ਵਿਚ ਇਹ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਲੁੱਟ ਕਰਨ ਅਤੇ ਉਨ੍ਹਾਂ ਦੇਸ਼ਾਂ ਵਿਚ ਉਠ ਰਹੀਆਂ ਇਨਕਲਾਬੀ ਲਹਿਰਾਂ ਨੂੰ ਦਬਾਉਣ ਲਈ ਬਣਾਈ ਗਈ ਇਕ ਕੁਲੀਸ਼ਨ ਹੈ ਚਾਹੇ ਇਨ੍ਹਾਂ ਵਿਚ ਆਪਸੀ ਮੱਤਭੇਦ ਵੀ ਹਨ। ਜਦੋਂ ਸੋਵੀਅਤ ਯੂਨੀਅਨ ਇਹ ਦਾਅਵਾ ਕਰਦਾ ਹੈ ਕਿ ਉਹ ਇਸ ਸੰਕਟ ਦਾ ਕੋਈ ਸ਼ਾਂਤੀਪੂਰਵਕ ਹੱਲ ਚਾਹੁੰਦੇ ਹਨ ਅਤੇ ਨਾਲ ਹੀ ਸੋਵੀਅਤ ਲੀਡਰ ਇਹ ਵੀ ਕਹਿੰਦੇ ਹਨ ਕਿ ਅਗਰ U.N.O. ਆਗਿਆ ਦੇਵੇ ਤਾਂ ਉਹ ਇਰਾਕ ਦੇ ਖਿਲਾਫ਼ ਫੌਜਾਂ ਵੀ ਭੇਜਣਗੇ। ਇਹ ਕਿਹੋ ਜਿਹਾ 'ਸ਼ਾਂਤੀਪੂਰਵਕ' ਹੱਲ ਹੈ? ਅਸਲ ਵਿਚ ਸੋਵੀਅਤ ਯੂਨੀਅਨ

ਅਮਰੀਕਾ ਨਾਲ ਪਈ ਨਵੀਂ ਭਾਈਵਾਲੀ ਨੂੰ ਪੱਕਿਆਂ ਕਰਨਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਆਪ ਆਰਥਿਕ ਮੰਦਵ ਦੀ ਲੋੜ ਹੈ। ਦੂਸਰੀ ਗੱਲ ਇਹ ਕਿ ਪਿਛਲੇ ਸਮੇਂ ਦੌਰਾਨ ਜਰਮਨ ਅਤੇ ਜਾਪਾਨ ਦੀ ਆਰਥਿਕ ਸ਼ਕਤੀ ਬਹੁਤ ਵੱਧ ਜਾਣ ਕਾਰਨ ਅਮਰੀਕਾ ਦੀ ਦੁਨੀਆਂ ਅੰਦਰ 'ਸਰਦਾਰੀ' ਨੂੰ ਖੋਰਾ ਲੱਗਾ ਹੈ ਅਤੇ ਅਮਰੀਕਨ ਆਰਥਿਕਤਾ ਵਿਚ ਕਾਫੀ ਗਿਰਾਵਟ ਆਈ ਹੈ। ਫਾਰਸ ਦੀ ਖਾੜੀ ਵਿਚਲੇ ਮੌਜੂਦਾ ਸੰਕਟ ਨੂੰ ਆਪਣੇ ਹੱਕ ਵਿਚ ਵਰਤ ਕੇ ਅਮਰੀਕਾ ਆਪਣੀ ਖੁਸ ਰਹੀ ਸਰਦਾਰੀ (Supermacy) ਨੂੰ ਹਾਸਲ ਕਰਨ ਦਾ ਸੁਨਹਿਰੀ ਮੌਕਾ ਸਮਝਦਾ ਹੈ। ਇਰਾਕ ਦੀ ਗੋਡਣੀ ਲਵਾ ਕੇ ਅਮਰੀਕਾ ਇਹ ਸਿੱਧ ਕਰਨਾ ਚਾਹੁੰਦਾ ਹੈ ਕਿ ਸਿਰਫ ਅਤੇ ਸਿਰਫ ਉਹ ਹੀ ਦੁਨੀਆਂ ਵਿਚ ਇਕ ਐਸੀ ਤਾਕਤ ਹੈ ਜਿਸਦੀ ਛਤਰਛਾਇਆ ਹੇਠਾਂ ਯੂਰਪ ਅਤੇ ਜਾਪਾਨ ਦੀ ਤੇਲ ਦੀ ਸਪਲਾਈ ਸੁਰੱਖਿਅਤ ਰਹਿ ਸਕਦੀ ਹੈ। ਇਸ ਲਈ ਅਮਰੀਕਾ ਲਗਾਤਾਰ ਖਾੜੀ ਅੰਦਰ ਆਪਣੀ ਫੌਜੀ ਤਾਕਤ ਵਧਾਈ ਜਾ ਰਿਹਾ ਹੈ। ਸਿਰਫ਼ ਫੌਜੀ ਤਾਕਤ ਹੀ ਨਹੀਂ, ਹੁਣੇ ਹੁਣੇ ਹੀ ਅਮਰੀਕਾ ਨੇ ਸਾਊਦੀ ਅਰਬ ਨੂੰ ਕੋਈ 20 ਬਿਲੀਅਨ ਡਾਲਰ ਦੇ ਹੋਰ ਹਥਿਆਰ ਵੇਚੇ ਹਨ। ਇਸੇ ਤਰ੍ਹਾਂ ਇਜ਼ਰਾਈਲ ਵੀ ਹੁਣ ਇਸ ਤਰ੍ਹਾਂ ਦਾ ਬਹਾਨਾ ਬਣਾ ਕੇ ਹੋਰ ਹਥਿਆਰ ਖਰੀਦੇਗਾ। ਫਰਾਂਸ ਅਤੇ ਇੰਗਲੈਂਡ ਵੀ ਹੋਰ ਫੌਜਾਂ ਭੇਜ ਰਹੇ ਹਨ। ਆਮ ਲੋਕਾਂ ਦਾ ਖਿਆਲ ਹੈ ਕਿ 'ਇਹ ਸੋਚਣਾ ਬਿਲਕੁਲ ਨਿਰਮੂਲ (irrational) ਹੈ ਕਿ ਅਮਰੀਕਾ ਇਰਾਕ 'ਤੇ ਹਮਲਾ ਕਰੇਗਾ, ਕਿਉਂਕਿ ਲੜਾਈ ਲੱਗਣ ਨਾਲ ਤੇਲ ਦੇ ਸਾਰੇ ਭੰਡਾਰ ਤਬਾਹ ਹੋ ਜਾਣਗੇ, ਜਿਸ ਨਾਲ ਦੁਨੀਆਂ ਦਾ ਆਰਥਿਕ ਪ੍ਰਬੰਧ ਢਹਿ-ਢੇਰੀ ਹੋ ਜਾਵੇਗਾ।' ਇਹ ਸੱਭ ਕੁੱਝ ਜਾਂ ਇਸ ਤੋਂ ਵੀ ਵੱਧ ਕੁੱਝ ਵਾਪਰ ਸਕਦਾ ਹੈ। ਸਾਮਰਾਜੀ ਮਾਹਿਰਾਂ ਨੂੰ ਇਸਦਾ ਬੜਾ ਫਿਕਰ ਹੈ, ਪਰ ਇਸ ਤੋਂ ਵੀ ਵੱਧ ਫਿਕਰ ਅਮਰੀਕਾ ਨੂੰ ਫਾਰਸ ਦੀ ਖਾੜੀ ਅੰਦਰ ਖੁਸ ਰਹੇ ਆਪਣੇ ਕੰਟਰੋਲ ਦਾ ਹੈ ਅਤੇ ਆਪਣੀ ਸਰਦਾਰੀ ਨੂੰ ਬਰਕਰਾਰ ਰੱਖਣ ਲਈ ਇਹ ਲੜਾਈ ਛੇੜਨ ਵਿਚ ਕੋਈ ਸੰਕੋਚ ਨਹੀਂ ਕਰਨਗੇ। ਇਸ ਲਈ ਮੱਧ-ਪੂਰਬ ਵਿਚ ਲੜਾਈ ਦੀਆਂ ਸੰਭਾਵਨਾਵਾਂ ਹੋਰ ਤਿੱਖੀਆਂ ਹੋ ਰਹੀਆਂ ਹਨ। ਇਸੇ ਕਰਕੇ ਦੁਨੀਆਂ ਭਰ ਦੇ ਲੋਕਾਂ ਨੂੰ ਸਾਮਰਾਜੀ ਤਾਕਤਾਂ ਦੇ ਮਨਸੂਬਿਆਂ ਦੇ ਖਿਲਾਫ ਆਵਾਜ ਬੁਲੰਦ ਕਰਨੀ ਚਾਹੀਦੀ ਹੈ।

## ਵਤਨ ਦਾ ਇਕ ਹੋਰ ਪਾਠਕ ਬਣਾਉ


ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ-ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ

ਕਮਲਜੀਤ ਜੌਹਲ ਨੂੰ ਮਿਲੋ ਜਾਂ ਫੋਨ ਕਰੋ।

*BUY!... FINANCE!!!... LEASE!!! — IT'S YOUR CHOICE...*

**Kamaljit (Kam) Johal**

**Pager: 735-1035** **Res. 581-0728**

**ED KLASSEN** GM

Pontiac Buick GMC Ltd.


ਕਮਲਜੀਤ ਜੌਹਲ

**6280 SCOTT RD. SURREY, B.C. • CALL 594-2277**



ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

*New *Used * Trad-Ins Lowest Prices Guaranteed in B.C.

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA **Royal Furniture Ltd.** MasterCard

**2607 Main St. (at 10 th. ave.), Vancouver, B.C.** **Tel. 874-9525**

visa and master card accepted

**Lowest Prices Guaranteed In B.C.**

# Jay's Travel Ltd.

Edmonton, Alta.
Low world wide fares

*Holiday Travel * Car & Hotel Reservation * Airlines Tickets * Ticket Delivery * Business Travel * Travel Insurance * Cruises * Major Credit Cards Accepted

Specializing in Tours & Travel to Indian Subcontinent

ਘੱਟ ਤੋਂ ਘੱਟ ਕਿਰਾਏ ਵਿਚ ਦੁਨੀਆਂ ਭਰ ਲਈ ਟਿਕਟਾਂ ਖਰੀਦਣ ਲਈ ਚਲੇ ਆਓ। ਇੰਡੀਆ ਲਈ ਟੂਰ ਤੇ ਸੈਰ ਵਾਸਤੇ ਜਾਣ ਲਈ ਵਿਸ਼ੇਸ਼ ਸਹੂਲਤਾਂ ਹਨ।

9209 - 34th Ave. 10421 - 80th Ave.
461-6666 432-7017

Toll Free (Alberta) 1-800-262 9062

# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

**Ph: (403) 462-7555**

**General Paractice of Law including:**

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ (Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
Ph. (403) 436-7060
# 440-4445 Calgary Tr. South, Edmonton

*Millwood Office:*
9209-34th Ave. Edmonton
Alberta, T6E 5T5

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# Majestic Insurance Sales Corp.

Insurance brokers for all needs

* LIFE * DISABILITY * GROUP * HOMEOWNERS * AUTOMOBILE * COMMERCIAL * BUSINESS *

Amar B. Singh BSc. M.A.(Econ.)

9209 - 34 Ave.
Edmonton, Alberta T6E 5T5
Ph.: (403) 461-1996

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**

# ਤੇਲ ਦੇਖੋ, ਤੇਲ ਦੀ ਧਾਰ ਦੇਖੋ

## ਸ਼ਸ਼ੀ ਸਮੁੰਦਰਾ

ਚੈਕੋਸਲਵਾਕੀਆ ਦੇ ਹਰਮਨ ਪਿਆਰੇ ਨਾਟਕਕਾਰ ਤੇ ਹੁਣ ਦੇ ਪ੍ਰਧਾਨ ਵਾਕਲਵ ਹਾਵੇਲ ਨੂੰ ਇਕ ਅਮਰੀਕਨ ਪਤਰਕਾਰ ਨੇ ਇਕ ਇੰਟਰਵਿਊ ਲੈਂਦਿਆਂ ਪੁੱਛਿਆ:

"ਕੀ ਤੂੰ ਕਦੇ ਕਮਿਊਨਿਸਟ ਰਿਹਾ ਸੀ?"

"ਨਹੀਂ", ਸ਼ਾਂਤ ਚਿਹਰੇ ਵਾਲੇ ਹਾਵੇਲ ਨੇ ਜਵਾਬ ਦਿੱਤਾ, "ਕਦੇ ਵੀ ਨਹੀਂ"।

ਅੱਜ ਸਮਾਜਵਾਦੀ ਅਤੇ ਰਹਿ ਚੁੱਕੇ ਸਮਾਜਵਾਦੀ ਦੇਸ਼ਾਂ ਦੇ ਲੋਕਾਂ ਨੂੰ ਅਜਿਹਾ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਜੋ ਕਮਿਊਨਿਸਟ ਨਹੀ ਸਨ ਉਨ੍ਹਾਂ ਲਈ ਇਹਦਾ ਜਵਾਬ ਦੇਣਾ ਜਿੰਨਾ ਸੌਖਾ ਹੈ, ਕਮਿਊਨਿਸਟਾਂ ਲਈ ਉਤਨਾ ਹੀ ਔਖਾ। ਕਿਉਂਕਿ ਹਾਂ ਕਹਿੰਦਿਆਂ ਹੀ ਉਨ੍ਹਾਂ ਤੇ ਸਵਾਲਾਂ ਦੀ ਬੁਛਾੜ ਹੋਣ ਲੱਗਦੀ ਹੈ: ਪਰ ਕਿਉਂ? ਕੀ ਤੁਸੀਂ ਆਪਣੀ ਸਰਕਾਰ ਦੀਆਂ ਕਰਤੂਤਾਂ ਵਲੋਂ ਅੱਖਾਂ 'ਤੇ ਪੱਟੀ ਬੰਨੀ ਹੋਈ ਸੀ? ਜਾਂ, ਕੀ ਤੁਸੀਂ ਮੌਕਾ ਪ੍ਰਸਤ ਸੀ? ਜਾਂ ਫੇਰ, ਸ਼ਾਇਦ ਤੁਸੀਂ ਵੀ ਲੋਕਾਂ ਖ਼ਿਲਾਫ਼ ਕਿਸੇ ਸਰਕਾਰੀ ਸਾਜ਼ਿਸ਼ ਵਿਚ ਸ਼ਾਮਲ ਸੀ? ਵਗੈਰਾ, ਵਗੈਰਾ। ਤੇ ਫੇਰ ਉਹ ਜੋ ਕਮਿਊਨਿਸਟ ਸੀ, ਤੇ ਖਾਸ ਕਰਕੇ ਜੋ ਉਹ ਹਾਲੇ ਵੀ ਹੈ, ਬੇਸ਼ੱਕ ਕਿੰਨੀ ਵੀ ਇਮਾਨਦਾਰੀ ਨਾਲ ਪੁੱਛਣ ਵਾਲੇ ਦੇ ਸਵਾਲਾਂ ਦੇ ਜਵਾਬ ਦੇਵੇ, ਉਹਦਾ ਇਤਬਾਰ ਬਹੁਤ ਘੱਟ ਕੀਤਾ ਜਾਂਦਾ ਹੈ।

ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਦੀ ਰਾਜਨੀਤੀ ਵਿਚ ਇਕ ਵੱਡਾ ਭੁਚਾਲ ਆਇਆ ਹੈ, ਜੋ ਆਮ ਲੋਕਾਂ ਨੂੰ ਕਮਿਊਨਿਜ਼ਮ ਤੇ ਇਸ ਦੇ ਸਮਰਥਕਾਂ ਤੋਂ ਦੂਰ ਲੈ ਗਿਆ ਹੈ। ਇਸ ਦੇ ਦੋ ਵੱਡੇ ਕਾਰਨ ਹਨ- ਇਕ, ਆਰਥਿਕ ਤੰਗੀਆਂ, ਦੋ, ਨਿੱਜੀ ਆਜ਼ਾਦੀ 'ਤੇ ਰੁਕਾਵਟਾਂ। ਪਰ ਇਹ ਰੁਕਾਵਟਾਂ ਕਿਉਂ? ਲੈਨਿਨ ਜੀਹਨੇ ਸਮਾਜਵਾਦ ਨੂੰ ਇਕ ਸਿਆਸੀ ਰੂਪ ਦਿੱਤਾ, ਦਾ ਵਿਸ਼ਵਾਸ਼ ਸੀ ਕਿ ਸਮਾਜਵਾਦ ਦੀ ਸਫਲਤਾ ਤੇ ਸਮਾਜਿਕ ਬਰਾਬਰੀ ਲਈ ਸਿਰਫ ਇਕੋ ਪਾਰਟੀ ਦੀ ਖੁਦ-ਮੁਖਤਿਆਰੀ ਹੋਣੀ ਜ਼ਰੂਰੀ ਹੈ ਤਾਂ ਕਿ ਇਕੋ ਨਿਸ਼ਾਨੇ ਵਲ ਇਕੱਠੇ ਵਧਿਆ ਜਾ ਸਕੇ। ਅਤੇ ਉਸਦਾ ਇਹ ਵੀ ਖਿਆਲ ਸੀ ਕਿ ਇਹ ਪਾਰਟੀ ਪ੍ਰੋਲੇਤਾਰੀਆਂ ਦੀ ਹੋਵੇ। ਉਹਨੇ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦਾ ਸਮੱਰਥਨ ਕੀਤਾ ਤਾਂ ਕਿ ਬੁਰਜ਼ੂਆ ਜਮਾਤ ਮੌਕਾ ਮਿਲਦਿਆਂ ਹੀ ਕੰਟਰੋਲ ਨਾ ਸੰਭਾਲ ਸਕੇ। ਬਾਅਦ ਵਿਚ ਇਸ ਪਾਲਸੀ ਉੱਤੇ ਅਮਲ ਕਰਦਿਆਂ ਰਾਜ ਪ੍ਰਬੰਧ ਚਲਾਉਣ ਵਾਲੀ ਪਾਰਟੀ ਦੀਆਂ ਪਾਲਸੀਆਂ ਤੋਂ ਉਲਟ ਬੋਲਣ ਵਾਲਿਆਂ ਨੂੰ ਬੁਰਜ਼ੂਆ ਜਾਂ ਦੇਸ਼ ਧ੍ਰੋਹੀ ਆਖ ਖੂੰਜੇ ਲਗਾਇਆ ਜਾਣ ਲੱਗਾ। ਬੁਰਜ਼ੂਆ ਵਿਚਾਰਾਂ ਦਾ ਡਰ ਕਮਿਊਨਿਸਟਾਂ ਨੂੰ ਏਨਾਂ ਹੋਇਆ ਕਿ ਇਨ੍ਹਾਂ ਆਪਣੇ ਲੋਕਾਂ ਨੂੰ ਫ਼ਰਾਇਡ, ਜੁੰਗ, ਕਾਫਕਾ ਤੇ ਅਨੇਕਾਂ ਹੋਰ ਚੰਗੇ ਲੇਖਕਾਂ ਦੀਆਂ ਲਿਖਤਾਂ ਤੋਂ ਵਾਂਝਿਆਂ ਰੱਖਿਆ। ਆਪਣੇ ਕਈ ਲੇਖਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਛੱਡਣ ਲਈ ਮਜ਼ਬੂਰ ਹੋ ਗਏ। ਇਹ ਸੱਭ ਕਰਕੇ ਸਮਾਜਵਾਦੀ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੇ ਸੁਚੇਤ ਵਰਗ ਨੂੰ ਹੱਥੋਂ ਖੋਹ ਲਿਆ। ਜਦ ਕਿਸੇ ਦੇਸ਼ ਦਾ ਰਾਜਨੀਤਕ ਸਿਸਟਮ ਆਪਣੇ ਲੇਖਕਾਂ, ਕਲਾਕਾਰਾਂ ਤੇ ਬੁੱਧੀਜੀਵੀਆਂ ਦੀ ਨਜ਼ਰ 'ਚ ਗਲਤ ਹੋ ਜਾਂਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹਦੇ 'ਚ ਕਿਧਰੇ ਕੋਈ ਬਹੁਤ ਵੱਡੀ ਘਾਟ ਜ਼ਰੂਰ ਹੈ ਅਤੇ ਜਦ ਏਸ ਘਾਟ ਨੂੰ ਅੱਖੋਂ ਓਹਲੇ ਕਰਦਿਆਂ ਦੂਰ ਨਹੀਂ ਕੀਤਾ ਜਾਂਦਾ, ਤਾਂ ਇਹਦਾ ਓਹੋ ਹਸ਼ਰ ਹੁੰਦਾ ਹੈ ਜੋ ਅੱਜ ਹੋਇਆ ਹੈ।

ਏਥੇ ਸਾਨੂੰ ਆਮ ਲੋਕਾਂ ਦੀ ਮਾਨਸਿਕਤਾ 'ਤੇ ਵੀ ਰਤਾ ਝਾਤ ਮਾਰ ਲੈਣੀ ਚਾਹੀਦੀ ਹੈ। ਆਮ ਤੌਰ ਤੇ ਲੋਕ ਕਿਸੇ ਹੱਦ ਤੱਕ ਸੁਆਰਥੀ ਹੁੰਦੇ ਹਨ, ਤੇ ਲਾਲਚੀ ਵੀ। ਉਨ੍ਹਾਂ ਦੀਆਂ ਲੋੜਾਂ ਨਿੱਕੀਆਂ ਹੁੰਦੀਆਂ ਹਨ ਤੇ ਖਾਹਿਸ਼ਾਂ ਵੱਡੀਆਂ। ਜੋ ਕੁਝ ਉਨ੍ਹਾਂ ਕੋਲ ਹੁੰਦਾ ਹੈ, ਉਹ ਉਸ ਤੋਂ ਵੱਧ ਚਾਹੁੰਦੇ ਹਨ। ਪਰ ਕਮਿਊਨਿਜ਼ਮ ਤਾਂ ਲੋਕਾਂ ਨੂੰ ਏਸ ਦੇ ਉਲਟ ਚੱਲਣ ਲਈ ਪ੍ਰੇਰਦਾ ਹੈ। ਯੂਟੋਪੀਏ ਦੇ ਸੁਪਨੇ ਲੈਣ ਵਾਲਿਆਂ ਦਾ ਵਿਸ਼ਵਾਸ਼ ਸੀ ਕਿ ਇਕ ਦਿਨ ਅਜਿਹਾ ਆਏਗਾ ਜਦ ਲੋਕਾਂ ਦੀ ਚੇਤਨਾ ਉੱਥੇ ਪਹੁੰਚ ਜਾਏਗੀ ਜਿੱਥੇ ਪਹੁੰਚ ਉਹ ਨਿਜੀ ਸੁਆਰਥ ਤੇ ਲਾਲਚ ਬਾਰੇ ਸੋਚਣਾ ਹੀ ਛੱਡ ਦੇਣਗੇ। ਪਰ, ਕੀ ਇਹ ਸੰਭਵ ਹੈ? ਇਸ ਦਾ ਜਵਾਬ ਸਾਈਕਲੋਜੀਕਲ ਤੇ ਸੋਸ਼ਿਓਲੋਜੀਕਲ ਨੁਕਤਿਆਂ ਤੋਂ ਲੰਮੀਂ ਬਹਿਸ ਮੰਗਦਾ ਹੈ ਕਿ ਕੀ ਇਹ ਰੁਚੀਆਂ ਲੋਕਾਂ ਵਿਚ ਜਮਾਂਦਰੂ ਹਨ ਜਾਂ ਇਕ ਦੂਜੇ ਤੋਂ ਸਮਾਜ ਵਿਚ ਸਿੱਖੀਆਂ ਹੋਈਆਂ? ਫ਼ਿਲਹਾਲ, ਅਸੀਂ ਇਹ ਕਹਿ ਲੈਂਦੇ ਹਾਂ ਕਿ ਜੇ ਆਮ ਲੋਕਾਂ ਲਈ ਮਾਨਸਿਕਤਾ ਦੀ ਇਸ ਸਟੇਜ ਤੇ ਪਹੁੰਚ ਸਕਣਾ ਸੰਭਵ ਹੈ, ਤਾਂ ਵੀ ਤਸ਼ੱਦਦ ਦਾ ਜੋ ਤਰੀਕਾ ਕਮਿਊਨਿਸਟ ਸਰਕਾਰਾਂ ਨੇ ਚੁਣਿਆਂ ਇਹ ਯਕੀਨਨ ਗਲਤ ਸੀ। ਏਸੇ ਲਈ ਇਹ ਸੁਪਨਾ ਅੱਜ ਦਮ ਤੋੜ ਰਿਹਾ ਜਾਪਦਾ ਹੈ।

ਕਮਿਊਨਿਜ਼ਮ ਦੇ ਖਿਲਾਫ਼ ਉੱਠੀ ਲਹਿਰ ਅਤੇ ਇਸ ਸਿਸਟਮ ਅਧੀਨ ਆਈਆਂ ਤੰਗੀਆਂ ਤੁਰੱਟੀਆਂ ਨੂੰ ਵੇਖਕੇ ਅੱਜ ਹਰ ਪੱਖੋਂ ਹੀ ਏਹਦੇ ਖਿਲਾਫ਼ ਪ੍ਰਾਪੇਗੰਡਾ ਹੋ ਰਿਹਾ ਹੈ, ਤੇ ਅੱਖਾਂ ਮੀਟ ਕੇ

**ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਦੀ ਰਾਜਨੀਤੀ ਵਿਚ ਇਕ ਵੱਡਾ ਭੁਚਾਲ ਆਇਆ ਹੈ, ਜੋ ਆਮ ਲੋਕਾਂ ਨੂੰ ਕਮਿਊਨਿਜ਼ਮ ਤੇ ਇਸ ਦੇ ਸਮਰਥਕਾਂ ਤੋਂ ਦੂਰ ਲੈ ਗਿਆ ਹੈ।**

**ਸੋਵੀਅਤ ਯੂਨੀਅਨ ਦੇ ਫ਼ੈਕਟਰੀ ਵਰਕਰ ਪੂੰਜੀਵਾਦ ਵਾਲੀਆਂ ਸਹੂਲਤਾਂ ਚਾਹੁੰਦੇ ਹੋਏ ਵੀ ਫੈਕਟਰੀਆਂ ਵਗੈਰਾ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੇ ਪੱਖ ਵਿਚ ਨਹੀਂ ਹਨ।**

ਪੂੰਜੀਵਾਦ ਦਾ ਸਮੱਰਥਨ ਕੀਤਾ ਜਾ ਰਿਹਾ ਹੈ। ਇਸ ਤੋਂ ਕਈ ਸਵਾਲ ਉਠਾਏ ਜਾ ਸਕਦੇ ਹਨ। ਉਦਾਹਰਣ ਵਜੋਂ, ਅਸੀਂ ਪੁੱਛ ਸਕਦੇ ਹਾਂ ਕਿ ਕੀ ਅਮਰੀਕਾ ਦਾ ਫ਼ੈਕਟਰੀ ਵਰਕਰ ਸੋਵੀਅਤ ਯੂਨੀਅਨ ਦੇ ਫ਼ੈਕਟਰੀ ਵਰਕਰ ਨਾਲੋਂ ਆਰਥਿਕ ਪੱਖੋਂ ਖੁਸ਼ਹਾਲ ਹੈ? ਜਵਾਬ ਹੈ: ਨਹੀਂ। ਸਗੋਂ ਉਹਦੀ ਹਾਲਤ ਸੋਵੀਅਤ ਕਾਮੇਂ ਨਾਲੋਂ ਭੈੜੀ ਹੈ। ਇਹ ਠੀਕ ਹੈ ਕਿ ਉਹ 10-15 ਹਜ਼ਾਰ ਡਾਲਰ ਦੀ ਕਾਰ ਖਰੀਦ ਲੈਂਦਾ ਹੈ। ਪਰ ਉਹਨੂੰ ਇਹਦੀ ਕੀਮਤ ਕਿਸ਼ਤਾਂ 'ਚ ਤਾਰਦਿਆਂ ਅੱਠ, ਦਸ ਵਰ੍ਹੇ ਲੱਗ ਜਾਂਦੇ ਹਨ। ਤੇ ਉਦੋਂ ਤੱਕ ਸੈਕਿੰਡ ਹੈਂਡ ਕਾਰ ਦੀ ਕੀਮਤ ਘਟਕੇ ਇਕ ਹਜ਼ਾਰ ਡਾਲਰ ਜਾਂ ਇਸ ਤੋਂ ਵੀ ਘੱਟ ਰਹਿ ਜਾਂਦੀ ਹੈ। ਇੰਝ ਹੀ, ਜੇ ਉਹ ਮਾੜਾ-ਮੋਟਾ ਘਰ ਖਰੀਦ ਲੈਂਦਾ ਹੈ ਤਾਂ ਬਾਕੀ ਦੀ ਉਹਦੀ ਉਮਰ ਇਹਦੀਆਂ ਕਿਸ਼ਤਾਂ ਤਾਰਦਿਆਂ ਲੰਘ ਜਾਂਦੀ ਹੈ। ਉਹ ਉਪਰਲੀਆਂ ਜਮਾਤਾਂ ਵਾਂਗ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ 'ਚ ਪੜ੍ਹਾਉਣ ਦਾ ਸੁਪਨਾ ਵੀ ਨਹੀਂ ਲੈ ਸਕਦਾ, ਤੇ ਨਾ ਉਨ੍ਹਾਂ ਦੀ ਖੁਸ਼ਹਾਲੀ ਅਤੇ ਸਿਹਤ ਲਈ ਕੋਈ ਹੋਰ ਚੰਗੇ ਸਾਧਨ ਜੁਟਾ ਸਕਦਾ ਹੈ। ਪ੍ਰਾਈਵੇਟ ਵਿਉਪਾਰ ਜਿਹਦਾ ਮਕਸਦ ਹੀ ਮੁਨਾਫ਼ਾ ਹੈ, ਇਸ ਕਾਮੇ ਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਅਜਿਹੇ ਸਿਸਟਮ ਵਿਚ ਕੰਮ ਦੀ ਵੀ ਕੋਈ ਗਰੰਟੀ ਨਹੀਂ ਹੁੰਦੀ। ਜੇ ਤੁਸੀਂ ਮਸ਼ੀਨ ਨਾਲ ਮਸ਼ੀਨ ਬਣਕੇ ਕੰਮ ਨਹੀਂ ਕਰਦੇ, ਜਾਂ ਨਹੀਂ ਕਰ ਸਕਦੇ, ਤਾਂ ਤੁਹਾਡੀ ਥਾਂ ਤੁਹਾਡੇ ਤੋਂ ਵੱਧ ਕੰਮ ਕਰਨ ਵਾਲੇ ਨੂੰ ਤੁਰੰਤ ਰੱਖ ਲਿਆ ਜਾਵੇਗਾ। ਦੂਜੇ ਪਾਸੇ ਸੋਵੀਅਤ ਯੂਨੀਅਨ ਦਾ ਫ਼ੈਕਟਰੀ ਵਰਕਰ ਹੈ ਜਿਹਦੇ ਕੋਲ ਕੰਮ ਦੀ ਗਰੰਟੀ ਵੀ ਹੈ, ਤੇ ਸਸਤੇ ਮਕਾਨ ਦੀ ਵੀ। ਉਹਨੂੰ ਅਮਰੀਕੀ ਕਾਮੇਂ ਵਾਂਗ ਮਸ਼ੀਨ ਨਾਲ ਮਸ਼ੀਨ ਬਣ ਕੇ ਕੰਮ ਵੀ ਨਹੀਂ ਕਰਨਾ ਪੈਂਦਾ। ਅਮਰੀਕਾ ਦਾ ਫ਼ੈਕਟਰੀ ਵਰਕਰ ਜਿੰਨਾਂ ਕੰਮ ਇਕ ਦਿਹਾੜੀ 'ਚ ਕਰਦਾ ਹੈ, ਸੋਵੀਅਤ ਫ਼ੈਕਟਰੀ ਵਰਕਰ ਸ਼ਾਇਦ ਇਕ ਹਫ਼ਤੇ 'ਚ ਵੀ ਨਹੀਂ ਕਰਦਾ। ਇਹ ਸਹੀ ਹੈ ਕਿ ਸਮਾਜਵਾਦੀ ਦੇਸ਼ਾਂ ਵਿਚ ਇੰਜ ਧੀਮੀ ਰਫ਼ਤਾਰ ਨਾਲ ਕੰਮ ਕਰਨ ਤੇ ਜਿਆਦਾ ਲਾਗਤ ਨਿਕਲੇ ਹਨ ਜਿਵੇਂ, ਚੀਜ਼ਾਂ ਦੇ ਪੈਦਾ ਕਰਨ 'ਤੇ ਜਿਆਦਾ ਲਾਗਤ ਦਾ ਆਉਣਾ। ਅਸੂਲ ਕਰਕੇ ਪੂਰੇ ਦੇਸ਼ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਣਾ ਆਦਿ। ਪਰ ਇਹ ਸੱਚ ਹੈ ਕਿ ਇਨ੍ਹਾਂ ਵਾਰਕਰਾਂ ਦੀ ਜ਼ਿੰਦਗੀ ਅਮਰੀਕਾ ਦੇ ਵਰਕਰਾਂ ਨਾਲੋਂ ਸੁਖਾਲੀ ਹੈ। ਇਹੋ ਜਿਹੇ ਕਾਰਣਾ ਕਰਕੇ ਹੀ ਸੋਵੀਅਤ ਯੂਨੀਅਨ ਦੇ ਫ਼ੈਕਟਰੀ ਵਰਕਰ ਪੂੰਜੀਵਾਦ ਵਾਲੀਆਂ ਸਹੂਲਤਾਂ ਚਾਹੁੰਦੇ ਹੋਏ ਵੀ ਫੈਕਟਰੀਆਂ ਵਗੈਰਾ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੇ ਪੱਖ ਵਿਚ ਨਹੀਂ ਹਨ।

ਹੁਣ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਲੋਕਾਂ ਨੂੰ ਚੱਕੀ ਵਾਂਗ ਪੀਹਣਾ ਕੀ ਤਸ਼ੱਦਦ ਨਹੀਂ? ਹੈ, ਅਸੀਂ ਕਹਾਂਗੇ ਪਰ ਅਜਿਹੀ ਤਸ਼ੱਦਦ ਜੋ ਖੰਡ-ਮਿਸ਼ਰੀ ਵਿਚ ਲਪੇਟੀ ਹੋਈ ਹੈ, ਜੋ ਲੋਕਾਂ ਦੇ ਹੱਥਾਂ 'ਚ ਛਣਕਣੇ ਦੇ ਦੇ ਕੀਤੀ ਜਾਂਦੀ ਹੈ ਯਾਨੀ ਤੁਸੀਂ ਆਪਣੀ ਕਮਾਈ ਨਾਲ ਜੋ ਚਾਹੋਂ ਖਰੀਦ ਸਕਦੇ ਹੋ। ਤੇ ਤੁਸੀਂ ਫੇਰ ਉਨ੍ਹਾਂ ਚੀਜਾਂ ਲਈ ਚੱਕੀ ਵਾਂਗ ਪਿਸਦੇ ਰਹਿੰਦੇ ਹੋ।

ਇਸ ਤੋਂ ਪਹਿਲਾਂ ਕਿ ਅਸੀਂ ਹੁਣ ਹਰ ਗੱਲੋਂ ਅਮਰੀਕਾ ਦੇ ਪੂੰਜੀਵਾਦ ਦਾ ਸੱਮਰਥਨ ਕਰਦੇ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੂੰ ਨਕਾਰੀਏ ਸਾਨੂੰ ਦੋਹਾਂ ਦੀਆਂ ਕੁਝ ਅੰਦਰੂਨੀ ਸੱਚਾਈਆਂ ਤੇ ਵੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਇਹ ਤੱਥ ਇਸ ਪ੍ਰਕਾਰ ਹਨ: ਇਕ, ਸੋਵੀਅਤ ਯੂਨੀਅਨ ਦੀ ਆਬਾਦੀ ਅਮਰੀਕਾ ਤੋਂ ਜ਼ਿਆਦਾ ਹੈ ਪਰ ਉਪਜਾਊ ਜ਼ਮੀਨ ਬਹੁਤ ਘੱਟ। ਦੋ, ਸੋਵੀਅਤ ਯੂਨੀਅਨ ਟੈਕਨਾਲੋਜੀ ਪੱਖੋਂ ਅਮਰੀਕਾ ਤੋਂ ਪਿਛਾਂਹ ਹੈ। ਏਥੇ ਖੇਤੀ ਦਾ ਬਹੁਤਾ ਕੰਮ ਹਾਲੇ ਵੀ ਹੱਥੀਂ ਕੀਤਾ ਜਾਂਦਾ ਹੈ। ਇਸ ਨਾਲ ਆਮ ਲੋਕਾਂ ਨੂੰ ਰੁਜ਼ਗਾਰ ਤਾਂ ਮਿਲਿਆ ਪਰ ਸਮੁੱਚੇ ਦੇਸ਼ ਦੀ ਆਰਥਿਕ ਹਾਲਤ ਪਿਛਾਂਹ ਰਹੀ ਹੈ। ਤਿੰਨ, ਸੋਵੀਅਤ ਯੂਨੀਅਨ ਨੇ ਆਪਣੇ ਹਰ ਬਾਲਗ ਸ਼ਹਿਰੀ ਨੂੰ ਰੁਜ਼ਗਾਰ ਦਿੱਤਾ ਤੇ ਕਈ ਹੋਰ ਸਹੂਲਤਾਂ। ਅਮਰੀਕਨ ਸਰਕਾਰ ਨੇ ਅਜਿਹੀਆਂ ਬਹੁਤੀਆਂ ਜ਼ਿੰਮੇਵਾਰੀਆਂ ਪ੍ਰਾਈਵੇਟ ਸੈਕਟਰ 'ਤੇ ਛੱਡੀਆਂ ਹੋਈਆਂ ਹਨ। ਤੇ ਪ੍ਰਾਈਵੇਟ ਸੈਕਟਰ ਨੇ ਵਿਅਕਤੀਆਂ ਦੇ ਸਿਰ। ਇਸ ਤੋਂ ਭੂਹਾ ਦੌੜ ਵਾਲੀ ਹਾਲਤ ਬਣੀ ਹੋਈ ਹੈ ਲੋਕਾਂ ਦੀ। ਜੇ ਤੁਹਾਨੂੰ ਨੌਕਰੀ ਨਹੀਂ ਮਿਲਦੀ ਤਾਂ ਕਸੂਰ ਤੁਹਾਡਾ ਆਪਣਾ ਹੈ। ਇਸ ਦੀ ਹੋਰ ਕੋਈ ਜ਼ਿੰਮੇਂਵਾਰੀ ਨਹੀਂ ਲੈਂਦਾ। ਚਾਰ, ਦੋਹਾਂ ਦੇਸ਼ਾਂ ਦੀਆਂ ਵਿਦੇਸ਼ੀ ਪਾਲਸੀਆਂ ਵੀ ਵੱਖਰੀਆਂ ਹਨ। ਅਮਰੀਕਾ ਦੀਆਂ ਮਲਟੀ-ਨੈਸ਼ਨਲ ਕਾਰਪੋਰੇਸ਼ਨਾ ਦਾ ਦੂਜੇ ਦੇਸ਼ਾਂ ਵਿਚ ਜਾ ਕੇ ਅੱਡੇ ਜਮਾਉਣ ਦਾ ਮੁੱਖ ਮਕਸਦ ਮੁਨਾਫ਼ਾ ਹੈ ਜਦ ਕਿ ਸੋਵੀਅਤ ਯੂਨੀਅਨ ਦਾ ਮਕਸਦ ਤੀਜੇ ਸੰਸਾਰ ਦੇ ਦੇਸ਼ਾਂ ਦੀ ਮੱਦਦ ਕਰਨਾ ਰਿਹਾ ਹੈ ਤੇ ਸਮਾਜਵਾਸਦ ਵੱਲ ਪ੍ਰੇਰਨਾ ਵੀ। ਇਹਦਾ ਦੂਜੇ ਦੇਸ਼ਾਂ ਨਾਲ ਬਹੁਤਾ ਵਿਉਪਾਰ ਚੀਜਾਂ ਦਾ ਵਟਾਂ-ਸੱਟਾ ਸੀ। ਪੰਜ, ਅਮਰੀਕਾ ਨੂੰ ਦੁੱਨੀਆਂ ਭਰ ਦੇ, ਖਾਸ ਕਰਕੇ ਤੀਜੇ ਸੰਸਾਰ ਦੇ ਦੇਸ਼ਾਂ ਤੋਂ, ਡਾਕਟਰ, ਇੰਜਨੀਅਰ, ਸਾਇੰਸਦਾਨ ਤੇ ਹੋਰ ਮਾਹਿਰ ਮੁਫ਼ਤ ਹੀ ਮਿਲ ਜਾਂਦੇ ਹਨ। ਇਹ ਲੋਕ ਆਪਣੇ ਦੇਸ਼ਾਂ ਤੋਂ ਮੁਫ਼ਤ ਜਾਂ ਬਹੁਤ ਸਸਤੀ ਵਿੱਦਿਆ ਤੇ ਟ੍ਰੇਨਿੰਗ ਲੈ ਕੇ ਅਮੀਰ ਬਣਨ ਦੇ ਲਾਲਚ ਵਿਚ ਏਥੇ ਆ ਟਿਕਦੇ ਹਨ। ਉਦਾਹਰਣ ਵੱਜੋਂ, ਹਜਾਰਾਂ ਦੀ ਗਿਣਤੀ ਵਿਚ ਡਾਕਟਰ ਤੇ ਇੰਜਨੀਅਰ ਭਾਰਤ ਤੋਂ ਅਮਰੀਕਾ ਆਉਂਦੇ ਹਨ ਜਿਸ ਤੋਂ ਇਸ ਦੇਸ਼ ਨੂੰ ਲਾਭ ਹੁੰਦਾ ਹੈ ਪਰ ਭਾਰਤ ਨੂੰ ਬਹੁਤ ਘਾਟਾ। ਸੋਵੀਅਤ ਯੂਨੀਅਨ ਆਪਣੀਆਂ ਸਮਾਜਵਾਦੀ ਪਾਲਸੀਆਂ ਕਰਕੇ ਇਨ੍ਹਾਂ ਨੂੰ ਆਪਣੇ ਵੱਲ ਨਹੀਂ ਖਿੱਚ ਸਕਿਆ। ਛੇ, ਦੂਜੀ ਸੰਸਾਰ ਜੰਗ ਵੇਲੇ ਜਿੰਨੀ ਆਰਥਿਕ ਤੇ ਮਨੁਖੀ ਤਬਾਹੀ ਸੋਵੀਅਤ ਯੂਨੀਅਨ ਦੀ ਹੋਈ ਇਹਦੇ ਮੁਕਾਬਲੇ ਅਮਰੀਕਾ ਦਾ ਨੁਕਸਾਨ ਕੁਝ ਵੀ ਨਹੀਂ ਸੀ। ਤੇ ਫੇਰ ਲੜਾਈ ਪਿੱਛੋਂ ਅਮਰੀਕਾ ਨੇ ਸੋਵੀਅਤ ਯੂਨੀਅਨ ਦਾ ਆਰਥਿਕ ਬਾਈਕਾਟ ਕਰਕੇ ਸੀਤ ਜੰਗ ਸ਼ੁਰੂ ਕਰ ਲਈ। ਸੋਵੀਅਤ ਯੂਨੀਅਨ ਨੂੰ ਬਗੈਰ ਕਿਸੇ ਬਾਹਰੀ ਮਦੱਦ ਦੇ ਆਪਣੇ ਦੇਸ਼ ਦੀ ਮੁੜ ਉਸਾਰੀ ਆਪ ਹੀ ਕਰਨੀ ਪਈ। ਸੱਤ, ਇਹ ਤੇ ਕਈ ਗੈਰ ਕਾਰਣਾਂ ਦੇ ਬਾਵਜੂਦ ਸੋਵੀਅਤ ਯੂਨੀਅਨ ਨੂੰ ਤਕਰੀਬਨ ਅਮਰੀਕਾ ਜਿੰਨਾ ਹੀ ਖ਼ਰਚ

ਆਪਣੀ ਡਿਫ਼ੈਂਸ 'ਤੇ ਕਰਨਾ ਪਿਆ ਹੈ। ਇਕ ਸਮਾਜਵਾਦੀ ਪ੍ਰਬੰਧ ਜਿਹਦੀ ਆਸ਼ਾ ਹਰ ਪਾਸਿਓਂ ਮੁਨਾਫ਼ਾ ਖਟੱਣਾ ਨਹੀਂ ਹੁੰਦਾ, ਲਈ ਇੰਨਾ ਖ਼ਰਚ ਡਿਫ਼ੈਂਸ ਵਗੈਰਾ 'ਤੇ ਕਰਨਾ ਬਹੁਤ ਔਖਾ ਹੋਏਗਾ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਮਾਜਵਾਦ ਇਕ ਹਸੀਨ ਸੁਪਨਾ ਹੈ ਪਰ ਇਕ ਅਜਿਹਾ ਸੁਪਨਾ ਜੀਹਨੂੰ ਅੱਜ ਦੇ ਯੁੱਗ ਵਿਚ ਵੱਡੇ ਪੈਮਾਨੇ 'ਤੇ ਪ੍ਰੈਕਟੀਕਲ ਰੂਪ ਦੇ ਸਕਣਾ ਸ਼ਾਇਦ ਸੰਭਵ ਨਹੀਂ ਹੈ। ਅੱਜ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਇਹ ਜ਼ਰੂਰੀ ਹੋ ਗਿਆ ਹੈ ਕਿ ਏਸ ਵਿਚ ਕੁੱਝ ਤਬਦੀਲੀਆਂ ਕੀਤੀਆਂ ਜਾਣ। ਇਹੋ ਕਾਰਣ ਹੈ ਕਿ ਗੋਰਬਾਚੋਵ ਨੇ ਪੂੰਜੀਵਾਦੀ ਸਿਸਟਮ ਦੇ ਕੁੱਝ ਅੰਸ਼ ਯਾਨੀ ਫਰੀ ਮਾਰਕੀਟ ਤੇ ਫੈਕਟਰੀਆਂ ਵਗੈਰਾ ਦੀ ਪ੍ਰਾਈਵੇਟਾਈਜ਼ੇਸ਼ਨ ਕਰਨ ਦਾ ਫ਼ੈਸਲਾ ਕੀਤਾ ਹੈ। ਪਰ, ਕੀ ਇਹ ਸਮਾਜਵਾਦ ਦੇ ਖ਼ਾਤਮੇ ਦੀ ਨਿਸ਼ਾਨੀ ਹੈ ਜਾਂ ਪ੍ਰੈਕਟੀਕਲ ਸਮਾਜਵਾਦ ਵੱਲ ਇਕ ਕਦਮ? ਇਸ ਦਾ ਫ਼ੈਸਲਾ ਨਵੇਂ ਹਾਲਾਤ ਕਰਨਗੇ।

ਇਸ ਵੇਲੇ ਇਹ ਕਿਹਾ ਜਾ ਰਿਹਾ ਹੈ ਕਿ ਪੂੰਜੀਵਾਦੀ ਪ੍ਰਬੰਧ ਹੀ ਲੋਕਾਂ ਦਾ ਹਰ ਸੁਪਨਾ ਸਾਕਾਰ ਕਰ ਸਕਦਾ ਹੈ। ਪਰ ਜੇ ਪੂੰਜੀਵਾਦ ਹੀ ਹਰ ਮੁਸ਼ਕਿਲ ਦਾ ਹੱਲ ਹੈ ਤਾਂ ਅਮਰੀਕਾ ਵਰਗੀ ਧਨਾਢ ਮੁਲਕ ਵਿਚ ਵੀ ਏਨੀਆਂ ਲਾਹਣਤਾਂ ਕਿਉਂ ਹਨ? ਏਥੋਂ ਦੀ ਚਮਕ ਦਮਕ ਤੋਂ ਅੱਖਾਂ ਚੁੰਧਿਆਈ ਬੈਠੇ ਬਹੁਤੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਜਾਂ ਪ੍ਰਵਾਹ ਨਹੀਂ ਕਿ ਸਿਰਫ 25 ਕਰੋੜ ਦੀ ਆਬਾਦੀ ਵਾਲੇ ਇਸ ਵਿਸ਼ਾਲ ਮੁਲਕ ਵਿਚ 3.25 ਕਰੋੜ ਅਮਰੀਕਨ ਬੇਹੱਦ ਗਰੀਬ ਹਨ ਤੇ 6 ਲੱਖ ਬੇਰੁਜ਼ਗਾਰ। ਲੱਖਾਂ ਲੋਕ ਬੇਘਰ ਹਨ। ਸ਼ਹਿਰਾਂ ਦੇ ਸਲੱਮਜ਼ (ਝੌਂਪੜਪੱਟੀਆਂ) ਵਿਚ ਡਰੱਗਜ਼ ਤੇ ਹਿੰਸਾ ਇਸ ਹੱਦ ਤੱਕ ਹੈ ਕਿ ਇਧਰੋਂ ਦਿਨ ਦਿਹਾੜੇ ਲੰਘਦਿਆਂ ਵੀ ਡਰ ਲੱਗਦਾ ਹੈ। ਇਨ੍ਹਾਂ 15 ਵਰ੍ਹਿਆਂ ਦੇ ਅਰਸੇ ਵਿਚ 98% ਅਮਰੀਕਨਾ ਦੀ ਆਰਥਿਕ ਹਾਲਤ 40% ਨਿੱਘਰੀ ਹੈ ਜਦ ਕਿ 2%(ਲੱਖਾਂਪਤੀ) ਹੋਰ ਅਮੀਰ ਹੋਏ ਹਨ। ਹੁਣ ਇਹ ਪੁੱਛਿਆ ਜਾ ਸਕਦਾ ਹੈ ਕਿ ਕਰੋੜਪਤੀਆਂ ਦੇ ਇਸ ਮੁਲਕ ਵਿਚ ਵੀ ਏਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਇਹ ਹਾਲਤ ਕਿਉਂ ਹੈ? ਇਹਦਾ ਜਵਾਬ ਬੜਾ ਸਿੱਧਾ ਹੈ। ਉਹ ਇਹ ਕਿ ਪੂੰਜੀਵਾਦ ਦੀ ਬੁਨਿਆਦ ਹੀ ਆਰਥਿਕ ਨਾ-ਬਰਾਬਰੀ ਹੈ। ਸੋ ਅਮਰੀਕਾ ਦੇ ਪੂੰਜੀਵਾਦ ਦਾ ਚੇਹਰਾ ਬਾਹਰੋਂ ਵੇਖਿਆਂ ਹੋਰ ਲਗਦਾ ਹੈ ਤੇ ਅੰਦਰੋਂ ਵੇਖਿਆਂ ਹੋਰ। ਹੁਣ ਏਥੇ ਏਸ ਦੀ ਇਕ ਉਦਾਹਰਣ ਹੋਰ ਵੀ ਦੇਣੀ ਪਏਗੀ:- ਏਸੇ ਵੇਲੇ ਅਮਰੀਕਨ ਸਰਕਾਰ ਸਿਰ 3 ਲੱਖ ਕਰੋੜ ਡਾਲਰ ਕਰਜ਼ ਹੈ ਜਿਸ ਵਿਚੋਂ 50 ਹਜ਼ਾਰ ਕਰੋੜ ਡਾਲਰ ਵਿਦੇਸ਼ੀ ਕਰਜ਼ ਹੈ। ਏਨ੍ਹਾ ਕਰਜ਼ ਹੋਰ ਕਿਸੇ ਵੀ ਦੇਸ਼ ਦੇ ਸਿਰ ਨਹੀਂ ਹੈ। ਇਹ ਬਹੁਤਾ ਰੇਗਨ ਦੀਆਂ ਪਾਲਸੀਆਂ ਕਰਕੇ ਹੋਇਆ ਕਿਉਂਕਿ ਇਹਨੇ ਅਮੀਰਾਂ ਦੇ ਟੈਕਸ ਨਹੀਂ ਸਨ ਵਧਾਏ। ਤੇ ਡਿਫ਼ੈਂਸ 'ਤੇ ਚੋਖਾ ਖਰਚ ਕੀਤਾ। ਇਹਦਾ ਬੋਝ ਹੁਣ ਆਮ ਲੋਕਾਂ 'ਤੇ ਪਏਗਾ।

ਪਰ ਦੂਜੇ ਦੇਸ਼ਾਂ ਵਿਚ ਅਮਰੀਕਾ ਦਾ ਇਕ ਖਾਸ ਇਮੇਜ਼ ਬਣਿਆ ਹੋਇਆ ਹੈ। ਇਹ ਵੀ ਇਕ ਵੱਡਾ ਕਾਰਣ ਹੈ ਕਿ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਲੋਕ ਆਪਣੀਆਂ ਸਾਰੀਆਂ ਉਮੀਦਾਂ ਅਜਿਹੇ ਪ੍ਰਬੰਧ 'ਤੇ ਲਾਈ ਬੈਠੇ ਹਨ। ਪਰ ਕੀ ਇਹ ਉਮੀਦਾਂ, ਇਹ ਉਤਸ਼ਾਹ ਭੱਵਿਖ ਵਿਚ ਵੀ ਕਾਇਮ ਰਹਿਣਗੇ? ਅਸੀਂ ਉਮੀਦ ਕਰਾਂਗੇ ਕਿ ਇਹ ਹੋ ਸਕੇ। ਇਸ ਵੇਲੇ ਜੋ ਅਸੀਂ ਵੇਖ ਰਹੇ ਹਾਂ ਉਹ ਇਹ ਹੈ ਨਵੇਂ ਪ੍ਰਬੰਧ ਨੇ ਜਿੱਥੇ ਨਵੀਂ ਆਜ਼ਾਦੀ ਦਿੱਤੀ ਹੈ, ਉਮੀਦ ਦਿੱਤੀ ਹੈ, ਉੱਥੇ ਨਵੀਆਂ ਸਮੱਸਿਆਵਾਂ ਵੀ ਦੇ ਦਿੱਤੀਆਂ ਹਨ। ਉਦਾਹਰਣ ਵਜੋਂ, ਪੋਲੈਂਡ ਵਿਚ ਏਸੇ ਵੇਲੇ 4 ਲੱਖ ਲੋਕ ਬੇਰੁਜ਼ਗਾਰ ਘੁੰਮ ਰਹੇ ਹਨ ਅਤੇ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸਾਨਾ ਅਤੇ ਫੈਕਟਰੀਆਂ ਨੂੰ ਆਪਣਾ ਮਾਲ ਵੇਚਣ ਵਿਚ ਔਖ ਹੋ ਰਹੀ ਹੈ। ਚੀਜ਼ਾਂ ਦੀਆਂ ਕੀਮਤਾਂ ਵੀ ਚੜ੍ਹੀਆਂ ਹਨ। ਯਾਦ ਰਹੇ ਕਿ ਕਮਿਊਨਿਸਟ ਪ੍ਰਬੰਧ ਨੂੰ ਏਥੋਂ ਖਤਮ ਹੋਇਆਂ ਹਾਲੇ ਵਰ੍ਹਾ ਹੀ ਹੋਇਆ ਹੈ। ਇਨ੍ਹਾਂ ਦੇ ਵੇਲੇ ਇਹ ਲਾਹਣਤਾ ਏਥੇ ਨਹੀਂ ਸਨ।

***15 ਵਰ੍ਹਿਆਂ ਦੇ ਅਰਸੇ ਵਿਚ 98% ਅਮਰੀਕਨਾ ਦੀ ਆਰਥਿਕ ਹਾਲਤ 40% ਨਿੱਘਰੀ ਹੈ ਜਦ ਕਿ 2% (ਲੱਖਾਂਪਤੀ) ਹੋਰ ਅਮੀਰ ਹੋਏ ਹਨ।***

ਪੂੰਜੀਵਾਦ ਨੂੰ ਸ਼ਰਧਾ ਭਗਤੀ ਨਾਲ ਵੇਖਣ ਵਾਲਿਆਂ ਨੂੰ ਅਸੀਂ ਇਹ ਵੀ ਦੱਸ ਦੇਈਏ ਕਿ ਨਾ ਤਾਂ ਪੂੰਜੀਵਾਦ ਤੋਂ ਹਰ ਦੇਸ਼ ਵਿਚ ਲੋਕਾਂ ਨੂੰ ਰਜੱਵੀਂ ਰੋਟੀ ਮਿਲੀ ਹੈ ਤੇ ਨਾ ਸਮਾਜਵਾਦ ਤੋਂ ਹਰ ਥਾਂ ਤੰਗੀਆਂ ਤੋਟਾਂ। ਏਥੇ ਅਸੀਂ ਮੈਕਸੀਕੋ, ਬ੍ਰਾਜ਼ੀਲ, ਅਰਜਨਟੀਨਾ, ਚਿੱਲੀ, ਐਲ-ਸਲਵਾਡੋਰ, ਪੁਰਤਗਾਲ, ਫ਼ਿਲਿਪੀਨਜ਼ ਤੇ ਹੇਟੀ ਜਿਹੇ ਦੇਸ਼ਾਂ ਦੀਆਂ ਉਦਾਹਰਣਾਂ ਦੇ ਸਕਦੇ ਹਾਂ ਜਿੱਥੇ ਪੂੰਜੀਵਾਦੀ ਪ੍ਰਬੰਧ ਦੇ ਹੁੰਦਿਆਂ ਹੋਇਆਂ ਵੀ ਲੋਕ ਅੱਤਿ ਦੇ ਗਰੀਬ ਹਨ। ਇਨ੍ਹਾਂ ਦੇਸ਼ਾਂ ਸਿਰ ਵਿਦੇਸ਼ੀ ਕਰਜ਼ ਵੀ ਬਹੁਤ ਹੈ। ਪਰ ਦੂਜੇ ਪਾਸੇ ਨਿਕਰਾਗੁਆ ਤੇ ਕਿਊਬਾ ਜਿਹੇ ਦੇਸ਼ ਹਨ ਜਿੱਥੇ ਸਮਾਜਵਾਦੀ ਪ੍ਰਬੰਧ ਦੇ ਆਉਣ ਨਾਲ ਲੋਕਾਂ ਦੀ ਆਰਥਿਕ ਹਾਲਤ ਸੁਧਰੀ ਹੈ। ਕੈਸਟਰੋ ਦੀਆਂ ਕਮਿਊਨਿਸਟ ਪਾਲਸੀਆਂ ਏਨੀਆਂ ਕਾਮਯਾਬ ਹਨ ਕਿ ਕਿਊਬਾ ਨੂੰ ਲਤੀਨੀ ਅਮਰੀਕਾ ਦੀ 'ਮਿੰਨੀ ਸੁਪਰ ਮਾਰਕੀਟ' ਕਿਹਾ ਜਾਂਦਾ ਹੈ। ਅਜਿਹੀਆਂ ਕਈ ਹੋਰ ਉਦਾਹਰਣਾ ਦਿੱਤੀਆਂ ਜਾ ਸਕਦੀਆਂ ਹਨ।

ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇ ਸਮਾਜਵਾਦ ਨੂੰ ਪੂਰਬੀ ਯੂਰਪ ਵਿਚ ਮੁਸ਼ਕਿਲਾਂ ਆਈਆਂ ਤੇ ਜੇ ਅੱਜ ਸੋਵੀਅਤ ਯੂਨੀਅਨ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ ਤਾਂ ਅਮਰੀਕਾ ਵੀ ਹਮੇਸ਼ਾਂ ਸੰਕਟ ਮੁਕਤ ਨਹੀਂ ਰਿਹਾ। ਇਹਨੂੰ ਅਜਿਹੀਆਂ ਛੋਟੀਆਂ-ਮੋਟੀਆਂ ਔਕੜਾਂ ਬਹੁਤ ਵਾਰ ਆਈਆਂ ਹਨ। ਪਰ 29 ਅਕਤੂਬਰ 1929 ਦੇ ਦਿਨ ਇਸ ਆਰਥਿਕ ਸੰਕਟ ਦਾ ਅਤੀ ਭਿਆਨਕ ਚੇਹਰਾ ਇਹਨੇ ਵੇਖਿਆ ਜਦ ਪੂਰੀ ਸਟਾਕ ਮਾਰਕੀਟ ਹੀ ਮੂਧੇ ਮੂੰਹ ਜਾ ਪਈ। ਦੇਸ਼ ਭਰ ਵਿਚ ਬੈਂਕ ਬੰਦ ਹੋ ਗਏ। 'ਵਾਲ ਸਟਰੀਟੀਏ' ਧਾਹਾਂ ਮਾਰ ਮਾਰ ਕੇ ਰੋਏ। ਹੈਰਾਨ-ਪ੍ਰੇਸ਼ਾਨ ਹੁੰਦੇ ਆਮ ਲੋਕ ਹੋਰ ਵੀ ਫਿਕਰਾਂ ਵਿਚ ਡੁੱਬ ਗਏ। ਸਮਾਂ ਪਾ ਕੇ ਹੌਲੀ ਹੌਲੀ ਕੁਝ ਉਮੀਦ ਬਣਨ ਹੀ ਲੱਗੀ ਸੀ ਕਿ 1932 ਵਿਚ ਇਕ ਵਾਰੀ ਫੇਰ ਅਮਰੀਕਾ ਨੂੰ ਅੱਤ ਦੀਆਂ ਆਰਥਿਕ ਔਕੜਾਂ ਆ ਪਈਆਂ। ਘੱਟੋ ਘੱਟ 40% ਲੋਕ ਬੇਰੁਜ਼ਗਾਰ ਹੋ ਗਏ। ਪੂੰਜੀਵਾਦ ਦਾ ਇਹ ਹਾਲ ਵੇਖ ਅੰਗ੍ਰੇਜ਼ ਆਰਥਿਕ ਵਿਗਿਆਨੀ ਕੇਅਨਜ਼ (John maynard keynes) ਬੜਾ ਨਿਰਾਸ਼ ਹੋਇਆ ਕਿਉਂਕਿ ਐਡਮ ਸਮਿੱਥ ਵਰਗੇ ਕਲਾਸੀਕਲ ਆਰਥਿਕ ਵਿਗਿਆਨੀਆਂ ਦਾ ਕਹਿਣਾ ਕਿ ਪੂੰਜੀਵਾਦੀ

ਪ੍ਰਬੰਧ ਅਧੀਨ ਦੇਸ਼ ਦੀ ਆਰਥਿਕ ਹਾਲਤ ਹੇਠਾਂ ਜਾ ਹੀ ਨਹੀਂ ਸਕਦੀ ਗਲਤ ਸਾਬਿਤ ਹੋਇਆ। ਅਮਰੀਕਾ ਨੂੰ ਆਰਥਿਕ ਮੰਦਹਾਲੀਂ ਚੋਂ ਕੱਢਣ ਦਾ ਬੀੜਾ ਚੁੱਕੀ ਉਹ ਅਮਰੀਕਾ ਆਇਆ ਤੇ ਪ੍ਰੈਜ਼ੀਡੈਂਟ ਰੋਜ਼ ਵੈਲਟ ਨੂੰ ਨਵੀਆਂ (ਸਮਾਜਵਾਦੀ)

**ਜੇ ਪੂੰਜੀਵਾਦ ਹੀ ਹਰ ਮੁਸ਼ਕਿਲ ਦਾ ਹੱਲ ਹੈ ਤਾਂ ਅਮਰੀਕਾ ਵਰਗੇ ਧਨਾਢ ਮੁਲਕ ਵਿਚ ਵੀ ਏਨੀਆਂ ਲਾਹਣਤਾਂ ਕਿਉਂ ਹਨ ?**

ਪਾਲਸੀਆਂ ਅਖ਼ਤਿਆਰ ਕਰਨ ਦੀ ਸਲਾਹ ਦਿੱਤੀ। ਰੋਜ਼ ਵੈਲਟ ਨੇ ਕੇਅਨਜ਼ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਉਹਦੇ ਦੱਸੇ ਕੁਝ ਪ੍ਰੋਗਰਾਮ ਪਹਿਲਾਂ ਹੀ ਸ਼ੁਰੂ ਕੀਤੇ ਹੋਏ ਸਨ ਪਰ ਹੁਣ ਇਹ ਪ੍ਰੋਗਰਾਮ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਏ। ਅਮਰੀਕਨ ਸਰਕਾਰ ਨੇ (ਨਵੀਂ ਕਰੰਸੀ ਬਣਾ ਕੇ) ਸਰਕਾਰੀ ਖਰਚੇ 'ਤੇ ਲੋਕਾਂ ਨੂੰ ਰੁਜ਼ਗਾਰ ਦਿੱਤੇ। ਥਾਂ ਥਾਂ ਪੁਲ, ਸੜਕਾਂ ਆਦਿ ਬਣਨ ਲੱਗੇ। ਤੇ ਅਜਿਹੇ ਕਈ ਹੋਰ ਪ੍ਰੋਗਰਾਮ ਚੱਲੇ। ਏਸ ਨਾਲ ਦੇਸ਼ ਦੀ ਆਰਥਿਕ ਹਾਲਤ ਸੁਧਰੀ। ਤੇ ਫ਼ੇਰ ਜੇ ਪੂੰਜੀਵਾਦ ਹੀ ਹਰ ਮੁਸ਼ਕਿਲ ਦਾ ਹੱਲ ਹੈ ਤਾਂ ਅਮਰੀਕਾ ਵਰਗੇ ਧਨਾਢ ਮੁਲਕ ਵਿਚ ਵੀ ਏਨੀਆਂ ਲਾਹਣਤਾਂ ਕਿਉਂ ਹਨ? ਏਥੇ ਵੀ ਹਰ ਚੀਜ਼ ਰਾਸ਼ਨ ਤੇ ਮਿਲਣ ਲੱਗੀ। ਫ਼ੈਕਟਰੀਆਂ ਵਿਚ ਜੰਗ ਦਾ ਸਾਮਾਨ ਧੜਾ ਧੜ ਤਿਆਰ ਹੋਣ ਲੱਗਾ। ਮਰਦ ਲੜਾਈ ਵਿਚ ਚਲੇ ਗਏ ਤੇ ਔਰਤਾਂ ਫ਼ੈਕਟਰੀਆਂ ਵਿਚ ਜੰਗ ਦਾ ਸਾਮਾਨ ਬਣਾਉਣ ਲੱਗ ਪਈਆਂ। ਏਸ ਸਭ ਕੁੱਝ ਤੋਂ ਅਮਰੀਕਾ ਆਰਥਿਕ ਤੌਰ ਤੇ ਮੁੜ ਆਪਣੇ ਪੈਰਾਂ ਤੇ ਖੜ੍ਹਾ ਹੋਇਆ। ਸੋ ਜੇ ਅੱਜ ਸੋਵੀਅਤ ਯੂਨੀਅਨ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ ਤਾਂ ਇਹ ਵੀ ਏਸ ਦਾ ਕੋਈ ਨਾ ਕੋਈ ਹੱਲ ਲੱਭ ਹੀ ਲਏਗਾ।

ਪਰ ਇਸ ਵੇਲੇ ਹੋਰ ਸਭ ਕੁੱਝ ਭੁੱਲ ਭੁਲਾ ਕੇ ਲੋਕਾਂ ਦਾ ਧਿਆਨ ਪੂਰਬੀ ਯੂਰਪ, ਸੋਵੀਅਤ ਯੂਨੀਅਨ ਤੇ ਅਮਰੀਕਾ ਦੇ ਵਰਤਮਾਨ ਤੇ ਲੱਗਾ ਹੋਇਆ ਹੈ। ਸ਼ਾਇਦ ਸਾਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਇਹ ਸੱਭ ਵੇਖ ਅਮਰੀਕਨ ਸਰਕਾਰ ਬਹੁਤ ਖ਼ੁਸ਼ ਹੈ। ਇਹ ਅੱਡੀ-ਚੋਟੀ ਦਾ ਜ਼ੋਰ ਲਾਕੇ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸੱਭ ਦੇਸ਼ਾਂ ਨੂੰ ਅਮਰੀਕਾ ਜਿਹਾ ਪੂੰਜੀਵਾਦੀ ਪ੍ਰਬੰਧ ਹੀ ਅਪਨਾਉਣਾ ਚਾਹੀਦਾ ਹੈ। ਤੇ ਕਮਿਉਨਿਜ਼ਮ ਖਿਲਾਫ਼ ਬੋਲਣ ਵਾਲਿਆਂ ਨੂੰ ਹਰ ਤਰ੍ਹਾਂ ਦੀ ਹੱਲਾ-ਸ਼ੇਰੀ ਵੀ ਦਿੱਤੀ ਜਾ ਰਹੀ ਹੈ। ਅਮਰੀਕਾ ਦੇ ਤਜ਼ਰਬੇਕਾਰ ਪੂਰਬੀ ਯੂਰਪੀਅਨ ਦੇਸ਼ਾਂ ਵਿਚ ਜਾ ਕੇ ਉੱਥੇ ਦੇ ਨਵੇਂ ਸਿਆਸਤਦਾਨਾ ਨੂੰ 'ਡੈਮੋਕ੍ਰੈਟਿਕ ਸਿਸਟਮ' ਤੇ ਖੁੱਲ੍ਹੇ ਵਿਉਪਾਰ ਆਦਿ ਦੀ ਟ੍ਰੇਨਿੰਗ ਦੇ ਰਹੇ ਹਨ। ਪਰ ਇਹ ਕਰਦਿਆਂ ਇਨ੍ਹਾਂ ਨੂੰ ਕਈ ਮੁਸ਼ਕਿਲਾਂ ਵੀ ਆ ਰਹੀਆਂ ਹਨ। ਵੱਖਰੇ ਸਿਸਟਮ ਤੇ ਕਲਚਰ ਵਿਚ ਜੰਮਿਆਂ-ਪਲਿਆਂ ਹੋਣ ਕਾਰਨ ਇਨ੍ਹਾਂ ਸਿਆਸਤਦਾਨਾ ਨੂੰ ਪੂਰੀ ਤਰ੍ਹਾਂ ਨਾਲ ਸਮਝ ਵੀ ਨਹੀਂ ਆ ਰਹੀ। ਏਸ ਬਾਰੇ ਅਮਰੀਕਾ ਦਾ ਰੋਜ਼ਾਨਾ ਅਖ਼ਬਾਰ 'ਵਾਲ ਸਟਰੀਟ' ਆਪਣੇ 26 ਜਨਵਰੀ 1990 ਦੇ ਇਕ ਆਰਟੀਕਲ ਵਿਚ ਹੰਗਰੀ ਦੇ ਨਵੇਂ-ਸਿਆਸਤਦਾਨਾ ਬਾਰੇ ਲਿਖਦਾ ਹੈ: 'ਬਹੁਤੇ ਨੌਜੁਆਨ ਡੈਮੋਕ੍ਰੈਟਿਕ ਨੁਮਾਇੰਦੇ ਵੇਖਣ ਨੂੰ ਅਮਰੀਕਨ ਸਟਾਈਲ ਦੇ ਖੱਬੇ ਪੱਖੀ ਰੈਡੀਕਲ ਲਗਦੇ ਹਨ, ਪਰ ਉਹ ਗੱਲਾਂ 'ਰੇਗਨਾਈਟਸ' ਕਰਦੇ ਹਨ। ਆਪਣੇ ਭਾਰੇ ਛੱਤਿਆਂ ਹੇਠ ਉਹ ਕੱਟੜ ਕਮਿਉਨਿਸਟ ਵਿਰੋਧੀ ਤੇ ਪੱਕੇ ਖੁੱਲ੍ਹੇ ਵਿਉਪਾਰ ਪੱਖੀ ਹਨ।' ਸੋ ਇਨ੍ਹਾਂ ਨੂੰ ਟੀ.ਵੀ. ਅੱਗੇ ਪੂੰਜੀਵਾਦ ਦੇ ਪੱਖ ਵਿਚ ਕੀ ਤੇ ਕਿਵੇਂ ਕਹਿਣਾ ਹੈ ਤੋਂ ਇਲਾਵਾ ਛੋਟੇ ਵਾਲ ਕਟਵਾ ਕੇ, ਸੂਟ ਨੈਕੱਟਾਈਆਂ ਪੁਆ ਕੇ ਨਵੀਂ ਸ਼ਕਲ (ਲੋਕ) ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਉਨ੍ਹਾਂ ਦੇ ਸੱਜੇ-ਪੱਖੀ ਹੋਣ ਦਾ ਲੋਕਾਂ ਤੇ ਵਧੇਰੇ ਅਸਰ ਹੋਵੇ।

ਇਹਨਾ ਸਿਆਸਤਦਾਨਾਂ 'ਚੋਂ ਕੁਝ ਪੂੰਜੀਵਾਦ ਬਾਰੇ ਜ਼ਿਆਦਾ ਹੀ ਜੋਸ਼ 'ਚ ਆ ਕੇ ਆਪਣੀਆਂ ਤਸਵੀਰਾਂ ਟੋਰੀ ਪਰਾਈਮ ਮਨਿਸਟਰ ਥੈਚਰ ਨਾਲ ਖਿੱਚਾਉਣ ਲਈ ਇੰਗਲੈਂਡ ਜਾ ਪਹੁੰਚੇ। ਅਮਰੀਕਾ ਦੇ ਡੈਮੋਕ੍ਰੈਟਸ, ਜੋ ਉਂਜ ਇਨ੍ਹਾਂ ਦੇ ਸਮਰੱਥਕ ਸਨ, ਇਹ ਜਾਣ ਕੇ ਝੁੰਜਲਾ ਗਏ ਤੇ ਆਖਣ ਲੱਗੇ, 'ਕੀ ਇਨ੍ਹਾਂ ਨੂੰ ਪਤਾ ਹੈ ਇਹ ਕੀ ਕਰ ਰਹੇ ਹਨ? ਦਾਹਵਾ ਕਰਨਾ ਡੈਮੋਕ੍ਰੈਟਸ ਹੋਣ ਦਾ ਤੇ ਤਸਵੀਰਾਂ ਖਿਚੱਾਉਣੀਆਂ ਕੰਜ਼ਰਵਟਿਵ ਟੋਰੀਆਂ ਨਾਲ?!' ਸ਼ਾਇਦ ਪਤਾ ਹੈ ਅਗਲਿਆਂ ਨੂੰ ਕਿ ਉਹ ਕੀ ਕਰ ਰਹੇ ਹਨ। ਸ਼ਾਇਦ ਨਹੀਂ। ਇਕ ਗੱਲ ਜ਼ਰੂਰ ਹੈ ਕਿ ਅਗਲੇ ਨਵੇਂ ਨਵੇਂ ਚਾਅ ਵਿਚ ਉਹ ਸੱਭ ਕੁੱਝ ਕਰ ਰਹੇ ਹਨ ਜੋ ਉਨ੍ਹਾਂ ਨੂੰ ਖੱਬੇ-ਪੱਖੀਆਂ ਤੋਂ ਦੂਰ ਲਿਜਾਂਦਾ ਹੈ, ਤੇ ਪੱਛਮ ਨਾਲ ਜੋੜਦਾ ਹੈ। ਉਹ ਚਾਹੇ ਫ਼ੇਰ ਥੈਚਰ ਹੋਵੇ ਤੇ ਚਾਹੇ ਹੋਵੇ ਰੇਗਨ।

ਪੂਰਬੀ ਯੂਰਪ ਤੇ ਸੋਵੀਅਤ ਯੂਨੀਅਨ ਦੇ ਲੋਕ ਪੂੰਜੀਵਾਦੀ ਸਿਸਟਮ ਬਾਰੇ ਠੀਕ ਬਹੁਤ ਉਲਾਰ ਜਾਪਦੇ ਹਨ। ਪਰ ਬਹੁਤੇ ਕਮਿਉਨਿਸਟ ਵੀ ਤਾਂ ਕਮਿਉਨਿਜ਼ਮ ਬਾਰੇ ਇੰਜ ਹੀ ਉਲਾਰ ਹੁੰਦੇ ਸੋਚਦੇ ਰਹੇ ਹਨ। ਜੇ ਪੂੰਜੀਵਾਦੀਆਂ ਵਾਂਗ ਇਹ ਵੀ ਆਪਣੇ ਲੋਕਾਂ ਦੀਆਂ ਵੱਧ ਤੋਂ ਵੱਧ ਲੋੜਾਂ ਪੂਰੀਆਂ ਕਰਨ ਵਿਚ ਸਫਲ ਹੋ ਜਾਂਦੇ ਤਾਂ ਇਨ੍ਹਾਂ ਦਾ ਉਲਾਰ ਹੋਣਾ ਵੀ ਪੁੱਗ ਜਾਣਾ ਸੀ। ਪਰ ਅੱਜ ਇਨ੍ਹਾ ਲਈ ਆਪਣੇ ਪੱਖ ਵਿਚ ਦੂਜਿਆਂ ਦਾ ਦਿਲ ਜਿੱਤਣਾ ਔਖਾ ਹੋ ਰਿਹਾ ਹੈ। ਸੋਵੀਅਤ ਯੂਨੀਅਨ ਵਿਚ ਏਸ ਵੇਲੇ ਰੋਜ਼ਾਨਾ ਦੇ ਮੀਟ ਤੇ ਸਬਜ਼ੀ ਤੋਂ ਲੈ ਕੇ ਛੋਟੀਆਂ ਮੋਟੀਆਂ ਅਯਾਸ਼ੀ (Luxury) ਦੀਆਂ ਚੀਜ਼ਾਂ ਲਈ ਲੋਕ ਤਰਸਦੇ ਹਨ। ਪਰ ਦੂਜੇ ਪਾਸੇ ਅਮਰੀਕਾ ਹੈ ਜਿੱਥੇ ਚੀਜ਼ਾਂ ਦਾ ਹੜ੍ਹ ਆਇਆ ਹੋਇਆ ਹੈ। ਰੋਜ਼ਾਨਾ ਜੀਵਨ ਦੀਆਂ ਵਸਤਾਂ ਵਾਜਬ ਕੀਮਤਾਂ ਦੀਆਂ ਹਨ, ਤੇ ਚੰਗੀ ਕੁਐਲਿਟੀ ਦੀਆਂ ਵੀ। ਕਪੜੇ-ਲੱਤੇ ਤੋਂ ਲੈ ਕੇ ਬਹੁਤੇ ਅਯਾਸ਼ੀ ((Luxury) ਦੇ ਸਾਮਾਨ ਦੀਆਂ ਕੀਮਤਾਂ ਵੀ ਆਮ ਲੋਕਾਂ

**ਪੂਰਬੀ ਯੂਰਪ ਤੇ ਸੋਵੀਅਤ ਯੂਨੀਅਨ ਦੇ ਲੋਕ ਪੂੰਜੀਵਾਦੀ ਸਿਸਟਮ ਬਾਰੇ ਠੀਕ ਬਹੁਤ ਉਲਾਰ ਜਾਪਦੇ ਹਨ। ਪਰ ਬਹੁਤੇ ਕਮਿਉਨਿਸਟ ਵੀ ਤਾਂ ਕਮਿਉਨਿਜ਼ਮ ਬਾਰੇ ਇੰਜ ਹੀ ਉਲਾਰ ਹੁੰਦੇ ਸੋਚਦੇ ਰਹੇ ਹਨ।**

ਦੀ ਪਹੁੰਚ ਵਿਚ ਹਨ। ਅਮਰੀਕਾ ਦੀਆਂ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਦੱਖਣੀ ਕੋਰੀਆਂ, ਤਾਏਵਾਨ ਤੇ ਹੋਰ ਕਈ ਤੀਜੇ ਸੰਸਾਰ ਦੇ ਦੇਸ਼ਾਂ ਵਿਚ , ਜਿੱਥੇ ਮਜ਼ਦੂਰੀ ਬਹੁਤ ਸਸਤੀ ਹੈ, ਤੋਂ ਬਹੁਤਾ ਮਾਲ ਤਿਆਰ ਕਰਵਾ ਕੇ ਅਮਰੀਕਾ ਨੂੰ ਇਮਪੋਰਟ .

(ਆਯਾਤ) ਕਰਦੀਆਂ ਹਨ। ਇਸ ਤਰੀਕੇ ਉਹ ਚੀਜ਼ਾਂ ਦੀਆਂ ਕੀਮਤਾਂ ਥੋੜ੍ਹੀਆਂ ਰੱਖ ਕੇ ਵੀ ਵਾਹਵਾ ਮੁਨਾਫ਼ਾ ਖੱਟਦੀਆਂ ਹਨ। ਸੋ ਗਾਹਕ ਵੀ ਖੁਸ਼, ਦੁਕਾਨਦਾਰ ਵੀ ਖੁਸ਼ ਤੇ ਸਾਨੂੰ ਦਸਿਆ ਜਾਂਦਾ ਹੈ ਕਿ ਏਸ ਤੋਂ ਦੂਜੇ ਦੇਸ਼ਾਂ ਦੀ ਮਦੱਦ ਵੀ ਹੋ ਜਾਂਦੀ ਹੈ। (ਖੱਬੇ ਰੈਡੀਕਲਾਂ ਦਾ ਵਿਚਾਰ ਹੈ ਕਿ ਗਰੀਬਾਂ ਦੀ ਮਦੱਦ ਕਰਨ ਦੀ ਬਜਾਏ ਕਾਰਪੋਰੇਸ਼ਨਾ ਉਨ੍ਹਾਂ ਨੂੰ ਐਕਸਪੁਲਾਏਟ ਕਰਦੀਆਂ ਹਨ। ਉਹ ਇਸਦੇ ਅਨੇਕਾਂ ਕਾਰਣ ਦੱਸਦੇ ਹਨ.....) ਏਸ ਪੱਖੋਂ ਅਮਰੀਕਾ ਦਾ ਪੂੰਜੀਵਾਦੀ ਪ੍ਰਬੰਧ ਬਿਨਾ ਸ਼ੱਕ ਬੜਾ ਕਾਮਯਾਬ ਰਿਹਾ ਹੈ। ਤੇ ਦੂਜੇ ਦੇਸ਼ਾਂ ਦੇ ਲੋਕਾਂ ਦਾ ਏਸ ਤੋਂ ਏਨਾ ਪ੍ਰਭਾਵਿਤ ਹੋਣਾ ਬੜਾ ਮੁਤਾਬਿਕ ਜਾਪਦਾ ਹੈ।

ਸ਼ਾਇਦ ਹੀ ਕੋਈ ਅਜਿਹੀ ਚੀਜ਼ ਹੋਵੇ ਜਿਹੜੀ ਅਮਰੀਕਾ ਵਿਚ ਨਾ ਮਿਲਦੀ ਹੋਵੇ। ਨਿੱਤ ਨਵੀਆਂ ਚੀਜ਼ਾਂ ਧੜਾ ਧੜ ਦੁਕਾਨਾਂ ਵਿਚ ਆਉਂਦੀਆਂ ਹਨ, ਤੇ ਏਸੇ ਸਪੀਡ ਨਾਲ ਇਹ ਵਿਕਦੀਆਂ ਹਨ। ਪੂੰਜੀਵਾਦ ਦੇ ਟ੍ਰੈਂਡ ਵਿਉਪਾਰੀਆਂ, ਕਈ ਤਰ੍ਹਾਂ ਦੇ ਚਲਾਕ ਤਰੀਕਿਆਂ ਨਾਲ ਇਕ ਤਕੜੀ ਕਨਸੀਊਮਰ (ਖਪਤਕਾਰੀ) ਮਾਰਕੀਟ ਬਣਾਈ ਹੋਈ ਹੈ, ਜਿਸ ਕਰਕੇ ਅਮਰੀਕਨਾ ਦੀ ਮਾਨਸਿਕ ਲੋੜ ਨਿੱਤ ਖਰੀਦਦਾਰੀ ਕਰਨਾ ਹੋ ਗਿਆ। (ਸਮਾਜ ਵਿਗਿਆਨੀ ਏਸ ਦੇ ਕਾਰਣ ਨਾ ਖੁਸ਼ੀ ਤੇ ਬੋਰੀਅਤ ਵੀ ਦੱਸਦੇ ਹਨ।) ਨਤੀਜੇ ਵਜੋਂ ਇਹਨਾਂ ਦੇ ਘਰਾਂ ਵਿਚ ਲੋੜੋਂ ਕਿਤੇ ਵੱਧ ਚੀਜ਼ਾਂ ਹੁੰਦੀਆਂ ਹਨ। ਜਿਨ੍ਹਾਂ ਨੂੰ ਫੇਰ ਇਹ ਤੰਗ ਆ ਕੇ ਜਾਂ ਤਾਂ ਟਕਿਆਂ ਦੇ ਭਾਅ ਗਰਾਜ ਸੇਲਾਂ ਲਗਾ ਕੇ ਵੇਚ ਦਿੰਦੇ ਹਨ, ਜਾਂ ਦਾਨ ਸੰਸਥਾਵਾਂ ਨੂੰ ਦੇ ਦਿੰਦੇ ਹਨ, ਤੇ ਜਾਂ ਕੂੜੇ ਵਿਚ ਸੁੱਟ ਦਿੰਦੇ ਹਨ। (ਇਸ ਸੱਭ ਕੁਝ ਦੀ ਲੋੜ ਲੋਕਾਂ ਨੂੰ ਹੋਵੇ ਜਾਂ ਨਾ ਹੋਵੇ, ਫ਼ਰੀ ਮਾਰਕੀਟ ਦੀ ਕਾਮਯਾਬੀ ਉਨ੍ਹਾਂ ਦੀਆਂ ਜੇਬ੍ਹਾਂ ਖਾਲੀ ਕਰਨ ਵਿਚ ਹੈ।

ਅਮਰੀਕਾ ਦੇ ਪੂੰਜੀਵਾਦ ਨੇ ਆਪਣੇ ਲੋਕਾਂ ਨੂੰ ਚੀਜ਼ਾਂ ਨਾਲ ਲੱਦ ਤਾਂ ਜ਼ਰੂਰ ਦਿੱਤਾ ਹੈ ਪਰ ਨਵੀਂ ਟੈਕਨਾਲੋਜੀ ਤੇ ਨਵੀਂ ਬਹੁਤਾਤ ਨੇ ਇਕ ਭਾਰਾ ਸੰਕਟ ਸਾਡੇ ਸਾਮ੍ਹਣੇ ਲਿਆ ਖੜ੍ਹਾ ਕੀਤਾ ਹੈ। ਜਿੰਨ੍ਹੀ ਤੇਜ਼ੀ ਨਾਲ ਏਸ ਵੇਲੇ ਧਰਤੀ, ਜੰਗਲ, ਪੌਣ ਤੇ ਪਾਣੀ ਤਬਾਹ ਹੋ ਰਹੇ ਹਨ, ਇਹ ਪਹਿਲਾਂ ਕਦੇ ਨਹੀਂ ਸਨ ਹੋਏ। ਇਨਵਾਇਰਮੈਂਟਲਿਸਟ ਵਾਸਤਾ ਪਾ ਰਹੇ ਹਨ ਕਿ ਇਸ ਤਾਬਾਹੀ ਨੂੰ ਘਟਾਉਣ ਲਈ ਸਾਨੂੰ ਸਭ ਨੂੰ ਸਵੈ-ਸੰਜਮ ਦੀ ਬਹੁਤ ਲੋੜ ਹੈ। ਪਰ ਲੋੜੋਂ ਕਿਤੇ ਵੱਧ ਚੀਜ਼ਾਂ ਵਰਤਣ ਤੇ ਵੇਸਟ (ਅੰਜਾਈ ਗਵਾਉਣ) ਕਰਨ ਦੇ ਆਦੀ ਅਮਰੀਕਨਾ ਨੂੰ ਸਵੈ-ਸੰਜਮ ਕਰਨਾ ਬੜਾ ਔਖਾ ਲੱਗਦਾ ਹੈ। ਜਿਨ੍ਹਾਂ ਕੂੜਾ ਅਮਰੀਕਨ ਘਰਾਂ 'ਚ ਨਿੱਤ ਪੈਦਾ ਹੁੰਦਾ ਹੈ, ਇਹਦੀ ਉਦਾਹਰਣ ਹੋਰ ਕਿਸੇ ਵੀ ਦੇਸ਼ ਦੇ ਨਾਗਰਿਕ ਦੀ ਨਹੀਂ ਮਿਲੇਗੀ।

ਹੁਣ ਜੱਦ ਕਿ ਧਰਤੀ ਤੇ ਵਾਤਾਵਰਣ ਨੂੰ ਬਚਾਉਣ ਦੇ ਉਪਰਾਲੇ ਹੋ ਰਹੇ ਹਨ, ਤੇ ਵੇਸਟ ਕਰਨ (ਅੰਜਾਈ ਗਵਾਉਣ) ਵਾਲਿਆਂ ਨੂੰ ਖ਼ੁੱਦਗਰਜ਼, ਲਾਲਚੀ ਤੇ ਘੱਟ ਸੂਝ ਬੂਝ ਵਾਲੇ ਹੋਣ ਦੀਆਂ ਲਾਹਣਤਾਂ ਪੈ ਰਹੀਆਂ ਹਨ, ਤੇ ਕਈ ਖੁਦ ਵੀ ਦੋਸ਼ੀ ਮਹਿਸੂਸ ਕਰਨ ਲੱਗੇ ਹਨ, ਤਾਂ ਅਮਰੀਕਨਾ ਦੇ ਰਹਿਣ-ਸਹਿਣ ਵਿਚ ਤਬਦੀਲੀਆਂ ਆਉਣ ਦੀ ਸੰਭਾਵਨਾ ਜਾਪਦੀ ਹੈ। ਅਸਲ 'ਚ ਸੱਭ ਦੇਸ਼ਾਂ ਵਿਚ ਹੀ ਇਹਦੇ ਬਿਨਾ ਸਾਡੇ ਬਚਾਓ ਦਾ ਹੋਰ ਕੋਈ ਚਾਰਾ ਨਹੀਂ ਹੈ। ਪਰ ਪੂੰਜੀਵਾਦ ਦੀ ਮੁਸ਼ਕਿਲ ਇਹ ਹੈ ਕਿ ਇਹਦੀ ਸਫਲਤਾ ਲਗਾਤਾਰ ਗਰਮ ਮੰਡੀ (hot market) ਦੇ ਸਿਰ ਹੈ। ਜੇ ਲੋਕਾਂ ਦੀਆਂ ਮੰਗਾਂ ਘੱਟ ਗਈਆਂ ਤਾਂ ਫੈਕਟਰੀਆਂ 'ਚ ਸਾਮਾਨ ਘੱਟ ਮੈਨੂਫ਼ੈਕਚਰ ਹੋਏਗਾ, ਤੇ ਵਿਉਪਾਰੀ ਘੱਟ ਵੇਚਣ ਲਈ ਮਜ਼ਬੂਰ ਹੋ ਜਾਣਗੇ। ਏਸ ਨਾਲ ਮੁਨਾਫ਼ਾ ਵੀ ਘਟੇਗਾ। ਤੇ ਜਦ ਕਿਸੇ ਵੱਡੀ ਦੁਕਾਨ ਦਾ ਮੁਨਾਫ਼ਾ ਘਟ ਜਾਵੇ ਤਾਂ ਕੀ ਹੁੰਦਾ ਹੈ? ਉਸ ਦੁਕਾਨਦਾਰ ਨੂੰ ਆਪਣੀ ਦੁਕਾਨ ਛੋਟੀ ਕਰਨੀ ਪੈਂਦੀ ਹੈ। ਪਰ ਪੂੰਜੀਵਾਦ ਦੀ ਇਕ ਵੱਡੀ ਵਿਸ਼ੇਸ਼ਤਾ ਵੀ ਹੈ, ਉਹ ਇਹ ਕਿ ਇਹ ਆਪ ਨਵੇਂ ਟ੍ਰੈਂਡ, ਸ਼ੁਰੂ ਹੀ ਨਹੀਂ ਕਰਦਾ ਬਲਕਿ ਦੂਜਿਆਂ ਦੇ ਸ਼ੁਰੂ ਕੀਤਿਆਂ ਪਿੱਛੇ ਤੇਜ਼ੀ ਨਾਲ ਨਸੱਦਾ ਵੀ ਹੈ। ਸੋ ਹੁਣ ਜਦ ਲੋਕ ਦਿਨੋ ਦਿਨ ਇਨਵਾਇਰਮੈਂਟ ਵੱਲੋਂ ਸੁਚੇਤ ਹੋ ਰਹੇ ਹਨ ਤਾਂ ਪੂੰਜੀਵਾਦ ਦੇ ਇਨਵਾਇਰਮੈਂਟਲਿਸਟ ਹੋ ਕੇ ਇਸ ਤੋਂ ਕੈਸ਼ ਕਰ ਜਾਣ ਦੀ ਸੰਭਾਵਨਾ ਬਹੁਤ ਹੈ। ਫੇਰ ਵੀ, ਕਿਉਂਕਿ ਕਚੇਂ ਮਾਲ ਧਰਤੀਂ 'ਚੋਂ ਪੈਦਾ ਹੁੰਦਾ ਹੈ, ਤੇ ਚੀਜ਼ਾਂ ਮੈਨੂਫ਼ੈਕਚਰ ਕਰਨ ਤੋਂ ਪਲੂਸ਼ਨ (ਦੂਸ਼ਣ) ਫੈਲਦਾ ਹੈ, ਇਹਨੂੰ ਆਪਣੀ ਆਊਟਪੁਟ ਕਿਸੇ ਹੱਦ ਤੱਕ ਘਟਾਉਣੀ ਹੀ ਪਏਗੀ। ਮੁਕੱਦੀ ਗੱਲ ਇਹ ਕਿ ਪੂੰਜੀਵਾਦੀ ਪ੍ਰਬੰਧ ਇਸ ਵੇਲੇ ਜਿਸ ਰੂਪ ਵਿਚ ਹੈ, ਇਸ ਰੂਪ ਵਿਚ ਇਹ ਹੋਰ ਬਹੁਤਾ ਚਿਰ ਰਹਿ ਨਹੀਂ ਸਕਦਾ।

**ਫ਼ਰੀ ਮਾਰਕੀਟ ਦੀ ਕਾਮਯਾਬੀ ਉਨ੍ਹਾਂ ਦੀਆਂ ਜੇਬ੍ਹਾਂ ਖਾਲੀ ਕਰਨ ਵਿਚ ਹੈ।**

ਅਮਰੀਕਾ ਦੇ ਖੱਬੇ ਰੈਡੀਕਲਾਂ ਵਿਚ ਇਕ ਮਜ਼ਾਕ ਜਿਹਾ ਵੀ ਚੱਲ ਰਿਹਾ ਹੈ ਕਿ ਅਸਲ 'ਚ ਏਸ ਸਮੇਂ ਜੇ ਸਮਾਜਵਾਦ ਆਉਣ ਦੀ ਸੰਭਾਵਨਾ ਕਿਸੇ ਦੇਸ਼ ਵਿਚ ਹੈ (ਮਾਰਕਸ ਦੇ ਡਾਇਆਲੈਕਟੀਕਲ ਮੈਟੀਰੀਆਲਿਜ਼ਮ ਦੇ ਨੁਕਤੇ ਤੋਂ) ਤਾਂ ਇਹ ਸਿਰਫ ਅਮਰੀਕਾ ਵਿਚ ਹੈ। ਕੀ ਇਹ ਮਹਿਜ਼ ਮਜ਼ਾਕ ਹੈ ਜਾਂ ਏਸ ਵਿਚ ਕੋਈ ਸਚਾਈ ਹੈ? ਇਹ ਸਾਨੂੰ ਨਹੀਂ ਪਤਾ।

ਇਕ ਚੀਜ਼ ਜਿਸ ਬਾਰੇ ਸਾਨੂੰ ਯਕੀਨਣ ਪਤਾ ਹੈ ਉਹ ਇਹ ਹੈ ਕਿ ਪੂੰਜੀਵਾਦ ਦੇ ਬਹੁ-ਭਾਂਤੀ ਖਿਡੋਣਿਆਂ ਤੋਂ ਹੱਦੋਂ ਵੱਧ ਖੁਸ਼ ਹੋ ਕੇ ਸਾਡੇ ਸਮਾਜਵਾਦ ਨੂੰ ਰੱਦ ਕਰ ਦੇਣ ਵਿਚ ਕੋਈ ਸਿਆਣਪ ਨਹੀਂ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਲੋਕ ਭਲਾਈ ਦੇ ਕਈ ਸਿਸਟਮ ਸਾਨੂੰ ਸਮਾਜਵਾਦੀਆਂ ਦੀ ਜੱਦੋ-ਜਹਿਦ ਨਾਲ ਹਾਸਿਲ ਹੋਏ ਸਨ ਜਿਵੇਂ:- ਲੇਬਰ ਯੂਨੀਅਨਾਂ ਦੀ ਹੋਂਦ, ਮੁਫਤ ਸਕੂਲੀ ਵਿੱਦਿਆ, ਬਹੁਤ ਦੇਸ਼ਾਂ 'ਚ ਮੁਫ਼ਤ ਮੈਡੀਕਲ ਸਹਾਇਤਾ ਤੇ ਕਈ ਹੋਰ ਅਜਿਹੇ ਕੰਮ। ਸਮਾਜਵਾਦ ਨੇ ਸਾਡੇ 'ਚੋਂ ਬਹੁਤਿਆਂ ਨੂੰ ਰੰਗ, ਨਸਲ, ਜਾਤ, ਕੌਮ, ਲਿੰਗ ਆਦਿ ਜਿਹੇ ਵੱਖਰੇਵਿਆਂ ਤੋਂ ਉਪੱਰ ਉਠਾ ਕੇ ਅੰਤਰ ਰਾਸ਼ਟਰੀ ਵਿਚਾਰਾਂ ਦੇ ਧਾਰਨੀ ਵੀ ਬਣਾਇਆ ਹੈ। ਅਜਿਹੀਆਂ ਅਣਗਿਣਤ ਉਦਾਹਰਣਾ ਮਿਲਦੀਆਂ ਹਨ ਜਦ ਸਮਾਜਵਾਦੀਆਂ ਨੇ ਸ਼ੋਸ਼ਿਤ ਵਰਗ ਦਾ ਸਾਥ ਦਿੱਤਾ ਹੈ। ਉਦਾਹਰਣ ਵਜੋਂ, 1960 ਦੇ ਦੌਰਾਨ ਅਮਰੀਕਾ ਵਿਚ ਮਾਰਟਿਨ ਲੂਥਰ ਕਿੰਗ ਦੀ ਅਗਵਾਈ ਹੇਠ ਐਫ਼ਰੋ-ਅਮਰੀਕਨਾ ਦੇ ਹੱਕਾਂ ਲਈ ਚੱਲੀ 'ਸਿਵਲ ਰਾਈਟਸ ਮੂਵਮੈਂਟ' ਵਿਚ ਬਹੁਤ ਗੋਰੇ ਉਹ ਸਨ ਜੋ ਸਮਾਜਵਾਦੀ ਵਿਚਾਰਧਾਰਾ ਨਾਲ ਜੁੜੇ ਹੋਏ ਸਨ। ਸ਼ਾਇਦ ਇਹੋ ਵੱਡਾ ਕਾਰਣ ਸੀ ਕਿ ਕਿੰਗ ਉੱਤੇ ਕਮਿਊਨਿਸਟ ਹੋਣ ਦਾ ਇਲਜ਼ਾਮ ਲਾਇਆ ਗਿਆ ਸੀ। ਪਰ ਦੂਰ ਨਾ ਜਾਂਦੇ ਹੋਏ ਜੇ ਅਸੀਂ ਆਪਣੇ ਦੇਸ਼ ਦੀ ਉਦਾਹਰਣ ਹੀ ਲੈ ਲਈਏ ਤਾਂ ਅਸੀਂ ਵੇਖਦੇ

ਹਾਂ ਕਿ ਜਾਤਾਂ, ਜਮਾਤਾਂ, ਮਜ਼੍ਹਬਾਂ, ਰੰਗਾਂ ਤੇ ਜ਼ੁਬਾਨਾ 'ਚ ਵੰਡੇ ਸਾਡੇ ਸਮਾਜ ਵਿਚ ਇਨ੍ਹਾ ਸਮਾਜਵਾਦੀਆਂ ਇਕ ਅਹਿਮ ਰੋਲ ਨਿਭਾਇਆ ਹੈ। ਇਹ ਵੀ ਸਹੀ ਹੈ ਕਿ ਕਈ ਪੂਰੀ ਤਰ੍ਹਾਂ ਨਾਲ ਇਨ੍ਹਾਂ ਵਿਤਕਰਿਆਂ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕੇ, ਪਰ ਫ਼ੇਰ ਵੀ ਇਨ੍ਹਾਂ ਸਮਾਜ ਨੂੰ ਅੱਗੇ ਲਿਜਾਣ ਲਈ ਜੋ ਅਗਾਂਹਵਧੂ ਕਦਮ ਚੁੱਕੇ ਉਹ ਯਕੀਨਨ ਸ਼ਲਾਘਾਯੋਗ ਸਨ।

ਸੋਵੀਅਤ ਯੂਨੀਅਨ ਤੇ ਪੂਰਬੀ ਯੂਰਪੀਅਨ ਦੇਸ਼ਾਂ ਦੇ ਸੁਚੇਤ ਵਰਗ ਦੀ ਕਮਿਊਨਿਜ਼ਮ ਤੋਂ ਏਲੀਆਨੇਸ਼ਨ (ਅਲਹਿਦਗੀ) ਵੇਖ ਕੇ ਨਾਨ-ਕਮਿਊਨਿਸਟ ਦੇਸ਼ਾਂ ਦੇ ਸਮਾਜਵਾਦੀਆਂ ਸਿਰ ਇਲਜ਼ਾਮ ਲਗਾਏ ਜਾ ਰਹੇ ਹਨ ਕਿ ਇਹ ਜਜ਼ਬਾਤੀ ਹੋਏ ਏਸ ਵਿਚਾਰਧਾਰਾ ਨਾਲ ਜੁੜੇ ਹੋਏ ਸਨ ਪਰ ਇਨ੍ਹਾਂ ਨੂੰ ਸਾਰਥਿਕਤਾ ਦਾ ਕੋਈ ਪਤਾ ਨਹੀਂ ਸੀ। ਜਾਂ ਫੇਰ, ਇਹ ਸੱਚ 'ਤੇ ਪਰਦਾ ਪਾ ਰਹੇ ਸਨ, ਵਗੈਰਾ। ਬੇਸ਼ੱਕ ਇਹ ਇਲਜ਼ਾਮ ਕਈਆਂ 'ਤੇ ਲਗਾਏ ਸਕਦੇ ਹਨ, ਪਰ ਕਈ ਅਜਿਹੇ ਵੀ ਸਨ ਜਿਨ੍ਹਾਂ ਸਮਾਜਵਾਦ ਨੂੰ ਇੰਟਲੈਕਚੂਅਲ ਲੈਵਲ 'ਤੇ ਪੜ੍ਹਿਆ, ਸਮਝਿਆ ਤੇ ਅਪਣਾਇਆ ਹੈ। ਇਹ ਵਰਗ ਸ਼ੁਰੂ ਤੋਂ ਹੀ ਕਮਿਊਨਿਜ਼ਮ ਵਿਚਲੀਆਂ ਕਮਜ਼ੋਰੀਆਂ, ਖ਼ਾਸ ਕਰਕੇ, ਨਿੱਜੀ ਆਜ਼ਾਦੀ 'ਤੇ ਰੁਕਾਵਟਾਂ ਆਦਿ ਦੀ ਨਿਖੇਧੀ ਕਰਦਾ ਰਿਹਾ ਹੈ। ਇਹ ਕਮਿਊਨਿਜ਼ਮ ਨੂੰ ਹਰ ਪੱਖੋਂ ਸਮਝਣ ਦੀ ਸੱਮਰਥਾ ਹੀ ਹੋਏਗੀ ਕਿ ਅੱਜ ਵੀ ਭਾਰਤ, ਅਮਰੀਕਾ, ਪੱਛਮੀਂ ਯੂਰਪ ਤੇ ਹੋਰ ਅਜਿਹੇ ਦੇਸ਼ਾਂ ਦੇ ਖੱਬੇ ਇੰਟਲੈਕਚੂਅਲਜ਼ ਆਪਣੇ ਪੈਰਾਂ 'ਤੇ ਅਡੋਲ ਖਲੋਤੇ ਹੋਏ ਹਨ। ਬਲਕਿ ਉਹ ਕਈ ਤਬਦੀਲੀਆਂ 'ਤੇ ਖ਼ੁਸ਼ ਹਨ ਇਹ ਸੋਚ ਕਿ ਏਸ ਨਾਲ ਇਕ ਤਕੜਾ ਸਮਾਜਵਾਦ ਹੋਂਦ ਵਿਚ ਆ ਸਕਦਾ ਹੈ, ਜੋ ਉਹ ਚਿਰਾਂ ਤੋਂ ਚਾਹੁੰਦੇ ਸਨ। ਸੋਵੀਅਤ ਯੂਨੀਅਨ ਦੇ ਇਕ ਸਟੇਜ ਡਾਇਰੈਕਟਰ ਮਾਰਕ ਜ਼ਾਖਾਰੋਵ ਦੇ ਵਿਚਾਰ ਵੀ ਇਨਾਂ ਦੇ ਵਿਚਾਰਾਂ ਦੀ ਪੁੱਖਤਗੀ ਕਰਦੇ ਹਨ ਜਦ ਉਹ ਕਹਿੰਦਾ ਹੈ ਕਿ "A negative result experiment enriches ' sceince no less than a successful one.' ਪਰ ਜੋ ਮਹਿਜ਼ ਜਜ਼ਬਾਤੀ ਤੌਰ 'ਤੇ ਕਮਿਊਨਿਜ਼ਮ ਨਾਲ ਜੁੜੇ ਹੋਏ ਸਨ, ਉਹ ਜ਼ਰੂਰ ਡਾਵਾਂ ਡੋਲ ਹੋ ਰਹੇ ਹਨ। ਕਈਆਂ ਵੱਲੋਂ ਪਛਤਾਵੇ ਦੀਆਂ ਸੁਰਾਂ ਸੁਣਾਈ ਦੇ ਰਹੀਆਂ ਹਨ। ਤੇ ਹੋ ਸਕਦੈ ਇਹ ਹੁਣ ਚੋਰੀ ਛਿੱਪੇ ਮਸੀਤਾਂ ਵਿੱਚ ਨਮਾਜ਼ਾਂ ਪੜ੍ਹ, ਮੰਦਰਾਂ ਵਿਚ ਟੱਲੀਆਂ ਵਜਾਉਣ ਤੇ ਗੁਦੁਆਰਿਆਂ ਵਿਚ ਚੋਰੀਆਂ ਫੇਰਨ ਦਾ ਵੀ ਸੋਚ ਰਹੇ ਹੋਣ। ਖੈਰ, ਇਨ੍ਹਾਂ ਦੀ ਇਹ ਹਾਲਤ ਵੀ ਅਸੀਂ ਸਮਝ ਸਕਦੇ ਹਾਂ। ਵਗੈਰ ਕਿਸੇ ਪੁੱਖਤਾ ਦਲੀਲ ਅਤੇ ਸੋਚ ਸਮਝਕੇ, ਦੂਜਿਆਂ ਦੀ ਰੀਸੇ, ਸਾਡਾ ਅਗਾਂਹ ਵੱਲ ਪੁੱਟਿਆ ਕੋਈ ਕਦਮ ਬੜੀ ਆਸਾਨੀ ਨਾਲ ਪਿਛਾਂਹ ਵੱਲ ਵੀ ਮੁੜ ਸਕਦਾ ਹੈ। ਸੋ ਜੇ ਅੱਜ ਇਹ ਡਾਵਾਂ ਡੋਲ ਹਨ ਤਾਂ ਇਹ ਕੋਈ ਅਣਹੋਣੀ ਗੱਲ ਨਹੀਂ ਹੈ।

ਅੱਜ ਦੇ ਮਾਹੌਲ ਵਿਚ, ਜਦ ਥੋੜੀ ਗਿਣਤੀ ਵਿਚ ਕਮਿਊਨਿਸਟ ਡਾਵਾਂਡੋਲ ਹੋ ਰਹੇ ਹਨ, ਤਾਂ ਪਹਿਲਾਂ ਤੋਂ ਵੀ ਵੱਧ ਵੱਖ ਵੱਖ ਮਜ਼੍ਹਬਾਂ ਨੂੰ ਮੰਨਣ ਵਾਲੇ ਇਨ੍ਹਾਂ ਨੂੰ ਆਪਣੇ ਆਪਣੇ ਮਜ਼੍ਹਬ ਦਾ ਉਪਦੇਸ਼ ਦਿੰਦੇ ਦੱਸਦੇ ਹਨ ਕਿ ਇਨ੍ਹਾਂ ਨੂੰ ਕਮਿਊਨਿਸਟ ਬਣਨ ਦੀ ਕੋਈ ਲੋੜ ਨਹੀਂ ਸੀ। ਕੋਈ ਨੇਕ ਨੀਅਤ ਵਾਲਾ ਸਿੱਖ ਗੁਰਬਾਣੀ 'ਚੋਂ ਉਦਾਹਰਣਾ ਦੇ ਕੇ ਇਨ੍ਹਾਂ ਨੂੰ ਦਸੱਦਾ ਹੈ ਕਿ ਮਨੁੱਖੀ ਬਰਾਬਰੀ ਤੇ ਵੰਡ ਖਾਣਾ ਤਾਂ ਸਾਨੂੰ ਗੁਰਬਾਣੀ ਵੀ ਸਿਖਾਉਂਦੀ ਹੈ। ਕੋਈ ਚੰਗਾ ਹਿੰਦੂ ਵੇਦਾਂ, ਪੁਰਾਣਾ 'ਚੋ ਅਜਿਹੀ ਉਦਾਹਰਣ ਦਿੰਦਾ ਹੈ। ਕੋਈ ਅੱਲਾ ਦਾ ਬੰਦਾ ਇਸੇ ਮਨੁੱਖੀ ਬਰਾਬਰੀ ਬਾਰੇ ਕੁਰਾਨ 'ਚ ਲਿਖਿਆ ਹੋਇਆ ਦਸੱਦਾ ਹੈ। ਤੇ ਇਕ ਇਸਾਈ ਵੀ ਬਾਈਬਲ ਬਾਰੇ ਇਹੋ ਕਹਿੰਦਾ ਹੈ। ਏਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਧਾਰਮਿਕ ਪੁਸਤਕਾਂ ਵਿਚ ਇਹ ਸਭ ਕੁਝ ਲਿਖਿਆਂ ਹੋਇਆ ਹੈ ਤੇ ਇਨ੍ਹਾਂ ਦੇ ਅਸੂਲਾਂ 'ਤੇ ਕੁਝ ਲੋਕ ਚੱਲਦੇ ਵੀ ਹਨ। ਪਰ ਇਨ੍ਹਾਂ ਮਜ਼੍ਹਬਾਂ ਨੂੰ ਮੰਨਣ ਵਾਲੇ ਬਹੁਤ ਗਿਣਤੀ ਲੋਕ ਇਹ ਨਹੀਂ ਕਰਦੇ। ਅਸੀਂ ਜੋ ਵੇਖਦੇ ਹਾਂ ਉਹ ਇਹ ਹੈ ਕਿ ਜੇ ਇਕ ਮਜ਼੍ਹਬ ਨੂੰ ਮੰਨਣ ਵਾਲੇ ਨੂੰ ਤੁਰੇ ਜਾਂਦਿਆ ਰਤਾ ਜਿੰਨੀ ਵੀ ਠੋਕਰ ਲੱਗੀ, ਤਾਂ ਉਹਨੇ ਕੋਲੋਂ ਲੰਘਦੇ ਦੂਜੇ ਮਜ਼੍ਹਬ ਵਾਲੇ ਸਿਰ ਝੱਟ ਏਸ ਦਾ ਦੋਸ਼ ਮੜ੍ਹ ਦਿੱਤਾ ਹੈ। ਨਤੀਜਾ, ਲੜਾਈ ਝਗੜਾ ਤੇ ਖ਼ੂਨ ਖਰਾਬਾ ਜਿਸ ਨਾਲ ਮਨੁੱਖੀ ਇਤਿਹਾਸ ਦੇ ਵਰਕੇ ਲਹੂ-ਲੁਹਾਣ ਹਨ। ਇਹ ਸਭ ਵੇਖ ਅਸੀਂ ਇਹ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਅਸਲ 'ਚ, ਨਾਨ-ਕਮਿਊਨਿਸਟ ਦੇਸ਼ਾਂ ਵਿਚ ਸੁਚੇਤ ਵਰਗ ਲਈ ਕਮਿਊਨਿਸਟ ਹੋਣ ਤੋਂ ਇਲਾਵਾ ਹੋਰ ਕੋਈ ਸਹੀ ਰਾਹ ਹੈ ਵੀ ਨਹੀਂ।

ਨਾਨ-ਕਮਿਊਨਿਸਟ ਦੇਸ਼ਾਂ ਦੇ ਖੱਬੇ ਵਿਚਾਰਾਂ ਵਾਲਿਆਂ ਨੂੰ ਗਲਤ ਦੱਸਣ ਲਈ ਬਹੁਤ ਲੋਕ ਕਮਿਊਨਿਸਟ ਤੇ ਰਹਿ ਚੁੱਕੇ ਕਮਿਊਨਿਸਟ ਦੇਸ਼ਾਂ ਦੇ ਸੁਚੇਤ ਵਰਗ ਦੀ ਮਿਸਾਲ ਦਿੰਦੇ ਹਨ ਕਿਉਂਕਿ ਇਹ ਕਮਿਊਨਿਜ਼ਮ ਦੇ ਖ਼ਿਲਾਫ਼ ਸਨ। ਸਾਨੂੰ ਇਨ੍ਹਾਂ ਲੋਕਾਂ ਨੂੰ ਇਹ ਦੱਸਣਾ ਹੀ ਪਏਗਾ ਕਿ ਜੇ ਇਨ੍ਹਾਂ ਦੇਸ਼ਾਂ ਦਾ ਸੁਚੇਤ ਵਰਗ ਆਪਣੇ ਗੈਰ-ਮਨੁੱਖੀ ਕੁਰਪਟ-ਬਿਊਰੋਕ੍ਰੇਟਿਕ ਅੰਸ਼ਾਂ ਦੇ ਖਿਲਾਫ਼ ਜੱਦੋ ਜਹਿਦ ਕਰ ਰਿਹਾ ਸੀ ਤਾਂ ਨਾਨ-ਕਮਿਊਨਿਸਟ ਦੇਸ਼ਾਂ ਦੇ ਸੁਚੇਤ ਵਰਗ ਦੀ ਜੱਦੋਜਹਿਦ ਵੀ ਆਪਣੇ ਸਿਸਟਮ ਵਿਚਲੇ ਗੈਰ-ਮਨੁੱਖੀ ਅੰਸ਼ਾਂ ਵਿਰੁੱਧ ਹੀ ਸੀ। ਏਥੇ ਨਿਰਸੰਕੋਚ ਹੋ ਅਸੀਂ ਕਹਿ ਸਕਦੇ ਹਾਂ ਕਿ ਬੇਸ਼ੱਕ ਦੋਹਾਂ ਪਾਸਿਆਂ ਦੀ ਆਈਡੀਔਲੋਜੀ ਵੱਖਰੀ ਸੀ ਤੇ ਪਹੁੰਚ ਵੀ ਵੱਖਰੀ, ਪਰ ਦੋਹਾਂ ਦਾ ਨਿਸ਼ਾਨਾ ਇਕੋ ਸੀ - ਇਨਸਾਨੀ ਆਜ਼ਾਦੀ, ਹੱਕ, ਇਨਸਾਫ਼, ਤੇ ਏਸ ਤੇ ਇਕ ਬੇਹਤਰੀਨ ਸਮਾਜ ਦੀ ਹੋਂਦ ਦਾ ਸੁਪਨਾ, ਯਾਨੀ ਸੋਸ਼ਲ ਡੈਮੋਕ੍ਰੇਸੀ। ਸੋ ਜੇ ਅਸੀਂ ਗਹੁ ਨਾਲ ਜਾਚੀਏ, ਤਾਂ ਅਸੀਂ ਵੇਖਾਂਗੇ ਕਿ ਸਾਡੇ ਸਮਾਜਵਾਦੀਆਂ ਦਾ ਸੰਘਰਸ਼ ਵਾਕਲਵ ਹਾਵੇਲ ਤੇ ਸਾਖ਼ਾਰੋਵ ਵਰਗਿਆਂ ਦੇ ਸੰਘਰਸ਼ ਤੋਂ ਕਿਸੇ ਗੱਲ ਵੀ

**ਨਾਲੇ ਜੇ ਸਾਨੂੰ ਕਾਰਲ ਮਾਰਕਸ ਦਾ ਇਨਸਾਨੀ, ਆਰਥਿਕ ਬਰਾਬਰੀ ਤੇ ਇਨਸਾਫ਼ ਵਾਲਾ ਇਖ਼ਲਾਕ ਪੋਂਹਦਾ ਹੈ, ਤਾਂ ਸਾਨੂੰ ਜੌਨ ਲਾਕ ਦਾ ਵਿਅਕਤੀਗਤ ਆਜ਼ਾਦੀ ਤੇ ਖੁਸ਼ਹਾਲੀ ਵਾਲਾ ਫ਼ਲਸਫ਼ਾ ਵੀ ਉਨ੍ਹਾਂ ਹੀ ਟੁਬੰਦਾ ਹੈ।**

ਘੱਟ ਮਹੱਤਵਪੂਰਨ ਨਹੀਂ ਸੀ ਤੇ ਨਾ ਹੁਣ ਹੈ।

ਅਖੀਰ 'ਤੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਅਸੀਂ ਉਸ ਧਿਰ ਨਾਲ ਖਲੋਤੇ ਹਾਂ ਜੋ ਲੋਕ ਭਲਾਈ ਦੇ ਸਾਂਝੇ ਹੱਕਾਂ ਲਈ ਜੱਦੋ ਜਹਿਦ ਕਰੇ। ਪਰ ਅਸੀਂ ਪੂਰੀ ਤਰ੍ਹਾਂ ਨਾਲ ਨਾ ਤਾਂ ਸਮਾਜਵਾਦੀ ਸਿਸਟਮ ਨੂੰ ਅਪਣਾ ਸਕਦੇ ਹਾਂ ਤੇ ਨਾ ਹੀ ਪੂੰਜੀਵਾਦੀ ਸਿਸਟਮ ਨੂੰ ਕਿਉਂਕਿ ਦੋਹਾਂ ਵਿਚ ਜੇ ਚੰਗਿਆਈਆਂ ਹਨ ਤਾਂ ਬੁਰਾਈਆਂ ਵੀ ਹਨ। ਏਸ ਲਈ ਅਸੀਂ ਇਕ ਅਜਿਹੇ ਸਿਸਟਮ ਦੀ ਖਾਹਿਸ਼ ਕਰਦੇ ਹਾਂ ਜੋ ਦੋਹਾਂ ਦੀਆਂ ਚੰਗਿਆਈਆਂ ਨਾਲ ਬਣ ਸਕੇ ਤੇ ਜਿਸ ਤੋਂ ਸੱਭ ਲੋਕ ਸੁਖੀ ਹੋ ਸਕਣ। ਇਹ ਸਿਸਟਮ ਸਮਾਜਵਾਦ ਤੇ ਪੂੰਜੀਵਾਦ ਦੇ ਚੰਗੇ ਅੰਸ਼ਾਂ ਨੂੰ ਮਿਲਾ ਕੇ ਹੀ ਬਣ ਸਕਦਾ ਹੈ। ਪ੍ਰੈਕਟੀਕਲ ਰਾਹ ਵੀ ਇਹੋ ਹੈ।

ਨਾਲੇ ਜੇ ਸਾਨੂੰ ਕਾਰਲ ਮਾਰਕਸ ਦਾ ਇਨਸਾਨੀ, ਆਰਥਿਕ ਬਰਾਬਰੀ ਤੇ ਇਨਸਾਫ਼ ਵਾਲਾ ਇਖ਼ਲਾਕ ਪੋਂਹਦਾ ਹੈ, ਤਾਂ ਸਾਨੂੰ ਜੋਨ ਲਾਕ ਦਾ ਵਿਅਕਤੀਗਤ ਆਜ਼ਾਦੀ ਤੇ ਖੁਸ਼ਹਾਲੀ ਵਾਲਾ ਫ਼ਲਸਫ਼ਾ ਵੀ ਉਨ੍ਹਾਂ ਹੀ ਟੁਬੰਦਾ ਹੈ।

---


# LOWEST FARES TO:

ਲੰਡਨ, ਦਿੱਲੀ, ਬੰਬਈ, ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ, ਢਾਕਾ, ਨੈਰੋਬੀ, ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

**Professional Travel Agents for 37 years**
**Complete Travel arrangements for business or pleasure**



**Authorized Agents for: Air Canada, British Airways, Canadian, Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL. 324-2277
OFFICES ALSO IN VICTORIA AND NORTH VANCOUVER


## ਨਜ਼ਮ/ਮੁਹੱਬਤ ਤਾਂ.....

### ਸੰਧੂ ਵਰਿਆਣਵੀ

ਕਦੇ ਕੋਈ ਪੈਰਾਂ ਦੇ ਕਦਮ ਗਿਣ-ਗਿਣ ਵੀ
ਮੁਹੱਬਤ ਦੇ ਸਫ਼ਰ 'ਤੇ ਟੁਰਿਆ ਹੈ
ਤੇ ਫਿਰ ਮੁਹੱਬਤ ਦਾ ਸਫ਼ਰ ਤਹਿ ਕਰ ਲਿਆ ਹੋਵੇ
ਮੈਂ ਤਾਂ ਅਜਿਹਾ ਕਦੇ ਨਾ ਸੋਚਿਆ ਸੀ
ਤੇ ਨਾ ਹੀ ਕਦੇ ਕਿਆਸਿਆ ਸੀ ਮੇਰੀਏ ਜ਼ਿੰਦੇ।
ਤੇ ਨਾ ਹੀ ਕਦੇ ਪੜ੍ਹਿਆ ਸੀ ਰੂਹੇ ਮੇਰੀਏ।
ਇਹ ਤਾਂ ਬਾਣੀਆਂ ਵਾਂਗ
ਹਿਸਾਬ-ਕਿਤਾਬ ਰੱਖਣ ਵਰਗਾ ਕੁੱਝ ਹੋ ਸਕਦਾ ਹੈ
ਮੁਹੱਬਤ ਦਾ ਸਫ਼ਰ ਨਹੀਂ
ਤੇ ਨਾ ਹੀ ਕਦੇ ਕੋਈ ਉਮਰਾਂ ਦੇ ਦਿਨ ਗਿਣ-ਗਿਣ
ਮੁਹੱਬਤ ਦੀ ਉਮਰ ਦੇ ਹਾਣ ਦਾ ਹੋਇਐ
ਹਾਲੀ ਤੀਕਰ - ਏਸ ਦੁਨੀਆ 'ਚ
ਤੇ ਨਾ ਹੀ ਕਦੇ ਧੱਕੇ ਨਾਲ
ਕੋਈ ਬਣ ਸਕਿਆ ਆਸ਼ਕ
ਇਸ ਆਲਮ 'ਚ ਤੇ ਨਾ ਹੀ ਅਗਲੇ ਜਹਾਨ 'ਚ
ਮੁਹੱਬਤ ਕੋਈ ਅਣ-ਕਿਆਸੀ ਸ਼ੈਅ ਵੀ ਨਹੀਂ
ਮੁਹੱਬਤ ਤਾਂ ਇਕ ਅਹਿਸਾਸ ਹੈ -
ਆਪਣੇ-ਆਪ ਨੂੰ ਮਹਿਸੂਸਣ ਦਾ
ਮੁਹੱਬਤ ਤਾਂ ਇਕ ਪਛਾਣ ਹੈ -
ਰੱਬ ਦੀ ਖ਼ੁਦਾਈ ਨੂੰ ਪਛਾਨਣ ਵਾਂਗ।
ਮੁਹੱਬਤ ਤਾਂ ਦਿਲ ਵਿਚ ਫੁੱਟਿਆ
ਕੋਈ ਆਪ-ਮੁਹਾਰਾ ਚਸ਼ਮਾ ਹੈ।
ਮੁਹੱਬਤ ਤਾਂ ਮੱਥੇ 'ਚ ਉਕਰੀ ਇਕ ਯਾਦ ਹੈ
ਮੁਹੱਬਤ ਤਾਂ ਰੂਹ ਦੇ ਹਾਣ ਦਾ ਹੋਣ ਦਾ ਸਫ਼ਰ ਹੈ।
ਮੁਹੱਬਤ ਤਾਂ ਤਖ਼ਤ ਹਜ਼ਾਰਾ ਛੱਡ
ਕੰਨਾਂ 'ਚ ਮੁੰਦਰਾਂ ਪਾ, ਜੋਗੀ ਬਣ ਜਾਣ ਦਾ ਸਫ਼ਰ ਹੈ।
ਮੁਹੱਬਤ ਤਾਂ ਤਪਦੀਆਂ ਰੇਤਾਂ ਤੇ ਟੁਰਨ ਦਾ ਇਕ ਅਹਿਦ ਹੈ
ਮੁਹੱਬਤ ਤਾਂ ਸ਼ੂਕਦੇ ਦਰਿਆਵਾਂ ਦੇ
ਪਾਣੀਆਂ 'ਤੇ ਨੱਚਣ ਦਾ ਸਿਰਨਾਵਾਂ ਹੈ।
ਮੁਹੱਬਤ ਤਾਂ ਅੱਖਾਂ 'ਚ ਵਸਦਾ ਰੱਬ ਦਾ ਨੂਰ ਹੈ
ਮੁਹੱਬਤ ਤਾਂ ਨਫ਼ਰਤਾਂ ਦੀਆਂ ਉੱਗੀਆਂ ਥੋਰ੍ਹਾਂ ਨੂੰ
ਸ਼ੈਤਾਨੀ ਦਿਲਾਂ 'ਚੋਂ ਪੁੱਟਣ ਦਾ ਇਕ ਅਮਲ ਹੈ।
ਮੁਹੱਬਤ ਤਾਂ ਆਦਮੀ ਦੀ ਆਦਮੀਅਤ ਦੀ ਇਕ ਪਛਾਣ ਹੈ
ਮੁਹੱਬਤ ਤਾਂ ਇਕ ਇਨਸਾਨੀ ਜਜ਼ਬਾ
ਜਿਸਦਾ 'ਪਾਕ-ਕਰਮ' ਇਨਸਾਨਾਂ ਨੂੰ ਜੋੜਨਾ
ਤੇ ਨਵੇਂ ਸਮਾਜ ਦੀ ਸਿਰਜਣਾ।
ਮੁਹੱਬਤ ਤਾਂ ਯਾਰੋ -
ਦਿਲ 'ਤੇ ਉਕਰੀ
ਮਹਿਬੂਬ ਦੀ ਤਸਵੀਰ ਦੇ ਦੀਦਾਰ ਕਰਨਾ ਹੈ।

(ਜਲੰਧਰ, ਪੰਜਾਬ)

# ਇਕ ਹੋਰ ਦੀਵਾਰ

## ਐਡਆਰਡੋ ਗੈਲੀਆਨੋ
(ਉਰਗਏ)

ਤਵਾਰੀਖ਼ ਦਾ ਅੰਤ? ਸਾਡੇ ਲਈ ਇਹ ਕੋਈ ਨਵੀਂ ਗੱਲ ਨਹੀਂ। ਪੰਜ ਸਦੀਆਂ ਪਹਿਲਾਂ ਯੂਰਪ ਵੱਲੋਂ ਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਇਤਿਹਾਸ ਨੂੰ ਯਾਦ ਰੱਖਣਾ ਅਤੇ ਇਸ 'ਤੇ ਗੌਰਵ ਕਰਨਾ ਜ਼ੁਰਮ ਹੈ। ਇਸ ਤਰ੍ਹਾਂ ਧਰਤੀ ਦੇ ਇਹਨਾਂ ਨਵੇਂ ਮਾਲਕਾਂ ਨੇ ਇਤਿਹਾਸ ਨੂੰ ਘੜਨ ਅਤੇ ਯਾਦ ਰੱਖਣ 'ਤੇ ਪਾਬੰਦੀ ਲਾ ਦਿੱਤੀ। ਉਦੋਂ ਤੋਂ ਲੈ ਕੇ ਹੁਣ ਤੱਕ ਸਾਨੂੰ ਸਿਰਫ ਇਸ ਨੂੰ ਇਸੇ ਤਰ੍ਹਾਂ ਹੀ ਸਵੀਕਾਰ ਕਰ ਲੈਣ ਦੀ ਹੀ ਆਗਿਆ ਮਿਲੀ।

ਤਵਾਰੀਖ਼ ਦਾ ਅੰਤ। ਵਕਤ ਦੀ ਘੜੀ ਦੀਆਂ ਸੂਈਆਂ ਰੁਕ ਗਈਆਂ ਹਨ। ਦੁਨੀਆਂ ਗਤੀ ਕਰਨ ਤੋਂ ਰੁਕ ਗਈ ਹੈ। ਕੱਲ ਦਾ ਦਿਨ ਅੱਜ ਦੇ ਦਿਨ ਦਾ ਹੀ ਦੂਜਾ ਨਾਮ ਹੋਵੇਗਾ।

* * *

ਰਾਨਲਡ ਰੀਗਨ ਇਕ ਸਵੇਰ ਜਾਗ ਉੱਠਦਾ ਹੈ ਅਤੇ ਕਹਿੰਦਾ ਹੈ 'ਠੰਡੀ ਜੰਗ ਦਾ ਅੰਤ ਅਸਲ ਵਿਚ ਤਵਾਰੀਖ ਦਾ ਅੰਤ ਵੀ ਹੈ।' ਜ਼ਮਹੂਰੀਅਤ ਦੇ ਨਾਮ ਹੇਠਾਂ ਸਰਮਾਏਦਾਰੀ ਜ਼ਿੰਦਗੀ ਦੇ ਸਫ਼ਰ ਦੀ ਆਖਰੀ ਬੰਦਰਗਾਹ ਬਣ ਨਿਬੜਦੀ ਹੈ ਜਿਸਨੂੰ 'ਮਨੁੱਖੀ ਹਕੂਮਤ ਦਾ ਅੰਤਮ ਰੂਪ' ਕਿਹਾ ਜਾਂਦਾ ਹੈ।

**ਰੱਬ ਵਾਂਗ ਸਰਮਾਏਦਾਰੀ ਵੀ ਆਪਣੇ ਆਪ ਨੂੰ ਸਭ ਤੋਂ ਵਧੀਆ ਸਮਝਦੀ ਹੈ ਅਤੇ ਆਪਣੀ ਸਦੀਵੀ ਹੋਂਦ ਬਾਰੇ ਇਸਨੂੰ ਕੋਈ ਸ਼ੱਕ ਨਹੀਂ ਹੁੰਦਾ।**

ਬੜੇ ਗੌਰਵ ਦੀ ਘੜੀ ਹੈ। ਜਮਾਤੀ ਲੜਾਈ ਦੀ ਹੋਂਦ ਖ਼ਤਮ ਹੋ ਚੁੱਕੀ ਹੈ ਅਤੇ ਪੂਰਬ ਵੱਲ ਹੁਣ ਇਸ ਦੇ ਦੁਸ਼ਮਣ ਨਹੀਂ, ਸਗੋਂ ਦੋਸਤ ਹਨ। ਆਜ਼ਾਦ-ਮੰਡੀ ਅਤੇ ਉਪਭੋਗੀ ਸਮਾਜ ਇਕ ਵਿਆਪਕ ਬਹੁ-ਮਤ ਪਰਾਪਤ ਕਰ ਚੁੱਕੇ ਹਨ। ਜਿਵੇਂ ਕਿ ਫਰਾਂਸ ਦਾ ਇਨਕਲਾਬ ਚਾਹੁੰਦਾ ਸੀ: ਅਸੀਂ ਹੁਣ ਸਾਰੇ ਆਜ਼ਾਦ ਹਾਂ। ਸਾਰੇ ਬਰਾਬਰ ਹਾਂ ਅਤੇ ਸਾਰੇ ਤਰਾਤਰੀ ਭਾਵ ਰੱਖਣ ਵਾਲੇ ਹਾਂ। ਅਤੇ ਜਾਇਦਾਦ ਦੇ ਮਾਲਕ ਵੀ। ਲੋਭ ਦੀ ਦੁਨੀਆਂ - ਧਰਤੀ ਉਪਰ ਉਸਾਰਿਆ ਸਵੱਰਗ।

ਰੱਬ ਵਾਂਗ ਸਰਮਾਏਦਾਰੀ ਵੀ ਆਪਣੇ ਆਪ ਨੂੰ ਸਭ ਤੋਂ ਵਧੀਆ ਸਮਝਦੀ ਹੈ ਅਤੇ ਆਪਣੀ ਸਦੀਵੀ ਹੋਂਦ ਬਾਰੇ ਇਸਨੂੰ ਕੋਈ ਸ਼ੱਕ ਨਹੀਂ ਹੁੰਦਾ।

* * *

'ਬਰਲਿਨ ਦੀ ਦੀਵਾਰ ਡਿਗਣ ਨੂੰ ਜੀ ਆਇਆਂ।' ਪੀਰੂ ਦਾ ਇਕ ਸਿਆਸਤਦਾਨ ਕਹਿੰਦਾ ਹੈ। ਪਰ ਦੂਸਰੀ ਦੀਵਾਰ - ਦੀਵਾਰ ਜਿਹੜੀ ਗਰੀਬ ਦੁਨੀਆਂ ਨੂੰ ਅਮੀਰ ਦੁਨੀਆਂ ਨਾਲੋਂ ਨਿਖੇੜਦੀ ਹੈ - ਸਗੋਂ ਹੋਰ ਉੱਚੀ ਹੋ ਗਈ ਹੈ। ਇਕ ਸਰਵਵਿਆਪੀ ਅਪਾਰਥਾਈਡ - ਨਸਲੀ ਵਿਤਕਰਾ, ਅਸਹਿਨਸ਼ੀਲਤਾ, ਅਤੇ ਦੂਸਰਾ ਵਿਤਕਰਾ ਯੂਰਪ ਵਿਚ ਤੇਜ਼ੀ ਨਾਲ ਫੈਲਿਆ ਹੈ ਜਿਸਨੇ ਉਹਨਾਂ ਤਾਕਤਾਂ ਨੂੰ ਵਾਹ ਲਾਈ ਹੈ ਜੋ ਇਹਨਾਂ ਕੰਧਾਂ ਨੂੰ ਢਾਹ ਕੇ ਖੁਸ਼ਹਾਲੀ ਦੀਆਂ ਬੁਲੰਦੀਆਂ ਤੱਕ ਪਹੁੰਚਣਾ ਲੋਚਦੇ ਹਨ।

ਇਹ ਗੱਲ ਸਮਝਣੀ ਸੌਖੀ ਹੈ। ਬਰਲਿਨ ਦੀ ਇਹ ਦੀਵਾਰ ਆਪਣੀ ਆਯੂ ਭੋਗ ਕੇ ਖ਼ਤਮ ਹੋਈ ਹੈ। ਪਰ ਇਹ ਤੀਹ ਸਾਲਾਂ ਤੋਂ ਵੱਧ ਖੜ੍ਹੀ ਵੀ ਨਹੀਂ ਰਹਿ ਸਕੀ। ਦੂਸਰੀ ਦੀਵਾਰ ਛੇਤੀ ਹੀ ਆਪਣੀ ਪੰਜ ਸੌ ਸਾਲਾ ਸ਼ਤਾਬਦੀ ਮਨਾਵੇਗੀ। ਸਿੱਕੇ ਦੇ ਤਬਾਦਲੇ ਵਿਚ ਅਸਮਾਨਤਾ, ਆਰਥਕ ਅੰਕੜਿਆਂ ਵਿਚ ਤੋੜ-ਮਰੋੜ, ਅੰਨ੍ਹੀ ਦੌਲਤ, ਤਕਨਾਲੋਜੀ ਅਤੇ ਸੰਚਾਰ ਉੱਤੇ ਮੁਕੰਮਲ ਅਜ਼ਾਰੇਦਾਰੀ ਅਤੇ ਸੱਭਿਆਚਾਰਕ ਵਖਰੇਵਾਂ ਉਹ ਇਟਾਂ ਹਨ ਜਿੰਨ੍ਹਾਂ ਨਾਲ ਇਹ ਦੀਵਾਰ ਦਿਨੋ ਦਿਨ ਉੱਪਰ ਵੱਲ ਨੂੰ ਉਸਰ ਰਹੀ ਹੈ ਅਤੇ ਦੂਜੇ ਪਾਸੇ ਧਨ-ਦੌਲਤ ਅਤੇ ਸੱਤਾ-ਕਾਬਜ਼ੀ ਤੇਜ਼ੀ ਨਾਲ ਦੱਖਣ ਤੋਂ ਉੱਤਰ ਵੱਲ ਨੂੰ ਵਧ ਰਹੀ ਹੈ।

* * *

ਦੌਲਤ ਲੋਕਾਂ ਦੇ ਮੁਕਾਬਲੇ ਵਿਚ ਵਿਪਰੀਤ ਦਿਸ਼ਾ ਵੱਲ ਚੱਲਦੀ ਹੈ। ਇਹਦੀ ਜਿੰਨੀ ਆਜ਼ਾਦ ਹੋਂਦ ਹੁੰਦੀ ਹੈ ਇਹ ਉਨ੍ਹੀ ਹੀ ਬੁਰੀ ਹੋ ਨਿਬੜਦੀ ਹੈ। ਉਤਰੀ ਅਮਰੀਕਾ ਵੱਲੋਂ ਦੱਖਣੀ ਅਮਰੀਕਾ ਵੱਲ ਦਿਖਾਈ ਨਵ-ਆਰਥਿਕ ਉਦਾਰਤਾ ਨੂੰ 'ਤ੍ਵਾਰਿਖ ਦਾ ਅੰਤ' ਕਹਿਣ ਦੇ ਅਮਲ ਵਿਚ ਆਜ਼ਾਦੀ ਦੇ ਝੰਡੇ ਥੱਲੇ ਲੋਕਾਂ ਨੂੰ ਜ਼ੁਲਮ ਦੀ ਬਲੀ ਚੜ੍ਹਾਉਣਾ ਹੈ।

**ਬਰਲਿਨ ਦੀ ਦੀਵਾਰ ਡਿਗਣ ਨੂੰ ਜੀ ਆਇਆਂ।'... ਪਰ ਦੂਸਰੀ ਦੀਵਾਰ - ਦੀਵਾਰ ਜਿਹੜੀ ਗਰੀਬ ਦੁਨੀਆਂ ਨੂੰ ਅਮੀਰ ਦੁਨੀਆਂ ਨਾਲੋਂ ਨਿਖੇੜਦੀ ਹੈ - ਸਗੋਂ ਹੋਰ ਉੱਚੀ ਹੋ ਗਈ ਹੈ।**

ਆਜਾਦ ਮੰਡੀ ਵਿਚ ਤਕੜੇ ਦੀ ਜਿੱਤ ਨੂੰ ਕੁਦਰਤੀ ਕਰਾਰ ਦਿੱਤਾ ਜਾਂਦਾ ਹੈ ਅਤੇ ਮਾੜੇ ਦੀ ਬਰਬਾਦੀ ਨੂੰ ਕਾਨੂੰਨੀ। ਨਸਲੀ ਵਿਤਕਰਾ ਆਰਥਿਕ ਸਿਧਾਂਤ ਦਾ ਰੂਪ ਧਾਰਨ ਕਰਦਾ ਹੈ। ਉਤਰੀ ਅਮਰੀਕਾ ਰੱਬੀ ਇਨਸਾਫ਼ ਨੂੰ ਇਸ ਤਰਾਂ ਜਾਇਜ਼ ਠਹਿਰਾਉਂਦੀ ਹੈ ਕਿ ਰੱਬ ਸਿਰਫ਼ ਆਪਣੇ ਖਾਸ ਲੋਕਾਂ ਨੂੰ ਹੀ ਮਾਲਾਮਾਲ ਕਰਦਾ ਹੈ ਅਤੇ ਘਟੀਆ ਨਸਲਾਂ ਨੂੰ ਉਨ੍ਹਾਂ ਦੀ ਦੰਗੇ-ਫਸਾਦ ਵਿਚ ਜਮਾਂਦਰੂ ਰੁਚੀ ਅਤੇ ਨਿਪੁੰਸਕਤਾ ਕਰਕੇ ਸਰਾਪ ਦਿੰਦਾ ਹੈ। ਉਤਰੀ ਅਮਰੀਕਣ ਕਾਮੇ ਨੂੰ ਇਕ ਦਿਨ ਵਿਚ ਇਨ੍ਹੀ ਮਜ਼ਦੂਰੀ ਮਿਲਦੀ ਹੈ ਜੋ ਕਿ ਦੱਖਣੀ ਅਮਰੀਕਣ ਕਾਮੇ ਦੀ ਅੱਧੇ ਮਹੀਨੇ ਦੀ ਤਨਖ਼ਾਹ ਤੋਂ ਵੀ ਵੱਧ ਹੁੰਦੀ ਹੈ।

ਭੁੱਖ-ਮਰੀ ਦੇ ਪੱਧਰ ਦੀਆਂ ਤਨਖ਼ਾਹਾਂ ਦੇ ਕੇ ਸਸਤੇ ਦਰ 'ਤੇ ਜਿਨਸ ਉਤਪਾਦਨ ਸੰਸਾਰ-ਮੰਡੀ ਨੂੰ ਤਬਾਹ ਕਰ ਰਿਹਾ ਹੈ। ਲਾਤੀਨੀ ਅਮਰੀਕਾ ਵਿਚ ਖੰਡ ਇਕ ਅਜੇਹੀ ਸ਼ੈਅ ਹੈ ਜਿਸ ਦੀ ਕੀਮਤ ਅਸਥਿਰ ਹੈ ਅਤੇ ਘਾਟੇ ਵੱਲ ਜਾ ਰਹੀ ਹੈ। ਕਈ ਸਾਲਾਂ ਤੱਕ ਇਸ ਵਿਚ ਇਕ ਛੋਟ ਸੀ - ਸੋਵੀਅਤ ਯੂਨੀਅਨ - ਜਿਹੜਾ ਕਿ ਕਿਊਬਾ ਦੀ ਖੰਡ ਦੀ ਉੱਚਿਤ ਕੀਮਤ ਪਰਦਾਨ ਕਰਦਾ ਸੀ(ਅਤੇ ਹੁਣ ਵੀ ਕਰਦਾ ਹੈ)। ਸਰਮਾਏਦਾਰੀ ਇਕ ਵਾਰ ਫੇਰ ਜੇਤੂ ਹੋ ਨਿੱਬੜੀ ਹੈ। ਬਹੁਤ ਸਾਰੇ ਸੰਕੇਤ ਮਿਲਦੇ ਹਨ ਕਿ ਇਹ ਤਿਜਾਰਤੀ ਸੰਧੀ ਬਹੁਤੀ ਦੇਰ ਤੱਕ ਨਹੀਂ ਟਿਕ ਸਕੇਗੀ। ਕੋਈ ਇਹ ਨਹੀਂ ਸੋਚਦਾ ਕਿ ਇਹ ਖਾਸ ਰਿਆਇਤ ਇਹ ਦਰਸਾਉਂਦੀ ਹੈ ਕਿ ਵਪਾਰ ਵਿਚ ਪੱਤਨ ਵਲ ਜਾ ਰਹੀਆਂ ਕੀਮਤਾਂ ਦੇ ਨਾਮ ਥੱਲੇ ਕਿਵੇਂ ਤਕਨੀਕੀ ਸ਼ੈਤਾਨ ਨਵੀਆਂ ਅੰਤਰ-ਰਾਸ਼ਟਰੀ

ਮੰਡੀਆਂ ਸਥਾਪਤ ਕਰਦੇ ਹਨ - ਨਿਜਮਤ ਅਪਹਰਣ ਦੇ ਇਕ ਮੁਤਬਾਦਲ ਵਜੋਂ। ਹੁਣ ਜੇਕਰ ਸੋਵੀਅਤ ਯੂਨੀਅਨ ਅਜੇ ਵੀ ਕਿਊਬਾ ਦੀ ਖੰਡ ਦੀ ਚੰਗੀ ਕੀਮਤ ਦੇਂਦਾ ਹੈ - ਇਹ ਮਾਸਕੋ ਦੀ ਦੂਸਰਿਆਂ ਦੇ ਮਸਲਿਆਂ ਵਿਚ ਖਾਹ-ਮਖਾਹ ਦਖਲ-ਅੰਦਾਜ਼ੀ ਦੇ ਸ਼ੈਤਾਨੀ ਮਨਸੂਬਿਆਂ ਦੀ ਪੁਸ਼ਟੀ ਹੀ ਕਰਦਾ ਹੈ।

* * *

ਕੋਲੈਸਟਰੋਲ ਦੇ ਫਿਕਰ ਵਿਚ ਗਲਤਾਨ ਅਤੇ ਭੁੱਖ-ਮਰੀ ਤੋਂ ਬੇਫਿਕਰ ਉਤਰੀ-ਅਮਰੀਕਾ ਆਪਣੀ ਉਦਾਰਤਾ ਵੀ ਵਿਖਾਉਂਦਾ ਹੈ। ਕਲਕੱਤੇ ਦੀ ਮਦਰ ਟਰੀਸਾ ਕਾਰਲ ਮਾਰਕਸ ਨਾਲੋਂ ਜ਼ਿਆਦਾ ਕਾਰਗਰ ਸਾਬਤ ਕੀਤੀ ਜਾਂਦੀ ਹੈ। ਦੱਖਣੀ ਅਮਰੀਕਾ ਨੂੰ ਉੱਤਰ ਵੱਲੋਂ ਦਿੱਤੀ ਜਾਂਦੀ ਆਰਥਕ ਸਹਾਇਤਾ ਭਾਵੇਂ ਸੰਯੁਕਤ ਰਾਸ਼ਟਰ ਨੂੰ ਸਿਰਫ਼ ਦਾਨ ਵਜੋਂ ਹੀ ਦਿੱਤੀ ਸਹਾਇਤਾ ਨਾਲੋਂ ਘੱਟ ਹੈ। ਪਰ ਦੂਜੇ ਪਾਸੇ ਦੱਖਣ ਉੱਤੇ ਯੁੱਧ ਦੀ ਨਕਾਰਾ-ਮਸ਼ੀਨਰੀ, ਫਾਲਤੂ ਵਸਤਾਂ ਅਤੇ ਵਿਕਾਸ ਪ੍ਰਾਜੈਕਟ ਮੜ੍ਹੇ ਜਾਂਦੇ ਹਨ ਜਿਸ ਨਾਲ ਦੱਖਣੀ ਅਮਰੀਕਾ ਹੋਰ ਵੀ ਵਿਕਾਸ-ਹੀਣ ਅਤੇ ਰਕਤਹੀਣ ਹੋ ਰਿਹਾ ਹੈ।

ਪਿਛਲੇ ਪੰਜ ਸਾਲਾਂ ਵਿਚ ਦੱਖਣੀ ਅਮਰੀਕਾ ਨੇ ਉੱਤਰੀ ਅਮਰੀਕਾ ਨੂੰ ਵਿਆਜ ਦੀਆਂ ਕਿਸ਼ਤਾਂ, ਨਫਾ, ਮਾਲਕੀ ਅਤੇ ਹਰ ਤਰ੍ਹਾਂ ਦੇ ਨੌ-ਆਬਾਦੀ ਨਜ਼ਰਾਨੇ ਵਜੋਂ ਅਣਕਿਆਸਿਆ ਧਨ ਲੁਟਾਇਆ ਹੈ ਜਿਹੜਾ ਕਿ ਅਮਰੀਕਾ ਦੀਆਂ ਦੋ ਮਾਸਟਰ ਪਲੈਨਾਂ ਦੇ ਬਰਾਬਰ ਹੈ। ਦੂਜੇ ਪਾਸੇ ਇਸੇ ਸਮੇਂ ਦੌਰਾਨ ਉੱਤਰ ਦੀਆਂ ਬੈਂਕਾਂ ਨੇ ਦੱਖਣ ਦੇ ਕਰਜ਼ਾਈ ਮੁਲਕਾਂ ਨੂੰ ਬੁਰੀ ਤਰਾਂ ਲੁੱਟਿਆ ਹੈ ਅਤੇ ਮੁਫ਼ਤ ਵਿਚ ਉਥੋਂ ਦੇ ਪਬਲਿਕ ਸੈਕਟਰ ਉੱਤੇ ਕਾਬਜ਼ ਹੋ ਨਿਬੜਿਆ ਹੈ।

ਜੇ ਕਰ ਬਾਦਸ਼ਾਹੀਆਂ ਅਤੇ ਉਨ੍ਹਾਂ ਦੀਆਂ ਕਲੋਨੀਆਂ ਪੁਰਾਤਨਤਾ ਦੇ ਅਜਾਇਬ ਘਰਾਂ ਵਿਚ ਪਈਆਂ ਵਸਤਾਂ ਹੀ ਰਹਿ ਗਈਆਂ ਹਨ ਤਾਂ ਫਿਰ ਹਾਵੀ ਮੁਲਕ ਅਜੇ ਵੀ ਹਥਿਆਰਾਂ ਦੀ ਦੌੜ ਵਿਚ ਕਿਉਂ ਲੱਗੇ ਹੋਏ ਹਨ? ਕੀ ਇਹ ਰੂਸ ਤੋਂ ਖ਼ਤਰੇ ਕਰਕੇ ਹੈ? ਜੇਕਰ ਫੌਲਾਦੀ ਪਰਦਾ ਢਹਿ ਢੇਰੀ ਹੋ ਗਿਆ ਹੈ ਅਤੇ ਕਲ ਦੇ ਬੁਰੇ ਲੋਕ ਅੱਜ ਦੇ ਚੰਗੇ ਲੋਕ ਹੋ ਗਏ ਹਨ ਤਾਂ ਫਿਰ ਤਕੜੇ ਮੁਲਕ ਅਜੇ ਕਿਉਂ ਹਥਿਆਰ ਬਣਾ ਬਣਾ ਕੇ ਹਊਏ ਖੜ੍ਹੇ ਕਰ ਰਹੇ ਹਨ? ਅਮਰੀਕਾ ਦੀ ਏਅਰ ਫੋਰਸ ਦਾ ਬੱਜਟ ਤੀਸਰੀ ਦੁਨੀਆਂ ਦੇ ਸਾਰੇ ਬੱਚਿਆਂ ਦੀ ਤਾਲੀਮ ਦੇ ਬੱਜਟ ਨਾਲੋਂ ਵੱਧ ਹੈ। ਜੇਕਰ ਉਹ ਦੇਸ਼ ਅਤੇ ਸਮਾਜਕ ਜਮਾਤਾਂ, ਜਿੰਨ੍ਹਾਂ ਨੇ ਦੁਨੀਆਂ ਨੂੰ ਖਰੀਦ ਰੱਖਿਆ ਹੈ, ਹਥਿਆਰ ਰਹਿਤ ਹੋ ਜਾਣ ਤਾਂ ਕੀ ਇਹ ਦੁਨੀਆਂ ਦੀਆਂ ਜੱਥੇਬੰਦੀਆਂ ਇਕ ਵੀ ਦਿਨ ਹੋਰ ਜਿਉਂਦੀਆਂ ਰਹਿ ਸਕਦੀਆਂ ਹਨ? ਉਹ ਜੱਥੇਬੰਦੀਆਂ ਜੋ ਆਪਣੇ ਆਪ ਦੇ ਅਮਰ ਹੋਣ ਦਾ ਸਵਾਂਗ ਰਚਦੀਆਂ ਹਨ।

ਇਹ ਢਾਂਚਾ ਜਿਹੜਾ ਉਪਭੋਗਤਾ ਅਤੇ ਹੈਂਕੜ ਵਿਚ ਗ੍ਰਸਿਆ ਹੋਇਆ ਹੈ - ਜਿਹੜਾ ਧਰਤੀ, ਸਮੁੰਦਰ, ਹਵਾ ਅਤੇ ਅਕਾਸ਼ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ - ਹੁਣ ਤਾਕਤ ਦੀ ਇੰਜ ਉੱਚੀ ਦੀਵਾਰ ਦੇ ਪੈਰਾਂ ਥੱਲੇ ਆਪਣੀ ਸੁਰੱਖਿਅਤਾ ਸਮਝਦਾ ਹੈ। ਇਹ ਢਾਂਚਾ ਇਕ ਅੱਖ ਖੋਲ੍ਹ ਕੇ ਸੌਂਦਾ ਹੈ (ਜਿਸਦੇ ਵਾਜਬ ਕਾਰਨ ਹਨ)

ਤਵਾਰੀਖ ਦਾ ਅੰਤ ਮੌਤ ਦਾ ਸੁਨੇਹਾ ਹੈ। ਉਹ ਢਾਂਚਾ ਜਿਹੜਾ ਅੰਤਰ-ਰਾਸ਼ਟਰੀ ਪੱਧਰ ਤੀਕ ਆਦਮ-ਖ਼ੋਰੀ ਕਰਦਾ ਹੈ - ਇਹ ਦਰਸਾਉਂਦਾ ਹੈ ਕਿ 'ਮੈਂ ਸੱਭ ਕੁੱਝ ਹਾਂ। ਮੇਰੇ ਬਾਅਦ ਕੁੱਝ ਵੀ ਨਹੀਂ।'

(ਪੰਜਾਬੀ ਵਿਚ ਸੁਤੰਤਰ ਅਨੁਵਾਦ:
**ਸਤਵੰਤ ਦੀਪਕ)**

---

**ਜੇਕਰ ਉਹ ਦੇਸ਼ ਅਤੇ ਸਮਾਜਕ ਜਮਾਤਾਂ, ਜਿੰਨ੍ਹਾਂ ਨੇ ਦੁਨੀਆਂ ਨੂੰ ਖਰੀਦ ਰੱਖਿਆ ਹੈ, ਹਥਿਆਰ ਰਹਿਤ ਹੋ ਜਾਣ ਤਾਂ ਕੀ ਇਹ ਦੁਨੀਆਂ ਦੀਆਂ ਜੱਥੇਬੰਦੀਆਂ ਇਕ ਵੀ ਦਿਨ ਹੋਰ ਜਿਉਂਦੀਆਂ ਰਹਿ ਸਕਦੀਆਂ ਹਨ? ਉਹ ਜੱਥੇਬੰਦੀਆਂ ਜੋ ਆਪਣੇ ਆਪ ਦੇ ਅਮਰ ਹੋਣ ਦਾ ਸਵਾਂਗ ਰਚਦੀਆਂ ਹਨ।**

---

# ਦੋ ਗੀਤ

## ਇੰਦਰਜੀਤ ਹਸਨਪੁਰੀ

ਮਾਲੀਆ ਬਚਾ ਲੈ ਬਾਗ਼, ਫੂਕ ਨਾ
ਕਾਲਾ ਨਾਗ ਬਣ ਕੇ ਤੂੰ ਸ਼ੂਕ ਨਾ।
ਬੇਲ, ਬੂਟੇ ਕੂਕਦੇ ਨੇ ਕੂਕਦੀਆਂ ਟਹਿਣੀਆਂ
ਫੁੱਲ ਨਾ ਰਹੇ ਤਾਂ ਖ਼ੁਸ਼ਬੋਆਂ ਨਹੀਉਂ ਰਹਿਣੀਆਂ
ਕੀ ਸੁਣਦੀ ਕਿਸੇ ਦੀ ਤੈਨੂੰ ਕੂਕ ਨਾ
ਮਾਲੀਆ ਬਚਾ ਲੈ ਬਾਗ਼.......।
ਕਿਸੇ ਦਾ ਨਾ ਏਥੇ ਕੋਈ ਜ਼ੁਲਮ ਸਹਾਰਦਾ
ਭੌਰ ਨੂੰ ਵੀ ਫੁੱਲ ਜੱਫੀ ਵਿਚ ਲੈ ਕੇ ਮਾਰਦਾ
ਜਾਣ ਫੁੱਲਾਂ ਨੂੰ ਮਸੂਮ ਤੇ ਮਲੂਕ ਨਾ
ਮਾਲੀਆ ਬਚਾ ਲੈ ਬਾਗ਼.....।
ਕੰਡਿਆਂ ਦੀ ਵਾੜ ਹੁੰਦੀ ਫੁੱਲਾਂ ਨੂੰ ਬਚਾਣ ਲਈ
ਸੂਲਾਂ ਨਹੀਂਓ ਹੁੰਦੀਆਂ ਵੇ ਸੀਨੇ ਛੇਕ ਪਾਣ ਲਈ
ਕਰ ਫੁੱਲਾਂ ਨਾਲ ਇੰਜ ਤੂੰ ਸਲੂਕ ਨਾ
ਮਾਲੀਆ ਬਚਾ ਲੈ ਬਾਗ਼.......।
ਹਸਨਪੁਰੀ ਇਹ ਤਾਂ ਜਾਣੇ ਦੁਨੀਆਂ ਤਮਾਮ ਵੇ
ਹੁੰਦੀ ਨਾ ਸੁਗੰਧ ਕਦੇ ਕਿਸੇ ਦੀ ਗੁਲਾਮ ਵੇ
ਮੌਕੇ ਨੂੰ ਸੰਭਾਲ, ਹੁਣ ਚੂਕ ਨਾ
ਮਾਲੀਆ ਬਚਾ ਲੈ ਬਾਗ........।

---

ਜਦ ਤਾਜ ਤਖ਼ਤ ਦੀ ਛਾਂ ਹੇਠਾਂ
ਲੋਕਾਂ ਦੀ ਸੰਘੀ ਘੁੱਟਦੀ ਹੈ
ਤਾਂ ਫੇਰ ਬਗ਼ਾਵਤ ਉੱਠਦੀ ਹੈ
ਹਾਂ ਫੇਰ ਬਗਾਵਤ ਉੱਠਦੀ ਹੈ
ਜਦ ਵਾੜ ਖੇਤ ਨੂੰ ਖਾਂਦੀ ਹੈ
ਜਦ ਪੈਲੀ ਉੱਜੜ ਜਾਂਦੀ ਹੈ
ਜਦ ਖ਼ਾਬ ਲਤਾੜੇ ਜਾਂਦੇ ਨੇ
ਜਦ ਕਿਸੇ ਦੀ ਦੁਨੀਆਂ ਲੁਟਦੀ ਹੈ
ਤਾਂ ਫੇਰ ਬਗਾਵਤ.....।
ਜਦ ਰਾਖੇ ਲੁੱਟਾਂ ਪਾਂਦੇ ਨੇ
ਦਿਨ ਦੀਵੀਂ ਨ੍ਹੇਰ ਮਚਾਂਦੇ ਨੇ
ਤੇ ਸ਼ੀਸ਼ੇ ਵਾਂਗੂੰ ਆਸ ਕੋਈ
ਜਦ ਤਿੜਕ ਤਿੜਕ ਕੇ ਟੁੱਟਦੀ ਹੈ
ਤਾਂ ਫੇਰ ਬਗ਼ਾਵਤ.....।
ਜਦ ਮਾਲੀ ਖੁਦ ਹੀ ਜ਼ੁਲਮ ਕਰੇ
ਤੇ ਬੁਲਬੁਲ ਵੀ ਬੇਦੋਸ਼ ਮਰੇ
ਫਿਰ ਫੁੱਲ ਚੰਗਿਆੜੇ ਛੱਡਦੇ ਨੇ
ਹਰ ਕਲੀ ਅੰਗਾਰੇ ਸੁੱਟਦੀ ਹੈ
ਤਾਂ ਫੇਰ ਬਗਾਵਤ.....
ਤੂਫ਼ਾਨ ਜ਼ੁਲਮ ਦੇ ਉੱਠਦੇ ਨੇ
ਤੇ ਜਦੋਂ ਖਿਡਾਉਣੇ ਟੁੱਟਦੇ ਨੇ
ਮਮਤਾ ਦੇ ਨੈਣੋਂ ਹਸਨਪੁਰੀ
ਜਦ ਜਮਨਾ ਗੰਗਾ ਫੁੱਟਦੀ ਹੈ
ਤਾਂ ਫੇਰ ਬਗ਼ਾਵਤ.........।

(ਪੰਜਾਬ)

Canada's future:

# Now you're talking



# ...and we're listening.

We're the Citizens' Forum on Canada's Future – a dozen Canadians the federal government has asked to report by July 1, 1991, on your ideas for our country's future.

We're an independent, non-partisan group, with a wide range of backgrounds and beliefs. Our job is collect and focus citizens' views into their vision of the future.

To do this, we need to hear from you.

We need to know what you think is wrong with our country – and how, together, we can fix it. We also want to hear what's right, and worth keeping.

We want to hear from everybody – especially those who aren't used to speaking up and speaking out.

**Call now – and make a difference**

From January to June 1991, we'll be offering you an unprecedented chance to help reshape our future. We'll do this through many kinds of informal meetings where you'll feel comfortable giving your views.

For starters, we've set up a special Idea Line – 1-800-66-FORUM – to let you call us free from anywhere in Canada, seven days a week, between 8 a.m. and 8 p.m.

Whatever your thoughts, we'd like to hear them.

Remember, now you're talking... and we're listening.

**CANADA – IT'S YOUR CALL: 1-800-66-FORUM***

You can also write us at:
Citizens' Forum
P.O. Box 1991, Station B
Ottawa, Canada K1P 1A2

*For FORUM be sure to dial the letter O, not zero

Citizens' Forum on Canada's Future | Le Forum des citoyens sur l'avenir du Canada

CANADA

ਵਕੀਲ ਜਿਹੜੇ ਤੁਹਾਡੀ ਸਤਿਅਤਾ ਅਤੇ ਬੋਲੀ ਜਾਣਦੇ ਹਨ। **DOSANJH & COMPANY**

(ਵਕੀਲ)

## ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
*ਡਾਇਵੋਰਸ ਤੇ ਫੈਮਲੀ ਦੇ ਕੇਸ
*ਇਮੀਗਰੇਸ਼ਨ ਦੀਆਂ ਅਪੀਲਾਂ
*ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

# BUYING OR SELLING

**RESIDENTIAL, COMMERCIAL, FARMS OR LOTS**

**CONTACT**



**KULDIP RANGI**

**NORTHRIDGE REALTY LTD.**
**6417 FRASER ST.,**
**VANCOUVER, V5W 3A6**
**PH: 327-1111**
**RES. 278-8320**

ਕਹਾਣੀ

# 'ਮੈਂ ਵਿਕਾਊ ਨਹੀਂ'

## ਹਰਪ੍ਰੀਤ ਸੇਖਾ

ਕਾਫੀ ਦੇਰ ਤੋਂ ਟਰਿੱਪ ਦੀ ਉਡੀਕ 'ਚ ਐ। ਕੋਈ ਸਵਾਰੀ ਈ ਨਹੀਂ ਆਉਂਦੀ। ਆਹੀ ਸਾਲੀ ਗੱਲ ਮਾੜੀ ਐ ਟੈਕਸੀ ਚਲਾਉਣ 'ਚ ਜਿਹੜੀ ਐਨੀ ਉਡੀਕ ਕਰਨੀ ਪੈਂਦੀ ਐ। ਲੈ ਜੇ ਹੁਣ ਕੋਈ ਲੰਮਾ ਟਰਿੱਪ ਮਿਲੇ ਤਾਂ ਐ। ਲੰਮੇ ਟਰਿੱਪ ਨਾਲ ਡਾਲਰ ਚੰਗੇ ਬਣ ਜਾਂਦੇ ਐ। ਉਂ ਇਕ ਗੱਲੋਂ ਛੋਟੇ ਟਰਿੱਪ ਵੀ ਵਧੀਆ ਰਹਿੰਦੇ ਆ, ਬੰਦੇ ਦਾ ਟਿਕਾਣਾ ਛੇਤੀ ਆ ਜਾਂਦੇ ਤੇ ਅਗਲੇ ਨਾਲ ਬਹੁਤੀ ਗੱਲ ਨੀਂ ਕਰਨੀ ਪੈਂਦੀ। ਲੰਮੇ ਟਰਿੱਪ 'ਚ ਮੱਲੋਜੋਰੀ ਅਗਲਾ ਕੋਈ ਨਾਂ ਕੋਈ ਗੱਲ ਛੇੜ ਲੈਂਦੈ ਫੇਰ ਐਵੇਂ ਅਗਲੇ ਦੀ ਝੂਠੀ ਹਾਂ 'ਚ ਹਾਂ ਮਲਾਓ, ਅਗਲੇ ਦੀ ਚਾਪਲੂਸੀ ਕਰੋ। ਸਵਾਰੀ ਨੂੰ ਖੁਸ਼ ਰੱਖੋ ਜਿਵੇਂ ਅਗਲਾ ਕਹਿੰਦਾ ਹੈ ਬੱਸ ਹੱਸ ਕੇ ਹਾਂ 'ਚ ਹਾਂ ਕਰੀ ਚੱਲੋ। ਜੇ ਕੋਈ ਹੋਰ ਗੱਲ ਨਹੀਂ ਔੜਦੀ ਤਾਂ ਮੌਸਮ ਬਾਰੇ ਹੀ ਗੱਲ ਛੇੜ ਲਵੋ। ਸੂਰਜ ਵਾਲਾ ਦਿਨ ਸਾਰੇ ਪਸੰਦ ਕਰਦੇ ਆ ਇਸ ਲਈ ਜੇ ਸੂਰਜ ਵਾਲਾ ਦਿਨ ਹੋਵੇ ਤਾਂ ਸਵਾਰੀ ਦਾ ਹਾਲ-ਚਾਲ ਪੁੱਛ ਕੇ ਕਹੋ 'ਕਿੰਨਾਂ ਸੋਹਣਾਂ ਦਿਨ ਐ।' ਪੁੱਛਣ ਵਾਲਾ ਹੋਵੇ ਬਈ ਸੋਹਣਾ ਦਿਨ ਅਗਲੇ ਨੂੰ ਵੀ ਦਿਸੀ ਜਾਂਦੈ ਇਹਦੇ 'ਚ ਕਹਿਣ ਵਾਲੀ ਗੱਲ ਕੀ ਐ? ਲੈ ਇਹੋ ਜਿਹੀਆਂ ਗੱਲਾਂ ਤਾਂ ਟੈਕਸੀ ਕੰਪਨੀ ਦੇ ਮੈਨੇਜਰ ਨੇ ਮੈਨੂੰ ਸਖਾਈਆਂ ਜਿੰਦਣ ਟਰੇਨਿੰਗ ਦਿੰਦਾ ਸੀ। ਮੈਥੋਂ ਤਾਂ ਨੀਂ ਹੁੰਦਾ ਐਹੋ ਜਿਹਾ ਕੁੱਝ। ਦੋ-ਦੋ ਆਨਿਆਂ ਦੇ ਬੰਦੇ ਹੁੰਦੇ ਆ ਤੇ ਉਨ੍ਹਾਂ ਦੀ ਚਾਪਲੂਸੀ ਕਰੋ। ਪਰ ਆਪਾਂ ਤਾਂ ਆਵਦਾ ਹਿਸਾਬ ਵਰਤੀਦੇ ਜਦੋਂ ਅਗਲਾ ਆ ਕੇ ਬਹਿੰਦੈ ਆਪਾਂ ਰੇਡੀਓ ਆਨ ਕਰ ਦੇਈਦੈ। ਅਖੇ 'ਤੇਰੀ ਵੀ ਰਹਿਗੀ ਤੇ ਮੇਰੀ ਵੀ ਰਹਿਗੀ।'

ਉਂ ਟੈਕਸੀ ਚਲਾਉਣ ਦਾ ਕੰਮ ਚੰਗੈ। ਨਾਂ ਕਿਸੇ ਦੀ ਹਿੜਕ ਨਾ ਝਿੜਕ, ਆਵਦਾ ਕੰਮ ਐ। ਹਫਤਾ ਹੋ ਗਿਆ ਟੈਕਸੀ ਚਲਾਉਣ ਦਾ ਕੰਮ ਸ਼ੁਰੂ ਕੀਤੇ ਨੂੰ ਐਵੇਂ ਕਹੀਏ ਆਪਾਂ ਨੂੰ ਤਾਂ ਬੰਦਾ ਵੀ ਹਾਲੇ ਤਾਈਂ ਕੋਈ ਮਾੜਾ ਨੀਂ ਟੱਕਰਿਆ। ਟੈਕਸੀ 'ਚ ਬੈਠਕੇ ਸਿਗਰਟ ਪੀਣ ਲੱਗੇ ਵੀ ਪੁੱਛਣਗੇ, 'ਕੀ ਮੈਂ ਸਿਗਰਟ ਪੀ ਸਕਦੈਂ?" ਜੇ ਕੋਈ ਸ਼ੀਸ਼ਾ ਹੇਠਾਂ-ਉਤਾਂਹ ਕਰਨਾਂ ਹੋਵੇ ਤਾਂ ਪਹਿਲਾਂ ਪਲੀਜ਼ ਕਹਿਣਗੇ। ਬੰਦੇ ਨੂੰ ਸਵਾਦ ਆ ਜਾਂਦੈ ਕਿ?

ਲੈ ਮੈਨੂੰ ਇੰਡੀਆ ਤੋਂ ਕਨੇਡਾ ਆਏ ਨੂੰ ਅੱਠ ਮਹੀਨੇ ਹੋ ਗਏ ਆ ਤੇ ਹੁਣ ਜਾਕੇ ਠੀਕ ਕੰਮ ਮਿਲਿਐ। ਇਹ ਕੰਮ ਮੈਨੂੰ ਫਿੱਟ ਬੈਠਦਾ ਲੱਗਦੈ। ਪਹਿਲਾਂ ਤਾਂ ਐਵੇਂ ਫਾਰਮ 'ਚ ਕੰਮ ਕਰਨ ਲੱਗ ਗਏ। ਫਾਰਮਾਂ 'ਚ ਕੰਮ ਕਰਨਾਂ ਕੁਝ ਨੀਂ ਯਾਰ ਐਵੇਂ ਨਿੱਤ ਚਿੱਤ ਈ ਖਰਾਬ ਹੁੰਦਾ ਸੀ। ਉੱਥੇ ਸੌ ਕਿੱਲੇ ਜਮੀਨ ਦਾ ਮਾਲਕ, ਚਾਰ-ਪੰਜ ਨੌਕਰ ਅੱਗੇ ਪਿੱਛੇ ਫਿਰਦੇ ਰਹਿੰਦੇ ਸੀ ਡੱਕਾ ਕਿਤੇ ਦੂਹਰਾ ਨਹੀਂ ਸੀ ਕੀਤਾ ਤੇ ਐਥੇ ਸਹੁਰਾ ਦੋ-ਆਨਿਆਂ ਦਾ ਠੇਕੇਦਾਰ ਹੁੰਦੇ ਤੇ ਨਾਸਾਂ ਐਂ ਟੱਡਦੇ ਜਿਵੇਂ ਕਾਕੇ ਸਰਾਂ ਆਲੇ ਨਾਲ ਪਿੱਠ ਲੱਗਦੀ ਹੋਵੇ। ਪੁੱਛਣ ਵਾਲਾ ਹੋਵੇ, ਦੋ ਵਰ੍ਹੇ ਪਹਿਲਾਂ ਆ ਕੇ ਸੈੱਟ ਹੋ ਗਿਆ ਤਾਂ ਕੀ ਹੋ ਗਿਆ ਪਿੱਛੋਂ ਤਾਂ ਕੋਈ ਕੰਮੀ-ਕਮੀਨ ਈ ਹੋਊਗਾ ਤੇ ਅਸੀਂ ਸਰਦਾਰ ਠਹਿਰੇ। ਮੁੱਛ ਤੋਂ ਕਿਤੇ ਵੱਟ ਨਹੀਂ ਸੀ ਲਹਿਣ ਦਿੱਤਾ। ਫਾਰਮਾਂ ਦੇ ਕੰਮ ਕਿਤੇ ਮੇਰੇ ਅਰਗਿਆਂ ਦੇ ਕਰਨ ਵਾਲੇ ਆ ਉੱਥੇ ਤਾਂ ਉਹ ਬੰਦੇ ਕੰਮ ਕਰਦੇ ਆ ਜਿਹੜੇ ਪਿੱਛੋਂ ਨੰਗ ਆਏ ਹੋਣ। ਉਂ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਏ ਰਹੋ।

ਏਸ ਗੱਲੋਂ ਟੈਕਸੀ ਚਲਾਉਣ ਦਾ ਕੰਮ ਵਧੀਆ ਐ। ਕੋਟ-ਪੈਂਟ ਪਾਈਦਾ, ਟਾਈ ਕੱਸੀ ਦੀ ਐ। ਟੌਹਰ ਐ ਕਿ? ਲੈ ਹੁਣ ਭਾਂਵੇ ਮੁੱਛਾਂ ਨੂੰ ਤਾਅ ਦੇਈ ਚੱਲੀਏ। ਤੇ ਉਹਦਾ ਹੱਥ ਆਪ ਹੀ ਮੁੱਛਾਂ ਨੂੰ ਵੱਟ ਦੇਣ ਲਈ ਮੁੱਛ ਕੋਲ ਪਹੁੰਚ ਗਿਆ।

ਫਾਰਮਾਂ ਦੇ ਕੰਮ ਤੋਂ ਪਿੱਛੋਂ ਫਸਿਆ ਸੀ ਘਰ ਬਨਾਉਣ ਵਾਲਿਆਂ ਨਾਲ। ਚੁੱਕ-ਚੁੱਕ ਲੱਕੜਾਂ ਫੜਾਓ। ਕੁਛ ਨੀਂ ਸੀ ਕੰਮ ਯਾਰ ਉਹ ਵੀ ਐਵੇਂ ਸਾਰਾ ਦਿਨ ਤਰਖਾਣਾਂ ਦੇ ਮਗਰ-ਮਗਰ ਤੁਰੇ ਫਿਰੋ। ਐਹੋ ਜੇ ਛੱਤੀ ਵੀਹਾਂ ਤਰਖਾਣ ਉੱਥੇ ਸਾਡੇ ਅੱਗੇ ਗੋਡੇ ਟੇਕਦੇ ਸੀ।

ਜਦੋਂ ਉਹ ਕੰਮ ਛੱਡਿਆ ਕਈ ਲੋਕ ਸਲਾਹਾਂ ਦੇਣ ਅਖੇ 'ਐਥੇ ਤਾਂ ਤਾਈ ਐਹੋ ਜੇ ਈ ਕੰਮ ਕਰਨੇ ਪੈਂਦੇ ਆ ਜੇ ਨਹੀਂ ਕਰਨੇ ਤਾਂ ਕੁੱਛ ਪੜ੍ਹ ਲਿਖਲਾ'। ਪੁੱਛਣ ਵਾਲਾ ਹੋਵੇ ਆਹ ਕੋਈ ਪੜ੍ਹਨ ਦੀ ਉਮਰ ਐ ਪੱਚੀਆਂ-ਛੱਬੀਆਂ ਸਾਲਾਂ ਦਾ ਹੋ ਚੱਲਿਐਂ। ਜਦੋਂ ਪੜ੍ਹਨ ਦੀ ਉਮਰ ਸੀ ਸਾਡੇ ਦਿਮਾਗ ਉਦੋਂ ਦਾਰੂ ਦੇ ਘੋੜੇ ਕਰੀ ਰੱਖੇ। ਹੁਣ ਤਾਂ ਪੜ੍ਹਨ ਦੀ ਉਂ ਉਮਰ ਲੰਘਗੀ।

ਤੇ ਉਦੂ ਪਿਛੋਂ। ਨਹੀਂ-ਨਹੀਂ ਯਾਰ ਉਹ ਤਾਂ ਰਿਸ਼ਤੇਦਾਰਾਂ ਦਾ ਈ ਕਸੂਰ ਸੀ ਜਿਹਨਾਂ ਨੇ ਮੇਰੀ ਪੁਜੀਸ਼ਨ ਦਾ ਖਿਆਲ ਨੀ ਕੀਤਾ। ਅਖੇ ਕਲੀਨਅੱਪ ਦਾ ਈ ਕੰਮ ਕਰਲੈ ਉਹ ਵਧੀਆ ਐ, ਨਾਲੇ ਹੌਲਾ ਐ। ਮੈਂ ਸੋਚਿਆ ਪਤਾ ਨੀਂ ਕਿੰਨਾ ਕੁ ਵਧੀਆ ਕੰਮ ਹੋਊ। ਜਦੋਂ ਅੱਗੇ ਕੰਮ ਤੇ ਗਿਆ ਤਾਂ ਅਖੇ ਦਫ਼ਤਰ ਦੇ ਸਾਰੇ ਟੇਬਲ ਸਾਫ਼ ਕਰੋ, ਫਰਸ਼ ਸਾਫ ਕਰੋ, ਟਾਇਲਟ ਸਾਫ ਕਰੋ। ਦੁਰਫਿੱਟੇ ਮੂੰਹ ਐਹੋ ਜਿਹੇ ਰਿਸ਼ਤੇਦਾਰਾਂ ਦੇ ਜਿਹਨਾ ਨੇ ਮੇਰੀ ਪੁਜੀਸ਼ਨ ਦਾ ਖਿਆਲ ਵੀ ਨਹੀਂ ਕੀਤਾ ਬਈ ਇਹ ਸਰਦਾਰਾਂ ਦਾ ਮੁੰਡਾ ਐਹੋ ਜੇ ਘਟੀਆ ਕੰਮ ਕਰ ਸਕਦੈ। ਆਪਾਂ ਕਿਹੜਾ ਉਸ ਪਿੱਛੋਂ ਬਲਾਏ ਆ। ਉਂ ਸਹੁਰੇ ਬਲਾਉਣ ਦੇ ਲਾਇਕ ਰਹੇ ਹੀ ਕਦੋਂ ਆ। ਐਵੇਂ ਦੂਰ ਦੇ ਰਿਸ਼ਤੇਦਾਰ ਐ। ਪਤਾ ਨਹੀਂ ਨਾਂ, ਬਈ ਉੱਥੇ ਇਹਨਾਂ ਦੀ ਆਸੇ-ਪਾਸੇ ਦੇ ਪਿੰਡਾਂ 'ਚ ਕਿੰਨੀ ਚੌਧਰ ਐ। ਦੋ ਤਾਂ ਟਰੈਕਟਰ ਹੀ ਰੱਖੇਵੇ ਆ। ਜੀਪ ਅੱਡ ਰੱਖੀ ਵੀਐ। ਝਲਵਾਨੀ ਗੇੜੇ ਦੇਣ ਨੂੰ। ਨੇੜੇ-ਤੇੜੇ ਦੇ ਸਾਰੇ ਸ਼ਰਾਬ ਦੇ ਠੇਕੇ ਸਾਡੇ ਕੋਲ ਸੀ। ਇਹ ਤਾਂ ਅੱਤਵਾਦੀ ਸ਼ਰਾਬ ਦੇ ਠੇਕੇਦਾਰਾਂ ਦੇ ਮਗਰ ਪੈਗੇ ਹਾਲਾਤ ਮਾੜੇ ਆ ਗਏ ਕੁਝ। ਉਂ ਕਨੇਡਾ ਦਾ ਨਾਂ ਬਹੁਤ ਸੁਣਿਆ ਸੀ ਤਾਂ ਐਧਰ ਆ ਗਏ। ਨਹੀਂ ਤਾਂ ਥੋੜੇ ਅਰਗਿਆਂ ਦੀ ਕੀ ਮਜਾਲ ਸੀ ਬਈ ਐਹੋ ਜਿਹੀ ਟਿੱਚਰ ਕਰ ਜਾਂਦੇ।

ਚੱਲ ਠੀਕ ਆ ਯਾਰ ਰੋਟੀ ਖਾਣ ਲਈ ਇੱਧਰ ਕੰਮ ਤਾਂ ਕੋਈ ਕਰਨਾ ਈ ਪੈਣੈਂ ਹੁਣ ਆ ਕੰਮ ਸੈਟ ਆਇਆ ਲੱਗਦੈ ਇਹ ਕਰਕੇ ਵੇਹਨੇਂ ਆਂ।

'ਲੈ ਫਿਰ ਆ ਗਿਆ ਸੈੱਟ ਕੰਮ'। ਟੈਕਸੀ ਵੱਲ ਆ ਰਹੇ ਬੰਦੇ ਨੂੰ ਦੇਖ ਕੇ ਉਹ ਸੋਚਾਂ ਚੋਂ ਨਿਕਲਦਾ ਫੁਸ-ਫੁਸਾਇਆ।

'ਮੈਂ ਤੈਨੂੰ ਹਾਇਰ ਕਰ ਸਕਦੈਂ"। ਬੰਦੇ ਨੇ ਕੋਲ ਆ ਕੇ ਪੁੱਛਿਆ ਜਿਵੇਂ ਉਸਨੂੰ ਸ਼ੱਕ ਹੋਵੇ ਕਿ ਕਿਤੇ ਟੈਕਸੀ ਡਰਾਈਵਰ ਕਿਸੇ ਹੋਰ ਬੰਦੇ ਦੀ ਤਾਂ ਉਡੀਕ ਨਹੀਂ ਕਰ ਰਿਹਾ।

'ਪਾਰਡਨ'। ਉਸਨੇ ਪਾਰਡਨ ਸ਼ਬਦ ਦਾ ਇਉਂ ਉਚਾਰਣ ਕੀਤਾ ਜਿਵੇਂ ਕਹਿ ਰਿਹਾ ਹੋਵੇ, 'ਕੇਰਾਂ ਫਿਰ ਕਹਿ'।

'ਮੈਂ ਤੈਨੂੰ ਹਾਇਰ ਕਰ ਸਕਦੈਂ?' ਬੰਦੇ ਨੇ ਆਪਣਾ ਪ੍ਰਸ਼ਨ ਦੁਹਰਾਇਆ।

'ਮੈਂ ਵਿਕਾਊ ਨਹੀਂ"। ਉਹ ਪੂਰੇ ਜੋਰ ਨਾਲ ਚਿਲਾਇਆ।

ਆਦਮੀ ਉਸ ਦੀ ਉੱਚੀ ਆਵਾਜ ਤੋਂ ਝੁੰਜਲਾਇਆ ਅਤੇ ਫਿਰ ਜਿਵੇਂ ਉਸ ਨੂੰ ਉਸਦੇ ਗੁੱਸੇ ਦੀ ਸਮਝ ਆ ਗਈ ਹੋਵੇ ਤੇ ਆਦਮੀ ਨੇ ਕਿਹਾ,'ਮੇਰਾ ਮਤਲਬ ਤੇਰੀ ਟੈਕਸੀ ਤੋਂ ਸੀ। ਪਰ ਇਹਦੇ ਨਾਲ ਕੀ ਫਰਕ ਪੈਂਦਾ ਹੈ ਕਿਉਂ ਕਿ ਤੂੰ ਹੀ ਟੈਕਸੀ ਚਲਾ ਰਿਹਾ ਹੈਂ'। ਆਦਮੀ ਨੇ ਜਿਵੇਂ ਖਰੀ ਕਹਿ ਦਿੱਤੀ ਹੋਵੇ।

ਤੇ ਉਸਦੇ ਗੁੱਸੇ ਦਾ ਜਿਵੇਂ ਕੋਈ ਅੰਤ ਹੀ ਨਾ ਰਿਹਾ ਹੋਵੇ, 'ਮੇਰੀਆਂ ਅੱਖਾਂ ਤੋਂ ਦੂਰ ਹੋ ਜਾ'। ਕਹਿ ਕੇ ਉਸਨੇ ਟੈਕਸੀ ਸਟਾਰਟ ਕਰ ਲਈ।

"ਸਾਲਾ ਮੈਨੂੰ ਹਾਇਰ ਕਰੂ ਇਹ ਵੱਡਾ ਧਨਾਢ। ਤੇਰੇ ਅਰਗੇ ਨਿੱਤ ਅਸੀਂ ਛੱਤੀ ਬੰਦੇ ਹਾਇਰ ਕਰੀਦੇ ਆ ਉੱਥੇ। ਸਰਦਾਰ ਚੰਨਣ ਸਿੰਘ ਦੇ ਪੁੱਤ ਨੂੰ ਹਾਇਰ ਕਰਨ ਆਲਾ ਜੰਮਿਐ ਨੀ ਕੋਈ।" ਕੁੱਛ ਨੀਂ ਕੰਮ ਇਹ ਵੀ ਯਾਰ। ਬੰਦੇ ਦੀ ਕਦਰ ਈ ਕੋਈ ਨਹੀਂ। ਦੁਆਨੀ ਦਾ ਬੰਦਾ ਆ ਕੇ ਪੁੱਛਦੈ ਅਖੇ ਕੀ ਮੈਂ ਤੈਨੂੰ ਹਾਇਰ ਕਰ ਸਕਦੈਂ? ਸਾਨੂੰ ਕੋਈ ਇਉਂ ਆਖ ਜੇ ਲੋਹੜਾ ਨੀਂ ਯਾਰ। 'ਇਹ ਨੀ ਸਾਡੇ ਕਰਨ ਵਾਲਾ ਕੰਮ' ਬੁੜ-ਬੁੜ ਕਰਦਾ ਉਹ ਟੈਕਸੀ ਕੰਪਨੀ ਦੇ ਦੱਫਤਰ ਵੱਲ ਟੈਕਸੀ ਦੀਆਂ ਚਾਬੀਆਂ ਮੋੜਨ ਚੱਲ ਪਿਆ।

ROYAL LEPAGE

It's you that counts the most!

#2-10160 - 152 ST SURREY, B.C. 589-8282 SURREY GUILDFORD

ਆਪਣੀ ਜਾਇਦਾਦ ਦੀ ਮਾਰਕਿਟ ਕੀਮਤ ਲਈ ਮੁਫਤ ਸਲਾਹ ਲੈਣੀ ਹੋਵੇ ਤਾਂ ਕੈਨੇਡਾ ਦੀ ਸੱਭ ਤੋਂ ਵੱਡੀ ਰੀਅਲ ਇਸਟੇਟ ਕੰਪਨੀ ਰੌਇਲ ਲੀ ਪੇਜ਼ ਦੇ

## ਦਰਸ਼ਨ ਗਿੱਲ ਨੂੰ ਫੋਨ ਕਰੋ: 589-8282

ਦਰਸ਼ਨ ਗਿੱਲ ਤੁਹਾਡੀ ਮਾਰਗੇਜ਼ ਲੈਣ ਵਿਚ ਵੀ ਸਹਾਇਤਾ ਕਰ ਸਕਦੇ ਹਨ। ਰੌਇਲ ਲੀ ਪੇਜ਼ ਨੇ ਆਪਣੀ ਮਾਰਗੇਜ਼ ਕੰਪਨੀ ਸ਼ੁਰੂ ਕਰ ਦਿੱਤੀ ਹੈ ਜਿੱਥੋਂ ਤੁਹਾਨੂੰ ਸਸਤੇ ਰੇਟ ਤੇ ਮਾਰਗੇਜ਼ ਮਿਲ ਸਕਦੀ ਹੈ।

**ਹੋਰ ਸੇਵਾਵਾਂ:**
* ਘਰ ਖ੍ਰੀਦਣਾ ਹੋਵੇ ਜਾਂ ਵੇਚਣਾ ਹੋਵੇ ਤਾਂ ਸਹੀ ਮੁੱਲ ਦਿਵਾਉਣ ਵਿਚ ਸਹਾਇਤਾ।
* ਇਸ ਸਮੇਂ ਘਰ ਬਣਾਉਣ ਲਈ ਲਾਟਾਂ ਦੇ ਭਾਅ ਵਾਜਬ ਹਨ। ਵਧੀਆ ਲਾਟਾਂ ਸਸਤੇ ਭਾਅ ਉੱਤੇ।
* ਫਾਰਮ ਜਾਂ ਬਿਜਨਸ ਖ੍ਰੀਦਣ ਜਾਂ ਵੇਚਣ ਵਿਚ ਮਦਦ।

**For All Your Real Estate Needs**
**Contact Darshun Gill Ph: 589-8282**

**ROYAL LEPAGE MORTGAGE COMPANY**

**SERVICE**
**#2-10160-152 St., Surrey, B.C.**

## Kartar Photo Studio

## ਕਰਤਾਰ ਫੋਟੋ ਸਟੂਡੀਉ

ਸਾਡੇ ਕੋਲ ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਤੇ ਵੀਡੀਉ ਮੂਵੀਜ਼ ਬਣਾਉਨ ਦਾ ਪੂਰਾ ਪ੍ਰਬੰਧ ਹੈ।



ਸਾਡੇ ਕੋਲ ਬੱਚਿਆਂ ਅਤੇ ਔਰਤਾਂ ਦੇ ਫੈਂਸੀ ਸੂਟ, ਸਾੜੀਆਂ, ਬੱਚਿਆਂਦੇ ਖਿਡੌਣੇ, ਗੁਰੂ ਗਰੰਥ ਸਾਹਿਬ ਲਈ ਰੁਮਾਲੇ ਵੀ ਮਿਲ ਸਕਦੇ ਹਨ।

Passport Photos in 5 minutes.



4279 Fraser St.
(27th Ave.)
Vancouver, B.C.
**872-6060**
Or
6618 Fraser St.(at 50th Ave.)
Vancouver, B.C.
V5X 3T5
**Ph. 327-1700**

PRINTING

*Business Cards - Wedding Cards*
*Letterheads - Envelopes - Brochures*
*Menus - Business Forms*
*Flyers - Etc., Etc.*

**SPECIAL PHOTOCOPIES**

1-10 copies 7cents
11-30 copies 6cents
31-75 copies 5cents
76 & UP 4.5cents

B/W 8.5 X11

(PRICE PER ORIGINAL)

**FULL COLOUR COPIES**

**BUSINESS CARDS (BLACK ON WHITE)**

**$ 19.95**

1000 BUSINESS CARDS

PRINTING

**SUPER PRINTERS**
Stationery & Copy Centre Ltd.

5934 Fraser Street, Vancouver B.C. V5W 2Z7

**321-0220**

ਸਥਾਈ ਕਾਲਮ

# ਆਪਣੇ ਲੋਕ



## ਅਜਮੇਰ ਰੋਡੇ

### ਯੁੱਧ



'ਜੰਗ ਦੇ ਪ੍ਰਛਾਂਵੇਂ ਹੇਠ' (ਮਾਰਟਿਨ ਕਲੀਵਰ ਦੀ ਫੋਟੋ ਤੇ ਆਧਾਰਿਤ)

ਇਹ ਲਾਸ਼ ਅਜੇ ਤਾਜ਼ੀ ਹੀ ਸੀ ਜੋ ਸਰ੍ਹੀ ਆਰਟਸ ਥੀਏਟਰ ਦੇ ਬੂਹੇ ਮੂਹਰੇ ਪਈ ਸੀ। ਥੀਏਟਰ ਅੰਦਰ ਸਟੇਜ ਉਤੇ ਭੰਗੜਾ ਪੈ ਰਿਹਾ ਸੀ ਅਤੇ ਬਾਹਰ ਅਚਾਨਕ ਗੋਲੀ ਚਲ ਗਈ ਸੀ। ਲਾਸ਼ 'ਚੋਂ ਵਗਿਆ ਖ਼ੂਨ ਅਜੇ ਠੰਡਾ ਨਹੀਂ ਸੀ ਹੋਇਆ ਅਤੇ ਨਾ ਹੀ ਨੀਲਾ। ਕੰਧ ਉਤੇ ਪਏ ਛਿੱਟਿਆਂ ਦਾ ਫ਼ੁਹਾਰਾ ਅਜੇ ਉਸੇ ਤਰਾਂ ਕਿਰਮਚੀ ਸੀ। ਲੋਕ ਬਾਹਰ ਆਏ ਅਤੇ ਲਾਸ਼ ਵੇਖ ਕੇ ਦਹਿਲ ਗਏ। ਬਲਵਿੰਦਰ ਨੇ ਇਸ ਲਾਸ਼ ਨੂੰ ਵੇਖਿਆ ਉਹ ਸਾਰੀ ਰਾਤ ਸੌਂ ਨਾ ਸਕਿਆ ਅਤੇ ਬਰੜਾਉਂਦਾ ਰਿਹਾ। ਹਰਜੀਤ ਨੇ ਇਸ ਲਾਸ਼ ਨੂੰ ਵੇਖਿਆ ਉਸ ਨੂੰ ਸਾਰੀ ਰਾਤ ਹੌਲ ਪੈਂਦੇ ਰਹੇ ਅਤੇ ਉਹ ਪਾਣੀ ਮੰਗਦੀ ਰਹੀ। ਇਸ ਤਰਾਂ ਦੀ ਭਿਅੰਕਰ ਸੀ ਇਹ ਇਕ ਲਾਸ਼।

ਜੰਗ ਤੋਂ ਅਸੀਂ ਵੀ ਨਹੀਂ ਬਚ ਸਕਾਂਗੇ। ਸ਼ਾਮ ਨੂੰ ਸਾਡੇ ਮੇਜ਼ਾਂ ਉੱਤੇ ਖਾਣਾ ਹੋਵੇਗਾ ਅਤੇ ਟੀਵੀ ਉੱਤੇ ਲਾਸ਼ਾਂ ਦੇ ਢੇਰ ਹੋਣਗੇ।

ਕੀ ਤੁਸੀਂ ਅਜਿਹੀਆਂ ਇਕ ਲੱਖ ਲਾਸ਼ਾਂ ਦੀ ਕਲਪਨਾ ਕਰ ਸਕਦੇ ਹੋ?

ਸੜਕਾਂ ਤੇ ਲਹੂ ਲੁਹਾਨ ਖਿੰਡੀਆਂ ਲਾਸ਼ਾਂ, ਪਾਣੀ ਵੱਲ ਨੂੰ ਨਸਦੀਆਂ ਅੱਧ-ਝੁਲਸੀਆਂ ਡਿੱਗੀਆਂ ਪਈਆਂ ਲਾਸ਼ਾਂ, ਚੌਰਾਹਿਆਂ ਵਿਚੋਂ ਪਈਆਂ ਅਲਫ ਨੰਗੀਆਂ ਔਰਤਾਂ ਦੀਆਂ ਲਾਸ਼ਾਂ, ਘਰਾਂ ਦੇ ਹਨੇਰੇ ਖੂੰਜਿਆਂ ਵਿੱਚ ਸਹਿਮੀਆਂ ਲਾਸ਼ਾਂ...। ਇਹ ਸਭ ਲਾਸ਼ਾਂ ਗਲਫ ਜੰਗ ਵਿਚ ਹੋਣਗੀਆਂ ਜੋ ਇਰਾਕ ਅਤੇ ਅਮਰੀਕਾ ਵਿਚ ਹੁਣੇ ਹੁਣੇ ਮੇਰੇ ਇਹ ਲੇਖ ਲਿਖਦੇ ਸਮੇਂ ਹੀ ਸ਼ੁਰੂ ਹੋਈ ਹੈ। ਜੇ ਇਹ ਜੰਗ ਲੰਮੀ ਹੋ ਗਈ ਤਾਂ ਲਾਸ਼ਾਂ ਦੀ ਗਿਣਤੀ ਇਕ ਲੱਖ ਦੀ ਥਾਂ ਕਈ ਲੱਖ ਤੱਕ ਪਹੁੰਚ ਸਕਦੀ ਹੈ।

(ਇਰਾਕ ਅਤੇ ਕਵੈਤ ਮੱਧ ਏਸ਼ੀਆ ਦੇ ਦੋ ਗਵਾਂਢੀ ਦੇਸ਼ ਹਨ ਜਿਨ੍ਹਾਂ ਵਿਚਕਾਰ ਚਿਰ ਤੋਂ ਝਗੜਾ ਤੁਰਿਆ ਆ ਰਿਹਾ ਹੈ। ਦੋਵੇਂ ਦੇਸ਼, ਵਿਸ਼ੇਸ਼ ਕਰਕੇ ਕਵੈਤ, ਤੇਲ ਵਿਚ ਅਮੀਰ ਹਨ। ਕਿਸੇ ਸਮੇਂ ਕਵੈਤ ਇਰਾਕ ਦਾ ਹਿੱਸਾ ਹੁੰਦਾ ਸੀ ਪਰ ਅੰਗਰੇਜ਼ਾਂ ਨੇ ਇਸ ਨੂੰ ਇਰਾਕ ਨਾਲੋਂ ਵੱਖ ਕਰਕੇ ਸੁਤੰਤਰ ਦੇਸ਼ ਬਣਾ ਦਿੱਤਾ। ਅਗਸਤ 1990 ਵਿਚ ਕੁਝ ਝਗੜਿਆਂ ਉਤੇ ਸਮਝੌਤਾ ਨਾ ਹੋ ਸਕਣ ਕਰਕੇ ਇਰਾਕ ਨੇ ਕਵੈਤ ਉਤੇ ਕਬਜ਼ਾ ਕਰ ਲਿਆ ਜਿਸ ਦੇ ਫਲਸਰੂਪ ਅਮਰੀਕਾ ਅਤੇ ਇਰਾਕ ਵਿਚਕਾਰ ਜੰਗ ਭੜਕ ਉੱਠੀ ਹੈ। ਅਮਰੀਕਾ ਦੇ ਨਾਲ ਕੁਝ ਹੋਰ ਦੇਸ਼ ਵੀ ਹਨ। ਇਸ ਝਗੜੇ ਉੱਤੇ ਮੈਂ ਹੋਰ ਲਿਖਣਾ ਉੱਚਿਤ ਨਹੀਂ ਸਮਝਦਾ ਕਿਉਂਕਿ ਇਸ ਬਾਰੇ ਅਖਬਾਰਾਂ ਅਤੇ ਟੀਵੀ ਰਾਹੀਂ ਬਹੁਤ ਕੁਝ ਦੱਸਿਆ ਜਾ ਚੁੱਕਾ ਹੈ)

ਇਸ ਜੰਗ ਵਿਚ ਮੇਰਾ ਆਪਣਾ ਸਕਾ ਸੰਬੰਧੀ ਕੋਈ ਨਹੀਂ ਲੜ ਰਿਹਾ। ਫਿਰ ਵੀ ਕੋਈ ਕੰਮ ਕਰਨ ਨੂੰ ਦਿਲ ਨਹੀਂ ਕਰਦਾ। ਦਿਲ ਵਿਚ ਸਿਵਾਏ ਜੰਗ ਦੇ ਹੋਰ ਕੋਈ ਖਿਆਲ ਆਉਂਦਾ ਹੀ ਨਹੀਂ। ਜੰਗ ਵਿਚ ਮਰਨ ਵਾਲੇ ਆਪਣੇ ਪਿੱਛੇ ਮਾਵਾਂ, ਪਿਉਆਂ, ਪਤਨੀਆਂ, ਬੱਚਿਆਂ ਨੂੰ ਸਦਮੇ ਦੇ ਕੇ ਤੁਰ ਜਾਣਗੇ। ਜੰਗ ਚੋਂ ਬਚ ਕੇ ਆਏ ਟੁੱਟੇ ਭੱਜੇ ਅੰਗਾਂ ਵਾਲੇ ਦੂਸਰਿਆਂ ਦੇ ਮੁਹਤਾਜ ਬਣ ਕੇ ਰਹਿੰਦਾ ਜੀਵਨ ਗਿਲਾਨੀ ਭਰਿਆ ਬਤੀਤ ਕਰਨਗੇ। ਜੰਗ ਤੋਂ ਬਚ ਕੇ ਆਏ ਸਾਬਤ ਸਬੂਤੇ ਆਪਣੀਆਂ ਰੂਹਾਂ ਭਿਅੰਕਰ ਦ੍ਰਿਸ਼ਾਂ ਨਾਲ ਭਰ ਕੇ ਆਉਣਗੇ, ਸੁਪਨਿਆਂ ਵਿਚ ਬਰੜਾ ਬਰੜਾ ਕੇ ਉੱਠਣਗੇ ਅਤੇ ਸਾਰੀ ਉਮਰ ਸੁਦਾਈਆਂ ਵਾਂਗ ਭਟਕਣਗੇ, ਜਿਸ ਤਰਾਂ ਵੀਤਨਾਮ ਦੇ ਜੰਗ ਚੋਂ ਬਚ ਕੇ ਆਏ ਸਿਪਾਹੀ ਹੁਣ ਤੱਕ ਦਿਮਾਗ਼ੀ ਇਲਾਜ ਲਈ ਡਾਕਟਰਾਂ ਕਲੋ ਭਟਕਦੇ ਫਿਰਦੇ ਹਨ।

ਜੰਗ ਤੋਂ ਅਸੀਂ ਵੀ ਨਹੀਂ ਬਚ ਸਕਾਂਗੇ। ਸ਼ਾਮ ਨੂੰ ਸਾਡੇ ਮੇਜ਼ਾਂ ਉੱਤੇ ਖਾਣਾ ਹੋਵੇਗਾ ਅਤੇ ਟੀਵੀ ਉੱਤੇ ਲਾਸ਼ਾਂ ਦੇ ਢੇਰ ਹੋਣਗੇ। ਸਾਡੇ ਬੱਚੇ ਹੈਰਾਨੀ ਅਤੇ ਉਤਸੁਕਤਾ ਨਾਲ ਸਭ ਕੁਝ ਵੇਖਣਗੇ। ਉਨ੍ਹਾਂ ਦੇ ਕੋਮਲ ਹਿਰਦਿਆਂ ਅੰਦਰ ਅਡੋਪਲੇ ਹੀ ਭਵਿੱਖ ਲਈ ਸਹਿਮ ਭਰ ਜਾਵੇਗਾ। ਉਨ੍ਹਾਂ ਅੰਦਰੋਂ ਗੋਲੀਆਂ ਦੀ ਅਵਾਜ ਕਦੇ ਵੀ ਨਹੀਂ ਨਿੱਕਲੇਗੀ। ਉਂਜ ਇਹ ਉਹਨਾਂ ਲਈ ਕੋਈ ਨਵੀਂ ਗੱਲ ਨਹੀਂ ਹੋਵੇਗੀ। ਉਹ ਹਰ ਰੋਜ ਹੀ ਟੀਵੀ ਉੱਤੇ ਕਾਰਟੂਨਾਂ ਰਾਹੀਂ, ਗੇਮਾਂ ਰਾਹੀਂ ਅਤੇ ਫਿਲਮਾਂ ਰਾਹੀਂ ਖ਼ੂਨ ਖ਼ਰਾਬਾ ਵੇਖਦੇ ਹਨ। ਹੁਣ ਉਹ ਜਦੋਂ ਅਸਲੀ ਮਨੁੱਖਾਂ ਨੂੰ ਖ਼ੂਨ-ਖ਼ਰਾਬਾ ਕਰਦੇ ਵੇਖਣਗੇ ਤਾਂ ਅੰਦਰੇ ਅੰਦਰ ਸੋਚਣਗੇ ਕਿ ਕਾਰਟੂਨਾਂ ਦਾ ਖ਼ੂਨ-ਖ਼ਰਾਬਾ ਤਾਂ ਅਸਲੀ ਮਨੁੱਖਾਂ ਦੇ ਖ਼ੂਨ-ਖ਼ਰਾਬੇ ਸਾਹਮਣੇ ਇਕ ਮਜ਼ਾਕ ਹੈ।

**ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਕੌਮਾਂ ਵਿਚਕਾਰ ਜੰਗ ਹੋਣੀ ਮਨੁੱਖੀ ਉਨਤੀ ਉੱਤੇ ਲ੍ਹਾਅਨਤ ਹੈ। ਕੋਈ ਵੀ ਸੋਚਵਾਨ ਇਨਸਾਨ ਇਸ ਸਮੇਂ ਜੰਗ ਦੀ ਹਮਾਇਤ ਨਹੀਂ ਕਰ ਸਕਦਾ।**

ਗਲਫ ਜੰਗ ਦੂਸਰੇ ਮਹਾਂ ਯੁੱਧ ਪਿੱਛੋਂ ਹੋਣ ਵਾਲਾ ਸਭ ਤੋਂ ਭਿਆਨਕ ਜੰਗ ਹੋਵੇਗੀ। ਇਸ ਵਿਚ ਚੱਲਣ ਵਾਲੇ ਬੰਬ, ਰਸਾਇਣਕ ਹਥਿਆਰ, ਮਿਜ਼ਾਈਲਾਂ ਆਦਿ ਪਹਿਲਾਂ ਵਾਲੇ ਯੁੱਧਾਂ ਤੋਂ ਬਹੁਤ ਮਾਰੂ ਹੋਣਗੀਆਂ। ਇਸ ਜੰਗ ਲਈ ਅਮਰੀਕਾ ਨੇ ਇਕ ਹਜ਼ਾਰ ਨੁਕਲੀਅਰ ਹਥਿਆਰ ਵੀ ਬਾਰਡਰ ਉੱਤੇ ਤਿਆਰ ਰੱਖੇ ਹੋਏ ਹਨ।

ਸੋਵੀਅਤ ਲੀਡਰਾਂ ਦੀ ਨਵੀਂ ਸੋਚ ਕਾਰਨ ਠੰਡੀ ਜੰਗ ਤਕਰੀਬਨ ਸਮਾਪਤ ਹੋ ਗਈ ਸੀ। ਉਮੀਦ ਸੀ ਕਿ ਜੋ ਬੇ-ਤਹਾਸ਼ਾ ਧਨ ਅਮਰੀਕਾ ਅਤੇ ਰੂਸ ਵਲੋਂ ਹਥਿਆਰਾਂ ਦੀ ਦੌੜ ਉੱਤੇ ਖਰਚ ਕੀਤਾ ਜਾ ਰਿਹਾ ਸੀ ਉਹ ਹੁਣ ਸੰਸਾਰ ਦੀ ਗਰੀਬੀ ਦੂਰ ਕਰਨ ਵੱਲ ਲਾਇਆ ਜਾਵੇਗਾ। ਇੱਕੀਵੀਂ ਸਦੀ ਦੇ ਅਰੰਭ ਵਿਚ ਹੀ ਦੁਨੀਆਂ ਵਿਚੋਂ ਭੁੱਖ ਦੁੱਖ ਅਤੇ ਬਿਮਾਰੀਆਂ ਦਾ ਖਾਤਮਾ ਹੋ ਜਾਵੇਗਾ। ਪਰ ਜਾਪਦਾ ਹੈ ਇੰਜ ਨਹੀਂ ਹੋਵੇਗਾ। ਜਿੱਥੇ ਵਿਗਿਆਨ ਅਤੇ ਕਲਾ ਨੇ ਵੀਹਵੀਂ ਸਦੀ ਵਿੱਚ ਹੈਰਾਨਕੁਨ ਉੱਨਤੀ ਕੀਤੀ ਹੈ ਉੱਥੇ ਮਨੁੱਖ ਦੀ ਸਦਾਚਾਰਕ ਸੋਚ ਅਤੇ ਇਕ ਦੂਜੇ ਪ੍ਰਤਿ ਸਦਭਾਵਨਾ ਅਜੇ ਉਸੇ ਮਿਆਰ ਦੀ ਹੈ ਜੋ ਤਿੰਨ ਹਜ਼ਾਰ ਸਾਲ ਪਹਿਲਾਂ ਦੀ ਸੀ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਕੌਮਾਂ ਵਿਚਕਾਰ ਜੰਗ ਹੋਣੀ ਮਨੁੱਖੀ ਉਨਤੀ ਉੱਤੇ ਲ੍ਹਾਅਨਤ ਹੈ। ਕੋਈ ਵੀ ਸੋਚਵਾਨ ਇਨਸਾਨ ਇਸ ਸਮੇਂ ਜੰਗ ਦੀ ਹਮਾਇਤ ਨਹੀਂ ਕਰ ਸਕਦਾ।

ਬਹੁਤ ਲੋਕਾਂ ਦਾ ਵਿਸ਼ਵਾਸ਼ ਹੈ ਕਿ ਇਰਾਕ ਅਤੇ ਕੁਵੇਤ ਦੇ ਝਗੜੇ ਨੂੰ ਦੂਸਰੇ ਦੇਸ਼ਾਂ ਦੇ ਯਤਨਾਂ ਨਾਲ ਸੁਲਝਾਇਆ ਜਾ ਸਕਦਾ ਸੀ। ਇਰਾਕ ਦੇ ਪ੍ਰਧਾਨ ਸਾਦਮ ਹੁਸੈਨ ਦਾ ਕੁਵੇਤ ਉੱਤੇ ਹਮਲਾ ਉੱਕਾ ਨਾਜਾਇਜ਼ ਹੈ ਪਰ ਮਸਲੇ ਦੇ ਹੱਲ ਲਈ ਹੁਸੈਨ ਦੀਆਂ ਕੁਝ ਤਜਵੀਜ਼ਾਂ ਮੰਨੀਆਂ ਜਾ ਸਕਦੀਆਂ ਸਨ। ਉਸ ਤੇ ਆਰਥਿਕ ਦਬਾਉ ਹੋਰ ਪਾਉਣਾ ਚਾਹੀਦਾ ਸੀ। ਇੱਥੋਂ ਤੱਕ ਕਿ ਅਮਰੀਕਾ ਦੇ ਇਕ ਜਨਰਲ ਨੇ ਵੀ ਫੌਰੀ ਜੰਗ ਦੀ ਬਜਾਇ ਹੋਰ ਸਮਾਂ ਉਡੀਕ ਕਰਨ ਦੀ ਸਲਾਹ ਦਿੱਤੀ ਸੀ। ਪਰ ਅਮਰੀਕਾ ਦਾ ਪ੍ਰਧਾਨ ਜੌਰਜ ਬੁੱਸ਼ ਇਰਾਕ ਨੂੰ ਛੇਤੀ ਤੋਂ ਛੇਤੀ ਸਬਕ ਸਿਖਾਉਣ ਲਈ ਤਤਪਰ ਹੈ। ਉਹ ਸਮਝਦਾ ਹੈ ਇਸ ਤਰਾਂ ਕਰਨ ਨਾਲ ਉਸਦੇ ਸ਼ਕਤੀਸ਼ਾਲੀ ਪ੍ਰਧਾਨ ਹੋਣ ਦਾ ਪ੍ਰਭਾਵ ਪਵੇਗਾ। ਅਮਰੀਕਾ ਦੀ ਡਿੱਗ ਰਹੀ ਸ਼ਾਨ ਨੂੰ ਠੁੰਮਣਾ ਮਿਲੇਗਾ।

ਪਰ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਅਗਲੇ ਸਾਲ ਬੁੱਸ਼ ਨੇ ਆ ਰਹੀਆਂ ਅਮਰੀਕਨ ਚੋਣਾਂ ਲਈ ਆਪਣੀ ਮੁਹਿੰਮ ਸ਼ੁਰੂ ਕਰਨੀ ਹੈ। ਜੰਗ ਅਗਲੇ ਸਾਲ ਹੋਣ ਦੀ ਸੂਰਤ ਵਿਚ ਉਹ ਨਹੀਂ ਚਾਹੁੰਦਾ ਕਿ ਉਸਦੀ ਸਪੀਚ ਪਿੱਛੋਂ ਟੀਵੀ ਉੱਤੇ ਅਮਰੀਕਨ ਲੋਥਾਂ ਦਾ ਦ੍ਰਿਸ਼ ਦਿਸੇ ਅਤੇ ਲੋਕਾਂ ਨੂੰ ਉਸ ਤੋਂ ਨਫਰਤ ਹੋ ਜਾਵੇ। ਉਹ ਤਾਂ ਇਸ ਜੰਗ ਨੂੰ ਛੇਤੀ ਤੋਂ ਛੇਤੀ ਜਿੱਤ ਕੇ ਅਗਲੇ ਸਾਲ ਨਾਇਕ ਦੇ ਰੂਪ ਵਿਚ ਲੋਕਾਂ ਸਾਹਮਣੇ ਆਉਣਾ ਚਾਹੀਦਾ ਹੈ।

ਉਸਦੇ ਅੰਦਰਲਾ ਇਹ ਇਰਾਦਾ ਭਾਂਪ ਕੇ ਹੀ ਸ਼ਾਇਦ ਅਮਰੀਕਾ ਦੇ ਲੋਕ ਭਾਰੀ ਗਿਣਤੀ ਵਿੱਚ ਜੰਗ ਦਾ ਵਿਰੋਧ ਕਰ ਰਹੇ ਹਨ। ਕੈਨੇਡਾ ਵਿੱਚ ਵੀ ਜੰਗ ਦੇ ਵਿਰੁੱਧ ਸ਼ਕਤੀਸ਼ਾਲੀ ਅਵਾਜ ਉਠ ਰਹੀ ਹੈ। ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਸ ਵਿਦਰੋਹ ਵਿੱਚ ਹਿੱਸਾ ਪਾਈਏ। ਜੰਗ ਦੇ ਛੇਤੀ ਤੋਂ ਛੇਤੀ ਖਾਤਮੇ ਲਈ ਆਪਣੀ ਅਵਾਜ ਬੁਲੰਦ ਕਰੀਏ।

ਨਹੀਂ ਤਾਂ ਪਤਾ ਨਹੀਂ ਟੀਵੀ ਵਿੱਚ ਕਦੋਂ ਲਾਸ਼ਾਂ ਦੇ ਢੇਰ ਲਗਣੇ ਸ਼ੁਰੂ ਹੋ ਜਾਣ ਅਤੇ ਟੀਵੀ ਵਿੱਚੋਂ ਨਿਕਲ ਕੇ ਲਾਸ਼ਾਂ ਸਾਡੇ ਘਰਾਂ ਵਿਚ ਤੁਰਨ ਲਗ ਪੈਣ। ਪਤਾ ਨਹੀਂ ਕਦੋਂ ਤੱਕ ਸਾਡੇ ਬੱਚਿਆਂ ਨੂੰ ਟੀਵੀ ਉੱਤੇ ਕੂੜ ਸੁਣਨਾ ਪਵੇ। ਅੱਜ ਮੈਂ ਅਤੇ ਮੇਰੇ ਸੱਤਵੀਂ ਵਿਚ ਪੜ੍ਹਦੇ ਬੱਚੇ ਅੰਕੁਰ ਨੇ ਟੀਵੀ ਉੱਤੇ ਜੌਰਜ ਬੁਸ਼ ਦੀ ਜੰਗ ਬਾਰੇ ਪਹਿਲੀ ਸਪੀਚ ਸੁਣੀ। ਸਪੀਚ ਸੁਣਨ ਪਿਛੋਂ ਮੈਂ ਅੰਕੁਰ ਨੂੰ ਕਿਹਾ, 'ਜਰੂਰੀ ਨਹੀਂ ਜੌਰਜ ਬੁਸ਼ ਸਭ ਕੁਝ ਸੱਚ ਬੋਲ ਰਿਹਾ ਹੋਵੇ।'

**'ਜਰੂਰੀ ਨਹੀਂ ਜੌਰਜ ਬੁਸ਼ ਸਭ ਕੁਝ ਸੱਚ ਬੋਲ ਰਿਹਾ ਹੋਵੇ।'**

'ਕਿਉਂ?'। ਅੰਕੁਰ ਨੇ ਅਤਿ ਹੈਰਾਨੀ ਨਾਲ ਪੁੱਛਿਆ। ਉਹ ਸਪੀਚ ਬਹੁਤ ਧਿਆਨ ਨਾਲ ਸੁਣ ਰਿਹਾ ਸੀ।

'ਕਈ ਵਾਰ ਦੇਸ਼ਾਂ ਦੇ ਪ੍ਰਧਾਨ ਬੱਚਿਆਂ ਨਾਲੋਂ ਬਹੁਤਾ ਝੂਠ ਬੋਲਦੇ ਹਨ।' ਮੈਂ ਕਿਹਾ।

ਅੰਕੁਰ ਇਸ ਗੱਲ ਉੱਤੇ ਸਚਮੁੱਚ ਹੈਰਾਨ ਸੀ ਕਿ ਅਮਰੀਕਾ ਵਰਗੇ ਦੇਸ਼ ਦਾ ਪ੍ਰਧਾਨ ਟੀਵੀ ਉੱਤੇ ਝੂਠ ਬੋਲ ਸਕਦਾ ਹੈ। ਮੇਰਾ ਖਿਆਲ ਸੀ ਉਹ ਮੈਥੋਂ ਇਸ ਬਾਰੇ ਹੋਰ ਕਈ ਕੁਝ ਪੁੱਛੇਗਾ। ਜੇ ਉਸਦੀ ਕਿਸੇ ਗੱਲੋਂ ਤਸੱਲੀ ਨਾ ਹੋਵੇ ਤਾਂ ਉਹ ਅਕਸਰ ਬਹਿਸ ਕਰਦਾ ਹੈ। ਪਰ ਇਸ ਵਾਰ ਉਸਨੇ ਹੋਰ ਕੁਝ ਨਾ ਪੁੱਛਿਆ ਅਤੇ ਮਿੰਟ ਕੁ ਪਿੱਛੋਂ ਚੁੱਪ ਚਾਪ ਟੀਵੀ ਮੂਹਰਿਓਂ ਉੱਠ ਕੇ ਚਲਾ ਗਿਆ।

ਮੈਨੂੰ ਮਹਿਸੂਸ ਹੋਇਆ ਗਲਫ ਜੰਗ ਮੇਰੇ ਬੱਚੇ ਤੱਕ ਪਹੁੰਚ ਗਈ ਸੀ।

* * *


ਸਤਲੁਜ਼ ਫੈਸ਼ਨਜ਼

**9332- 120 St. Surrey, B.C.**

ਫੋਨ: 589-6161

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ।

ਅੱਜ ਹੀ ਆਕੇ ਦਰਸ਼ਨ ਦਿਉ।




# ਸਕਿਜ਼ੋਫਰੀਨੀਆਂ: ਰੋਗ ਅਤੇ ਇਸਦਾ ਇਲਾਜ

ਕਿਸ਼ਤ ਦੂਜੀ

## ਡਾ: ਰਾਜਪਾਲ ਸਿੰਘ

---

[ਦਵਾਈਆਂ ਦੇ ਅਸਰ ਨਾਲ ਜਦ ਆਵਾਜ਼ਾਂ ਸੁਣਨੀਆਂ ਘੱਟ ਹੋਈਆਂ ਤਾਂ ਮੈਨੂੰ ਦੱਸਿਆ ਗਿਆ ਕਿ ਮੈਨੂੰ ਸਕਿਜ਼ੋਫਰੀਨੀਆਂ ਹੈ। ਹਸਪਤਾਲ ਤੋਂ ਬਾਅਦ ਮੈਨੂੰ ਮੈਂਟਲ ਹੈਲਥ ਟੀਮ ਵਲ ਭੇਜ ਦਿੱਤਾ। ਘੂਕੀ ਜਿਹੀ ਚੜ੍ਹੀ ਰਹਿੰਦੀ ਸੀ ਦਵਾਈ ਨਾਲ। ਹੌਲੀ ਹੌਲੀ ਮੇਰੇ ਮਾਫਕ ਦਵਾਈ ਅਤੇ ਉਸਦੀ ਡੋਜ਼ ਸੈੱਟ ਹੋ ਗਈ।... ਮੈਨੂੰ ਲੱਗਾ ਜਿਵੇਂ ਮੈਂ ਠੀਕ ਹੋ ਗਿਆ ਹਾਂ। ਸੋ ਦਵਾਈ ਬੰਦ ਕਰ ਦਿੱਤੀ। 2-3 ਹਫਤਿਆਂ ਬਾਅਦ ਮੈਂ ਜਿਆਦਾ ਬਿਮਾਰ ਹੋ ਗਿਆ ਤੇ ਫੇਰ ਮੈਨੂੰ ਦੋਬਾਰਾ ਹਸਪਤਾਲ ਲਿਜਾਣਾ ਪਿਆ...

ਦੂਜੀ ਵਾਰ ਹਸਪਤਾਲ ਤੋਂ ਆਇਆ ਤਾਂ ਦਵਾਈ ਬਿਨਾਂ ਨਾਗਾ ਖਾਂਦਾ ਰਿਹਾ, ਪਰ ਕੰਮ ਤੇ ਵਾਪਿਸ ਨਾ ਜਾ ਸਕਿਆ।....

ਮੇਰੇ ਨਾਲ ਇਵੇਂ ਵਿਹਾਰ ਕੀਤਾ ਜਾਣ ਲੱਗਾ ਜਿਵੇਂ ਮੈਂ ਮੂਰਖ ਹਾਂ, ਘੱਟ ਬੁੱਧੀ ਵਾਲਾ (Mentaly Retarded) ਹਾਂ। ਲਿਵਿੰਗ ਰੂਮ ਵਿਚ ਬੈਠਿਆਂ ਘਰ ਦੇ ਇਵੇਂ ਗੱਲਾਂ ਕਰਦੇ ਜਿਵੇਂ ਮੈਂ ਉੱਥੇ ਹੈ ਹੀ ਨਹੀਂ। ਬਹੁਤ ਦਿਲ ਦੁੱਖਦਾ ਜਦੋਂ ਮੈਨੂੰ ਇਗਨੋਰ ਕੀਤਾ ਜਾਂਦਾ...(ਸਕਿਜ਼ੋਫਰੀਨੀਆਂ ਦੇ ਰੋਗੀ ਵਲੋਂ ਇਕ ਟੀ.ਵੀ. ਇੰਟਰਵੀਊ ਦੌਰਾਨ ਦਿੱਤੇ ਬਿਆਨ ਦਾ ਕੁੱਝ ਹਿੱਸਾ)

[ਪਿਛਲੇ ਅੰਕ ਵਿਚ ਛਪੀ ਇਸ ਲੇਖ ਦੀ ਪਹਿਲੀ ਕਿਸ਼ਤ ਵਿਚ ਸਕਿਜ਼ੋਫਰੀਨੀਆਂ ਦੇ ਰੋਗ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਰੋਗ ਕੀ ਹੈ, ਇਸਦੀ ਪ੍ਰੀਭਾਸ਼ਾ ਕੀ ਹੈ, ਇਸ ਰੋਗ ਦੇ ਲੱਛਣ ਕੀ ਹੁੰਦੇ ਹਨ, ਇਸ ਦੀਆਂ ਕਿਸਮਾਂ ਕਿਹੜੀਆਂ ਕਿਹੜੀਆਂ ਹਨ ਅਤੇ ਇਹ ਰੋਗ ਕਿਸ ਉਮਰ ਵਿਚ ਲੱਗਦਾ ਹੈ- ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਾਠਕਾਂ ਦੀ ਜਾਣਕਾਰੀ ਲਈ ਉਸ ਲੇਖ ਦਾ ਸਾਰ ਸੰਖੇਪ ਵਿਚ ਦਿੱਤਾ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਵਤਨ ਦਾ ਪਿਛਲਾ ਅੰਕ ਪੜੋ।]

ਇਸ ਰੋਗ ਵਿਚ ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਚੀਜ਼ਾਂ ਵਿਖਾਈ ਦਿੰਦੀਆਂ ਹਨ, ਵਹਿਮ ਹੋ ਜਾਂਦਾ ਹੈ, ਮਨੁੱਖ ਭਾਵਨਾਵਾਂ ਤੋਂ ਖਾਲੀ ਖਾਲੀ ਹੋ ਜਾਂਦਾ ਹੈ। ਜ਼ਿੰਦਗੀ ਜੀਣ ਅਤੇ ਸਮਾਜ ਵਿਚ ਰਹਿਣ ਦੇ ਚੱਜ-ਅਚਾਰ ਜੋ ਮਨੁੱਖ ਨੇ ਸਿੱਖੇ ਹੁੰਦੇ ਹਨ, ਮਨੁੱਖ ਉਹ ਸੱਭ ਗੁਆ ਬੈਠਦਾ ਹੈ। <u>ਆਮ ਲੋਕੀਂ ਪਾਗਲਪਨ ਦੇ ਲੱਛਣ ਜੋ ਸੋਚਦੇ ਹਨ ਉਹ ਸਕਿਜ਼ੋਫਰੀਨੀਆਂ ਤੇ ਕਾਫੀ ਹੱਦ ਤੱਕ ਫਿੱਟ ਬੈਠਦੇ ਹਨ।</u>

ਸਕਿਜ਼ੋਫਰੀਨੀਆਂ ਦੇ ਰੋਗੀ ਖੂੰਖਾਰ ਜਾਂ ਹਿੰਸਕ ਨਹੀਂ ਹੁੰਦੇ, ਨਾ ਹੀ ਇਹਨਾ ਨੂੰ ਕੋਈ ਭੂਤ ਪ੍ਰੇਤ ਚੰਬੜਿਆ ਹੁੰਦਾ ਹੈ ਅਤੇ ਨਾ ਹੀ ਇਹ ਭੰਗੀ ਪੋਸਤੀ ਜਾਂ ਮਲੰਗ ਹੁੰਦੇ ਹਨ। ਕਲਾਕਾਰਾਂ ਅਤੇ ਇਹਨਾ ਵਿਚਕਾਰ ਫਰਕ ਇਹ ਹੁੰਦਾ ਹੈ ਕਿ ਕਲਾਕਾਰਾਂ ਦਾ ਆਪਣੀ ਸੋਚ ਤੇ ਕੰਟਰੋਲ ਹੁੰਦਾ ਹੈ ਪਰ ਇਹਨਾ ਦਾ ਨਹੀਂ। ਇਹ ਲੋਕ ਘੱਟ ਬੁੱਧੀ ਵਾਲੇ ਨਹੀਂ ਹੁੰਦੇ, ਇਹਨਾ ਵਿਚ ਵੀ ਆਮ ਲੋਕਾਂ ਵਾਂਗ ਹੀ ਸੂਝ ਹੁੰਦੀ ਹੈ।

ਸਕਿਜ਼ੋਫਰੀਨੀਆਂ ਨੂੰ ਮੁੱਖ ਜਾਂ ਵੱਡਾ ਮਾਨਸਿਕ ਰੋਗ ਸਮਝਿਆ ਜਾਂਦਾ ਹੈ ਕਿਉਂਕਿ ਇਹ ਮਨੁੱਖ ਦੀ ਜ਼ਿੰਦਗੀ ਦੇ ਲਗਭਗ ਸਾਰੇ ਪੱਖਾਂ ਤੇ ਅਸਰ ਕਰਦਾ ਹੈ। ਮਨੁੱਖ ਦੀ ਸੋਚਣੀ ਖਰਾਬ ਹੋ ਜਾਂਦੀ ਹੈ ਤਾਂ ਹੀ ਉਹ ਆਮ ਰੋਜ਼ਾਨਾ ਜ਼ਿੰਦਗੀ ਵਿਚ ਆਉਣ ਵਾਲੀਆਂ ਆਮ ਮੁਸ਼ਕਿਲਾਂ ਨਾਲ ਸਿੱਝ ਨਹੀਂ ਸਕਦਾ। ਉਸਤੋਂ ਕੰਮ ਨਹੀਂ ਹੁੰਦਾ ਕਿਉਂਕਿ ਉਸਤੋਂ ਕਿਸੇ ਚੀਜ਼ ਤੇ ਧਿਆਨ ਕੇਂਦਰਤ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਫੁਰਤੀ ਅਤੇ ਸਪੱਸ਼ਟਤਾ ਨਾਲ ਸੋਚਿਆ ਜਾਂਦਾ ਹੈ। ਉਸਦੇ ਆਲੇ ਦੁਆਲੇ ਦੇ ਲੋਕਾਂ ਨਾਲ ਸਬੰਧ ਠੀਕ ਨਹੀਂ ਰਹਿੰਦੇ ਕਿਉਂਕਿ ਉਸਤੋਂ ਠੀਕ ਤਰਾਂ ਗਲਬਾਤ ਨਹੀਂ ਹੁੰਦੀ ਜਾਂ ਉਸਦੀਆਂ ਆਮ ਭਾਵਨਾਵਾਂ ਹੀ ਘੱਟ ਜਾਂਦੀਆਂ ਹਨ। ਮਨੁੱਖ ਆਪਣੇ ਖਿਆਲਾਂ ਵਿਚ ਇੰਨ੍ਹਾਂ ਗੁਆਚ ਜਾਂਦਾ ਹੈ ਕਿ ਖਾਣਾ ਪੀਣਾ ਅਤੇ ਸੌਣਾ ਤੱਕ ਭੁੱਲ ਜਾਂਦਾ ਹੈ। ਵੱਖਰੇ ਵੱਖਰੇ ਲੋਕਾਂ ਵਿਚ ਵੱਖਰੇ ਵੱਖਰੇ ਲੱਛਣ ਨਜ਼ਰ ਆ ਸਕਦੇ ਹਨ। ਪਰ ਇਹ ਰੋਗ ਅਕਸਰ ਹਰ ਮਨੁੱਖ ਨੂੰ ਕਾਫੀ ਹੱਦ ਤੱਕ ਨਾਕਾਰਾ ਕਰ ਦਿੰਦਾ ਹੈ।

ਸਕਿਜ਼ੋਫਰੀਨੀਆਂ ਨੂੰ ਪੰਜ ਕਿਸਮਾਂ ਵਿਚ ਵੰਡ ਸਕਦੇ ਹਾਂ। ਇਹਨਾਂ ਸਾਰਿਆਂ ਕਿਸਮਾਂ ਵਿਚ ਸਕਿਜ਼ੋਫਰੀਨੀਆਂ ਦੇ ਮੁੱਖ ਲੱਛਣ ਹੁੰਦੇ ਹਨ ਪਰ ਕਿਸੇ ਕਿਸਮ ਵਿਚ ਕੁੱਝ ਲੱਛਣਾ ਦੀ ਬਹੁਲਤਾ ਜਾਂ ਤੀਖਣਤਾ ਹੁੰਦੀ ਹੈ ਅਤੇ ਕਿਸੇ ਵਿਚ ਦੂਸਰਿਆਂ ਲੱਛਣਾ ਦੀ। ਇਲਾਜ ਅਤੇ ਇਲਾਜ ਬਾਅਦ ਮਰੀਜ਼ ਦੀ ਮਾਨਸਿਕ ਸਿਹਤ ਕਿਵੇਂ ਦੀ ਹੋਵੇਗੀ ਇਹ ਇਸ ਗੱਲ ਤੇ ਵੀ ਨਿਰਭਰ ਕਰਦੀ ਹੈ ਕਿ ਕਿਸ ਕਿਸਮ ਦਾ ਸਕਿਜ਼ੋਫਰੀਨੀਆਂ ਹੈ।

ਇਹ ਰੋਗ ਕਈ ਵਾਰੀ ਇੰਨ੍ਹਾਂ ਸਹਿਜੇ ਸਹਿਜੇ ਲੱਗਣਾ ਸ਼ੁਰੂ ਹੁੰਦਾ ਹੈ ਕਿ ਤੁਹਾਨੂੰ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਕਈ ਚਿਰ ਪਤਾ ਹੀ ਨਹੀਂ ਲੱਗਦਾ।ਇਹ ਰੋਗ ਇਕ ਦੱਮ ਵੀ ਹੋ ਸਕਦਾ ਹੈ। ਅਚਾਨਕ ਪਤਾ ਹੀ ਨਹੀਂ ਲੱਗਦਾ ਕਿ ਕੀ ਹੋ ਗਿਆ।ਇਹ ਰੋਗ ਚੜ੍ਹਦੀ ਜਵਾਨੀ ਜਾਂ ਜਵਾਨੀ ਵੇਲੇ ਸ਼ੁਰੂ ਹੁੰਦਾ ਹੈ। ਇਹ ਰੋਗ ਲਗਭਗ ਸੌ ਵਿਚੋਂ ਇਕ ਮਨੁੱਖ ਨੂੰ ਹੁੰਦਾ ਹੈ ਅਤੇ 16 ਸਾਲ ਤੋਂ ਲੈ ਕੇ 27 ਸਾਲ ਦੀ ਉਮਰ ਤਕ ਜਿਆਦਾ ਸ਼ੁਰੂ ਹੁੰਦਾ ਹੈ ਜਾਂ ਲਗਦਾ ਹੈ।

ਜਿਨ੍ਹਾ ਨੂੰ ਇਹ ਰੋਗ ਛੋਟੀ ਉਮਰ ਵਿਚ ਲੱਗਦਾ ਹੈ, ਜਿਹਨਾ ਦੇ ਪਰਿਵਾਰ ਵਿਚ ਇਹ ਰੋਗ ਪੁਸ਼ਤੋ-ਪੁਸ਼ਤੀ (ਦਾਦਕਿਆਂ ਜਾਂ ਨਾਨਕਿਆਂ ਵਲੋਂ) ਚਲਦਾ ਆਉਂਦਾ ਹੈ, ਜਿਹਨਾਂ ਦੀ ਸੋਚਣੀ ਜਿਆਦਾ ਖਰਾਬ ਹੋ

ਜਾਂਦੀ ਹੈ ਜਾਂ ਜੋ ਜਿਆਦਾ ਅੰਤਰਮੁਖੀ (withdrawel) ਹੋ ਜਾਂਦੇ ਹਨ ਤਾਂ ਉਹਨਾ ਵਿਚ ਠੀਕ ਹੋਣ ਦੇ ਮੋਕੇ ਘੱਟ ਹੁੰਦੇ ਹਨ।

## ਇਹ ਰੋਗ ਲੱਗਣ ਦੇ ਕੀ ਕਾਰਨ ਹਨ:

ਪੁਰਾਣੇ ਸਮਿਆਂ ਵਿੱਚ ਸਕਿਜੋਫਰੀਨੀਆਂ ਅਤੇ ਹੋਰ ਦਿਮਾਗੀ ਬੀਮਾਰਿਆਂ ਦਾ ਕਾਰਨ ਹੱਥ ਰਸੀ ਦੱਸਿਆ ਜਾਂਦਾ ਸੀ ਜਿਹੜਾ ਕਿ ਸਰਾਸਰ ਗਲਤ ਸੀ। ਉਸ ਤੋਂ ਬਾਅਦ ਮਾੜੀ ਖੁਰਾਕ ਨੂੰ ਕਾਰਨ ਦੱਸਿਆ ਜਾਣ ਲੱਗਾ ਤੇ ਵਿਟਾਮਿਨ ਖਾਣ ਦੀਆਂ ਸਲਾਹਾਂ ਦਿੱਤੀਆਂ ਜਾਣ ਲੱਗੀਆਂ। ਕੁੱਝ ਹੋਰਨਾ ਨੇ ਇਹ ਵਿਚਾਰ ਦਿੱਤਾ ਕਿ ਪਰਿਵਾਰ ਦੇ ਮੈਂਬਰਾ ਵਿੱਚ ਠੀਕ ਤਰੀਕੇ ਨਾਲ ਗਲਬਾਤ ਅਤੇ ਵਿਚਾਰ ਨਾ ਹੋਣ ਕਰਕੇ ਇਹ ਰੋਗ ਪੈਦਾ ਹੁੰਦਾ ਹੈ। ਪਰ ਇਸ ਵਿਚਾਰ ਪਿੱਛੇ ਕੋਈ ਵਿਗਿਆਨਕ ਬੁਨਿਆਦ ਨਹੀਂ। ਸਕਿਜੋਫਰੀਨੀਆਂ ਦਾ ਰੋਗ ਲੱਗਣ ਦੇ ਕੀ ਕਾਰਨ ਹਨ ਇਸ ਬਾਰੇ ਵਿਗਆਨੀਆਂ ਦੀਆਂ ਰਾਵਾਂ ਵੱਖਰੀਆਂ ਵੱਖਰੀਆਂ ਹਨ ਅਤੇ ਕੋਈ ਵੀ ਇਕੱਲਾ ਕਾਰਨ ਐਸਾ ਨਹੀਂ ਜੋ ਕਾਰਨ ਕਿਹਾ ਜਾ ਸਕਦਾ ਹੈ। ਅੱਜ ਕਲ ਬਹੁਤੇ ਵਿਗਆਨੀ ਇਹ ਯਕੀਨ ਕਰਦੇ ਹਨ ਕਿ ਸਕਿਜੋਫਰੀਨੀਆਂ ਰੋਗ ਲੱਗਣ ਦੇ ਕਈ ਕਾਰਨ ਹਨ। ਕੁਝ ਕਾਰਨ ਜੋ ਅਜਕਲ ਆਮ ਤੋਰ ਤੇ ਸੋਚੇ ਜਾਂਦੇ ਹਨ ਉਹ ਇਵੇਂ ਹਨ:

* ਇਹ ਰੋਗ ਵਿਰਸੇ ਵਿੱਚ ਮਿਲਦਾ ਹੈ ਜਾਂ ਨਹੀਂ ਇਸ ਬਾਰੇ ਅਜੇ ਕੋਈ ਠੋਸ ਸਬੂਤ ਹਾਸਿਲ ਨਹੀਂ ਹੋਇਆ ਭਾਵੇਂ ਇਹ ਆਮ ਵੇਖਿਆਂ ਗਿਆ ਹੈ ਕਿ ਕੁੱਝ ਖਾਨਦਾਨਾਂ ਵਿੱਚ ਇਹ ਰੋਗ ਜਿਆਦਾ ਹੁੰਦਾ ਹੈ। ਆਮ ਲੋਕਾਂ ਵਿਚ ਸੌ ਵਿਚੋਂ ਇਕ ਮਨੁੱਖ ਨੂੰ ਇਹ ਰੋਗ ਲਗਦਾ ਹੈ ਪਰ ਜੇ ਮਾਂ ਪਿਉ ਵਿਚੋਂ ਕਿਸੇ ਇਕ ਨੂੰ ਇਹ ਰੋਗ ਹੋਵੇ ਤਾਂ ਇਸ ਰੋਗ ਲਗਣ ਦੇ ਮੋਕੇ 10 ਪ੍ਰਤੀਸ਼ਤ ਹੋ ਜਾਂਦੇ ਹਨ। ਜੇ ਦੋਵੇਂ ਮਾਂ ਪਿਉ ਇਸ ਰੋਗ ਦੇ ਸ਼ਿਕਾਰ ਹੋਣ ਤਾਂ ਬੱਚੇ ਨੂੰ ਇਸ ਰੋਗ ਹੋਣ ਦੇ ਮੋਕੇ 40 ਪ੍ਰਤੀਸ਼ਤ ਹੋ ਜਾਂਦੇ ਹਨ। ਖੋਜ਼ ਇਹ ਦੱਸਦੀ ਹੈ ਕਿ ਜਿਹਨਾਂ ਪਰਿਵਾਰਾਂ ਵਿੱਚ ਇਹ ਰੋਗ ਹੁੰਦਾ ਹੈ ਉਹਨਾਂ ਦੇ ਬੱਚਿਆਂ ਨੂੰ ਰੋਗ ਲੱਗਣ ਦੀ ਸੰਭਾਵਨਾ ਹੁੰਦੀ ਹੈ ਪਰ ਜ਼ਰੂਰੀ ਨਹੀਂ ਇਹ ਰੋਗ ਲੱਗੇ।

* ਦਿਮਾਗ ਵਿਚਲੇ ਰਸਾਇਣਕ ਤੱਤਾਂ ਵਿੱਚ ਤਵਾਜਣ ਖਰਾਬ ਹੋ ਜਾਣ ਨਾਲ ਇਹ ਰੋਗ ਲੱਗਿਆ ਸਮਝਿਆ ਜਾਂਦਾ ਹੈ। ਦਿਮਾਗ ਵਿਚਲੇ ਕੁਝ ਰਸਾਇਣਕ ਤੱਤਾਂ ਤੇ ਅੱਜ ਕਲ ਕਾਫੀ ਖੋਜ਼ ਹੋ ਰਹੀ ਹੈ ਪਰ ਕੋਈ ਸਿੱਧਾ ਅਤੇ ਸਪਸ਼ਟ ਸੰਬਧ ਅਜੇ ਸਥਾਪਿਤ ਨਹੀਂ ਹੋ ਸੱਕਿਆ।

* ਕਈ ਵਿਗਆਨੀ ਇਸ ਰੋਗ ਨੂੰ ਕੁੱਝ ਉਹਨਾਂ ਕਿਟਾਣੂਆਂ ਕਰਕੇ ਹੋਇਆ ਮੰਨਦੇ ਹਨ ਜੋ ਦਿਮਾਗ ਦੇ ਖਾਸ ਹਿੱਸੇ ਲਿਮਬਿਕ ਸਿਸਟਮ (LIMBIC SYSTEM) ਤੇ ਅਸਰ ਕਰਦੇ ਹਨ। ਦਿਮਾਗ ਨੂੰ ਜਾਣ ਵਾਲੀ ਸਾਰੀ ਜਾਣਕਾਰੀ ਲਿਮਬਿਕ ਸਿਸਟਮ ਥਾਣੀ ਲੰਘਦੀ ਹੈ। ਇਹ ਸਿਸਟਮ ਹੀ ਇਸ ਜਾਣਕਾਰੀ ਨੂੰ ਪਰਖ ਕੇ ਜੋੜ ਕੇ ਸਮਝ ਵਿੱਚ ਆਉਣ ਵਾਲੀ ਬਣਾਉਂਦਾ ਹੈ। ਇਸ ਹਿੱਸੇ ਵਿੱਚ ਖਰਾਬੀ ਹੋਣ ਕਰਕੇ ਹੀ ਸ਼ਾਇਦ ਇਸ ਰੋਗ ਦੇ ਲੱਛਣ ਉਜਾਗਰ ਹੁੰਦੇ ਹਨ। ਪਰ ਇਸ ਪਾਸੇ ਅਜੇ ਹੋਰ ਖੋਜ ਅਤੇ ਠੋਸ ਸਬੂਤਾਂ ਦੀ ਜ਼ਰੂਰਤ ਹੈ।

* ਕੀ ਨਸ਼ੇ ਜਾਂ ਨਸ਼ੀਲੀਆਂ ਗੋਲੀਆਂ ਇਹ ਰੋਗ ਲਾ ਦਿੰਦੀਆਂ ਹਨ ਕਿ ਨਹੀਂ ? ਇਸ ਸਵਾਲ ਦਾ ਜੁਆਬ ਦੇਣਾ ਵੀ ਏਨਾ ਸਿੱਧਾ ਨਹੀਂ। ਕੁਝ ਆਮ ਵਰਤੀਆਂ ਜਾਣ ਵਾਲੀਆਂ ਨੱਸ਼ਿਆਂ ਦੀਆਂ ਗੋਲੀਆਂ (ਜਿਵੇਂ ਐਮਫਿਟਾਮਾਈਨ) ਵਕਤੀ ਤੋਰ ਤੇ ਇਸ ਬੀਮਾਰੀ ਵਰਗੇ ਲੱਛਣ ਪੈਦਾ ਕਰ ਸਕਦੀਆਂ ਹਨ। ਪਰ ਇਹ ਲੱਛਣ ਛੇਤੀਂ ਹੀ ਦੂਰ ਹੋ ਜਾਂਦੇ ਹਨ। ਜਿਹਨਾਂ ਨੂੰ ਇਹ ਸਕਿਜੋਫਰੀਨੀਆਂ ਰੋਗ ਲੱਗਿਆ ਹੁੰਦਾ ਹੈ ਹੋ ਸਕਦਾ ਉਹਨਾਂ ਵਿਚੋਂ ਕਈ ਪਹਿਲਾਂ ਕਈ ਨਸ਼ਿਆਂ ਤੇ ਲੱਗੇ ਹੋਣ ਪਰ ਨਸ਼ੇ ਵਾਲੀਆਂ ਗੋਲੀਆਂ ਖਾਣ ਵਾਲੇ ਸਾਰਿਆਂ ਨੂੰ ਸਕਿਜੋਫਰੀਨੀਆਂ ਨਹੀਂ ਹੁੰਦਾ। ਇਹ ਨਸ਼ੇ ਸਕਿਜੋਫਰੀਨੀਆਂ ਰੋਗ ਦੇ ਇਲਾਜ ਦੋਰਾਨ ਜੇ ਕੀਤੇ ਜਾਣ ਤਾਂ ਮਰੀਜ ਜਿਆਦਾ ਬੀਮਾਰ ਹੋ ਸਕਦਾ ਹੈ। ਇਹ ਨਸ਼ੇ ਦਵਾਈ ਨਾਲ ਰਲ ਕੇ ਖਤਰਨਾਕ ਹੋ ਸਕਦੇ ਹਨ।

* ਕਈ ਵਾਰੀ ਇਵੇਂ ਲੱਗਦਾ ਹੈ ਕਿ ਕੋਈ ਹਾਦਸਾ ਵਾਪਰਿਆ ਜਾਂ ਬਹੁਤ ਤਣਾਅ ਵਾਲੀ ਸਥਿਤੀ (stressful situation) ਵਿਚ ਹੋਣ ਕਰਕੇ ਇਹ ਰੋਗ ਹੋ ਗਿਆ। ਕੋਈ ਮਾੜੀ ਖਬਰ, ਕਈ ਤਰ੍ਹਾਂ ਦੇ ਤਣਾਅ, ਪਰੇਸ਼ਾਨ ਜਾਂ ਡਰ ਦਿਮਾਗ ਵਿੱਚ ਬੈਠ ਜਾਣ ਕਰਕੇ ਮਨੁੱਖ ਕਮਲਾ ਹੋ ਗਿਆ। ਤਣਾਅ (stress) ਦਿਮਾਗ ਵਿਚਲੇ ਤੱਤਾਂ ਵਿਚ ਤਬਦੀਲੀ ਲਿਆਉਂਦਾ ਹੈ ਅਤੇ ਦਿਮਾਗ ਦੇ ਸੈੱਲ ਇਸ ਤਬਦੀਲੀ ਨੂੰ ਝੱਲ ਨਹੀਂ ਸਕਦੇ। ਤਣਾਅ ਵਾਲੀ ਸਥਿਤੀ ਵਿਚੋਂ ਤਾਂ ਬਹੁਤ ਲੋਕ ਲੰਘਦੇ ਹਨ ਪਰ ਸਾਰੀਆਂ ਨੂੰ ਸਕਿਜੋਫਰੀਨੀਆਂ ਨਹੀਂ ਹੁੰਦਾ। ਕੁਝ ਵਿਗਆਨੀ ਇਹ ਸੁਝਾਅ ਦੇਂਦੇ ਹਨ ਕਿ ਸਕਿਜੋਫਰੀਨੀਆਂ ਦੇ ਰੋਗੀਆਂ ਦੇ ਦਿਮਾਗ ਦੇ ਕੁਝ ਸੈੱਲ ਵਧੇਰੇ ਤਣਾਅ ਨੂੰ ਝੱਲ ਨਹੀਂ ਸਕਦੇ। ਸੋ ਸਕਿਜੋਫਰੀਨੀਆਂ ਰੋਗ ਲੱਗਣ ਦੇ ਪਹਿਲਾਂ ਹੀ ਮੋਕੇ ਹੁੰਦੇ ਹਨ ਤੇ ਤਣਾਅ ਨਾਲ ਇਹ ਰੋਗ ਸ਼ੁਰੂ ਹੋ ਜਾਂਦਾ ਹੈ। ਇਲਾਜ ਦੋਰਾਨ ਵੀ ਜੇ ਤਣਾਅ ਵਾਲੀ ਸਥਿੱਤੀ ਰਵੇ ਤਾਂ ਠੀਕ ਹੋਣ ਦੇ ਮੋਕੇ ਘੱਟ ਜਾਂਦੇ ਹਨ। ਜਦ ਬੀਮਾਰੀ ਤੇ ਕੁੱਝ ਕੰਟਰੋਲ ਵੀ ਹੋ ਜਾਵੇ ਤਦ ਵੀ ਤਣਾਅ ਕਰਕੇ ਫਿਰ ਦੋਬਾਰਾ ਬੀਮਾਰੀ ਵੱਧ ਸਕਦੀ ਹੈ। ਇਹ ਕਿਆ ਜਾ ਸਕਦਾ ਹੈ ਕਿ ਤਣਾਅ ਇਹ ਰੋਗ ਪੈਦਾ ਨਹੀਂ ਕਰਦਾ ਬਲਕਿ ਰੋਗ ਨੂੰ ਵਧਾਉਂਦਾ ਹੈ।

## ਇਲਾਜ:

ਇਸ ਰੋਗ ਦਾ ਇਲਾਜ ਦਵਾਈਆਂ, ਮਨੋਚਿਕਿਤਸਾ ਅਤੇ ਰੀਹੈਬਲਿਟੇਸ਼ਨ (ਆਮ ਜੀਵਨ ਲਈ ਮੁੜ ਯੋਗ ਬਨਾਉਣਾ) ਇਹ ਤਿੰਨ੍ਹਾ ਪੱਖਾਂ ਨੂੰ ਮਿਲ ਕੇ ਹੁੰਦਾ ਹੈ। ਇਹ ਤਿੰਨ ਪੱਖ ਬਹੁਤ ਹੀ ਮਹਤੱਵਪੂਰਣ ਹਨ। ਦਵਾਈਆਂ ਨਾਲ ਬੀਮਾਰੀ ਦੇ ਲੱਛਣਾਂ ਤੇ ਕੰਟਰੋਲ ਕਰਨ ਦਾ ਯਤਨ ਕੀਤਾ ਜਾਂਦਾ ਹੈ। ਮਨੋਚਿਕਿਤਸਾ ਅਤੇ ਸਹਾਇਕ ਸਲਾਹ ਮਸ਼ਵਰੇ ਰਾਹੀਂ ਇਸ ਰੋਗ ਨਾਲ ਸਬੰਧਿਤ ਮਸਲਿਆਂ ਬਾਰੇ ਸਹਾਇਤਾ ਮਿਲਦੀ ਹੈ ਅਤੇ ਰੀਹੈਬ ਪ੍ਰੋਗਰਾਮ ਰਾਹੀਂ ਮਰੀਜ਼ ਨੂੰ ਫਿਰ ਪਹਿਲਾਂ ਵਰਗੀ ਜਾਂ ਆਮ ਜੀਵਨ ਲਈ ਮੁੜ ਯੋਗ ਬਨਾਉਣ ਲਈ ਮੱਦਦ ਕੀਤੀ ਜਾਂਦੀ ਹੈ।

ਸੱਭ ਤੋਂ ਵਧੀਆ ਤਾਂ ਇਹ ਹੋਵੇਗਾ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਰੋਗ ਅਤੇ ਇਸ ਦੇ ਇਲਾਜ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਹਾਸਿਲ ਕਰੋ ਅਤੇ ਆਪਣੇ ਮੈਂਟਲ ਹੈਲਥ ਵਰਕਰ ਜਾਂ ਮਾਨਸਿਕ ਰੋਗਾਂ ਦੇ ਡਾਕਟਰ ਨਾਲ ਇਸ ਬਾਰੇ ਵਿਚਾਰ ਕਰੋ ਕਿ ਕੀ ਕੁੱਝ ਸਹਾਈ ਹੋ ਸਕਦਾ ਹੈ।

ਬਹੁਤੇ ਮਰੀਜ਼ਾਂ ਦਾ ਇਲਾਜ ਮੈਂਟਲ ਹੈਲਥ ਟੀਮਾਂ ਜਾਂ ਮੈਂਟਲ ਹੈਲਥ ਸੈਂਟਰ ਰਾਹੀਂ ਘਰ ਵਿੱਚ ਰੱਖ ਕੇ ਹੀ ਕੀਤਾ ਜਾਂਦਾ ਹੈ। ਪਰ ਕੁੱਝ ਮਰੀਜਾਂ ਨੂੰ ਕੁੱਝ ਚਿਰ ਲਈ ਹਸਪਤਾਲ ਰੱਖਣ ਦੀ ਵੀ ਜ਼ਰੂਰਤ ਪੈ ਸਕਦੀ ਹੈ। ਜਦ ਬੀਮਾਰੀ ਪੂਰੇ ਜੋਰਾਂ ਤੇ ਹੁੰਦੀ ਹੈ ਤਾਂ ਮਰੀਜ ਨੂੰ ਉਸ ਦੀ ਦੇਖਭਾਲ ਅਤੇ ਰਖਵਾਲੀ ਲਈ ਹਸਪਤਾਲ ਰੱਖਿਆ ਜਾਂਦਾ ਹੈ। ਕੁੱਝ ਸਮੇਂ ਬਾਅਦ ਜਦ ਰੋਗ ਦੇ ਲੱਛਣਾ ਤੇ ਕੁੱਝ ਕੰਟਰੋਲ ਹੋ ਜਾਂਦਾ ਹੈ ਤਾਂ ਮੈਂਟਲ ਹੈਲਥ ਟੀਮ ਜਾਂ ਮੈਂਟਲ ਹੈਲਥ ਸੈਂਟਰ ਵੱਲ ਭੇਜਿਆ ਜਾਂਦਾ ਹੈ। ਮੈਂਟਲ ਹੈਲਥ ਟੀਮ ਮਰੀਜ ਦਾ ਇਲਾਜ ਦਵਾਈ, ਮਨੋਚਿਕਿਤਸਾ, ਸਹਾਇਕ ਸਲਾਹ ਮਸਵਰਾ ਅਤੇ ਰੀਹੈਬ ਪ੍ਰੋਗਰਾਮਾਂ ਰਾਹੀਂ ਕਰਦੇ ਹਨ।

ਜਦੋਂ ਰੋਗ ਦੀ ਤੀਖਣਤਾ ਕੁੱਝ ਘੱਟਦੀ ਹੈ ਤਾਂ ਮਰੀਜ ਨੂੰ ਆਪਣੀ ਜਿੰਦਗੀ ਨੂੰ ਮੁੜ ਪੈਰਾਂ ਤੇ ਖੜੇ ਕਰਨ ਵਿਚ ਸਹਾਇਤਾ ਦੀ ਜਰੂਰਤ ਪੈਂਦੀ ਹੈ ਤਾਂਕਿ ਉਹ ਜਿੰਨ੍ਹੇ ਕੁ ਯੋਗ ਹੈ ਉਸ ਮੁਤਾਬਕ ਆਪਣਾ ਖਿਆਲ ਰੱਖ ਸਕੇ, ਕੰਮ ਕਰ ਸਕੇ, ਪਰਿਵਾਰ ਅਤੇ ਸਮਾਜਿਕ ਸੰਬਧਾਂ ਨੂੰ ਫਿਰ ਕਾਇਮ ਕਰ ਸਕੇ। ਵਖਰੇ ਵਖਰੇ ਥਾਵਾਂ ਤੇ ਵੱਖ ਵੱਖ ਤਰ੍ਹਾਂ ਦੇ ਰੀਹੈਬ ਪ੍ਰੋਗਰਾਮ ਹਨ ਪਰ ਅਕਸਰ ਇਹਨਾਂ ਵਿਚ ਕੰਮ ਬਾਰੇ ਸਿਖਲਾਈ, ਆਮ ਜਿੰਦਗੀ ਵਿਚ ਆ ਸਕਣ ਵਾਲੀਆਂ ਮੁਸ਼ਕਲਾਂ ਹੱਲ ਕਰਨ ਲਈ ਤਕਨੀਕਾਂ ਦੀ ਸਿਖਲਾਈ, ਪੈਸੇ ਨੂੰ ਠੀਕ ਤਰ੍ਹਾਂ ਵਰਤਣ ਬਾਰੇ ਜਾਣਕਾਰੀ, ਬਸ-ਗੱਡੀ ਤੇ ਚੜ੍ਹਨਾ ਅਤੇ ਹੋਰ ਆਮ ਰੋਜ਼ਾਨਾ ਜਿੰਦਗੀ ਵਿਚ ਕੰਮ ਆਉਣ ਵਾਲੀਆਂ ਗੱਲਾਂ ਸਿਖਾਈਆਂ ਜਾਂਦੀਆ ਹਨ।

## ਦਵਾਈਆਂ:

ਐਂਟੀਸਾਈਕੋਟਿਕ ਦਵਾਈਆਂ ਸਕਿਜ਼ੋਫਰੀਨੀਆਂ ਨੂੰ ਬਿਲਕੁੱਲ ਖਤਮ ਨਹੀਂ ਕਰਦੀਆਂ ਬਲਕਿ ਇਸ ਰੋਗ ਦੇ ਲੱਛਣਾ ਨੂੰ ਕੰਟਰੋਲ ਵਿਚ ਰੱਖਣ ਵਿਚ ਮੱਦਦ ਕਰਦੀਆਂ ਹਨ। ਭਰਮ, ਆਵਾਜ਼ਾਂ ਸੁਣਾਈ ਦੇਣੀਆਂ, ਚੀਜ਼ਾਂ ਵਿਖਾਈ ਦੇਣੀਆਂ, ਗੁੱਸਾ ਆਉਣਾ, ਊਟ-ਪਟਾਂਗ ਬੋਲਣਾ ਜਾਂ ਬੇਹੂਦਾ ਹਰਕਤਾਂ ਆਦਿ ਲੱਛਣਾ ਵਿਚ ਕਾਫੀ ਕਮੀ ਆ ਜਾਂਦੀ ਹੈ। ਇਹ ਦਵਾਈਆਂ ਜੋ ਵਰਤੀਆਂ ਜਾਂਦੀਆਂ ਹਨ ਇਨ੍ਹਾਂ ਨੂੰ ਨਿਊਰੋਲੈਪਟਿਕ ਕਹਿੰਦੇ ਹਨ। 1951-52 ਦੇ ਦੌਰਾਨ ਇਹ ਦਵਾਈਆਂ ਹੋਂਦ ਵਿੱਚ ਆਈਆਂ। ਇਹ ਰੋਗ ਤੇ ਕੰਟਰੋਲ ਕਰਦੀਆਂ ਹਨ। ਇਸ ਲਈ ਬਹੁਤੇ ਮਰੀਜ਼ਾਂ ਨੂੰ ਹਸਪਤਾਲ ਦੀ ਜ਼ਰੂਰਤ ਨਹੀਂ ਪੈਂਦੀ ਅਤੇ ਉਹਨਾਂ ਦਾ ਇਲਾਜ ਕਮਿਊਨਟੀ ਵਿਚ ਰਹਿੰਦਿਆਂ ਹੀ ਕੀਤਾ ਜਾਂਦਾ ਹੈ।

ਨਿਊਰੋਲੈਪਟਿਕ ਦਵਾਈਆਂ ਵੀ ਕਈ ਤਰ੍ਹਾਂ ਦੀਆਂ ਹਨ। ਕਿਹੜੀ ਦਵਾਈ ਅਤੇ ਕਿਨ੍ਹੀ ਮਾਤਰਾ ਵਿੱਚ ਖਾਣੀ ਹੈ, ਇਹ ਰੋਗ ਦੀ ਗੰਭੀਰਤਾ ਅਤੇ ਰੋਗ ਕਿਸ ਸਟੇਜ ਤੇ ਹੈ ਇਹਨਾਂ ਗੱਲਾਂ ਤੇ ਨਿਰਭਰ ਕਰਦਾ ਹੈ। ਜ਼ਿਆਦਾ ਨਿਊਰੋਲੈਪਟਿਕ ਤਾਂ ਗੋਲੀਆਂ ਦੀ ਸ਼ਕਲ ਵਿੱਚ ਹੀ ਹੁੰਦੀਆਂ ਹਨ ਪਰ ਕੁੱਝ ਟੀਕਿਆਂ ਰਾਹੀਂ ਵੀ ਦਿੱਤੀਆਂ ਜਾਂਦੀਆਂ ਹਨ। ਇਹ ਟੀਕੇ ਲੰਮੇ ਸਮੇਂ ਤੱਕ ਅਸਰ ਕਰਦੇ ਰਹਿਣ ਵਾਲੇ ਹੁੰਦੇ ਹਨ ਅਤੇ ਇਹ ਕਈ ਕਾਰਨਾ ਕਰਕੇ ਲਾਏ ਜਾਂਦੇ ਹਨ। ਜਿਵੇਂ ਕਿ ਕੁੱਝ ਮਰੀਜਾਂ ਦੇ ਸ਼ਰੀਰ ਦਵਾਈ ਜਜ਼ਬ ਨਹੀਂ ਕਰ ਸਕਦੇ ਜਾਂ ਕੁੱਝ ਮਰੀਜ ਦਵਾਈ ਖਾਣਾ ਭੁੱਲ ਜਾਂਦੇ ਹਨ। ਇਹ ਟੀਕੇ 2 ਜਾਂ 4 ਹਫਤਿਆਂ ਬਾਅਦ ਲਾਏ ਜਾਂਦੇ ਹਨ ਪਰ ਇਹ ਸਮਾਂ ਦਵਾਈ ਦੀ ਮਿਕਦਾਰ ਅਤੇ ਰੋਗੀ ਤੇ ਨਿਰਭਰ ਕਰਦਾ ਹੈ।

ਵੱਖ ਵੱਖ ਦਵਾਈਆਂ ਦੇ ਅਸਰ ਹੋਣ ਵਿਚ ਵੱਖ ਵੱਖ ਸਮਾਂ ਲਗਦਾ ਹੈ। ਪਰ ਆਮ ਤੌਰ ਤੇ ਦੋ ਕੁ ਹਫਤਿਆਂ ਤੱਕ ਇਹਨਾਂ ਦਾ ਅਸਰ ਸ਼ੁਰੂ ਹੋ ਜਾਂਦਾ ਹੈ ਪਰ ਜਿਆਦਾ ਸਮਾਂ ਵੀ ਲੱਗ ਸਕਦਾ ਹੈ। ਸੋ ਡਾਕਟਰ ਦੀ ਸਲਾਹ ਤੋਂ ਬਗੈਰ ਕਦੀ ਵੀ ਦਵਾਈ ਖਾਣੀ ਬੰਦ ਨਾ ਕਰੋ। ਜੇ ਠੀਕ ਮਹਿਸੂਸ ਕਰਦੇ ਹੋ ਤਾਂ ਵੀ ਦਵਾਈ ਜਾਰੀ ਰੱਖੋ ਤਾਂਕਿ ਫਿਰ ਦੁਬਾਰਾ ਜਿਆਦਾ ਬੀਮਾਰ ਨਾ ਹੋ ਜਾਵੋ। ਅਕਸਰ ਦਵਾਈ ਦੀ ਮਾਤਰਾ ਹੌਲੀ ਹੌਲੀ ਘਟਾਈ ਜਾਂਦੀ ਹੈ ਪਰ ਆਮ ਤੌਰ ਤੇ ਇਹ ਨਿਊਰੋਲੈਪਟਿਕ ਸਦਾ ਹੀ ਖਾਣੇ ਪੈਂਦੇ ਹਨ ਨਹੀਂ ਤਾਂ ਰੋਗ ਦੇ ਲੱਛਣ ਫਿਰ ਦੋਬਾਰਾ ਉਜਾਗਰ ਹੋ ਜਾਂਦੇ ਹਨ। ਖੋਜ਼ ਇਹ ਦੱਸਦੀ ਹੈ ਕਿ ਜਿਹੜੇ ਮਰੀਜ ਆਪਣੇ ਆਪ ਹੀ ਦਵਾਈ ਖਾਣਾ ਬੰਦ ਕਰ ਦਿੰਦੇ ਹਨ ਉਹਨਾ ਵਿਚ 80 ਪ੍ਰਤੀਸ਼ਤ 9 ਮਹੀਨਿਆਂ ਦੇ ਵਿਚ ਵਿਚ ਹੀ ਫਿਰ ਦੋਬਾਰਾ ਬਿਮਾਰ ਹੋ ਜਾਂਦੇ ਹਨ। ਪਰ ਜੇ ਤੁਸੀਂ ਸਮਝਦੇ ਹੋ ਕਿ ਦਵਾਈ ਨਾਲ ਕੋਈ ਲਾਭ ਨਹੀਂ ਹੋਇਆ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। ਹੋ ਸਕਦਾ ਹੈ ਉਹ ਦਵਾਈ ਕੁੱਝ ਅਦਲਾ ਬਦਲੀ ਕਰੇ।

## ਮਾੜੇ ਅਸਰ (side effects):

ਨਿਊਰੋਲੈਪਟਿਕ ਦਵਾਈਆਂ ਦੇ ਹੋਰ ਦਵਾਈਆਂ ਵਾਂਗ ਮਾੜੇ ਅਸਰ (side effects) ਵੀ ਹੁੰਦੇ ਹਨ। ਕਈ ਦਵਾਈਆਂ ਦੇ ਮਾੜੇ ਅਸਰ ਚੰਗੇ ਅਸਰ ਤੋਂ ਪਹਿਲਾਂ ਨਜ਼ਰ ਆਉਣ ਲੱਗ ਪੈਂਦੇ ਹਨ ਪਰ ਇਹਨਾਂ ਵਿਚੋਂ ਕਈ ਮਾੜੇ ਅਸਰ ਵਕਤੀ ਤੌਰ ਤੇ ਹੀ ਹੁੰਦੇ ਹਨ ਅਤੇ ਜਿਉਂ ਜਿਉਂ ਸ਼ਰੀਰ ਦਵਾਈ ਦਾ ਆਦੀ ਹੋ ਜਾਂਦਾ ਹੈ ਇਹ ਮਾੜੇ ਅਸਰ ਦੂਰ ਹੋ ਜਾਂਦੇ ਹਨ। ਜੇ ਤੁਸੀਂ ਕੋਈ ਮਾੜਾ ਅਸਰ ਮਹਿਸੂਸ ਕਰੋ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। ਮੂੰਹ ਦਾ ਸੁੱਕਣਾ, ਕਬਜ਼ ਅਤੇ ਚਮੜੀ ਦਾ ਖੁਸ਼ਕ ਹੋ ਜਾਣਾ ਕੁਝ ਅਜਿਹੇ ਮਾੜੇ ਅਸਰ ਹਨ ਜੋ ਇਲਾਜ ਸ਼ੁਰੂ ਹੋਣ ਵੇਲੇ ਸ਼ੁਰੂ ਹੁੰਦੇ ਹਨ ਅਤੇ ਹੌਲੀ ਹੌਲੀ ਘੱਟ ਜਾਂਦੇ ਹਨ।

ਜੇ ਮੂੰਹ ਸੁੱਕਦਾ ਹੈ ਤਾਂ ਥੋੜਾ ਥੋੜਾ ਜਾਂ ਘੁੱਟ ਘੁੱਟ ਪਾਣੀ ਜਾਂ ਕੋਈ ਹੋਰ ਤਰਲ ਪਦਾਰਥ ਘੜੀ ਮੁੜੀ ਪੀ ਸਕਦੇ ਹੋ। ਗੱਮ (gum) ਜਾਂ ਚੂਸਣ ਵਾਲੀ ਕੈਂਡੀ ਜਿਸ ਚਿ ਖੰਡ ਨਾ ਹੋਵੇ, ਵੀ ਸਹਾਈ ਹੋ ਸਕਦੀ ਹੈ। ਜੇ ਤੁਸੀਂ ਲੋੜੀਂਦਾ ਪਾਣੀ ਅਤੇ ਜੂਸ ਪੀਂਦੇ ਰਹੋਗੇ, ਵਰਜ਼ਿਸ਼ ਕਰੋਗੇ ਅਤੇ ਫਲ ਫਰੂਟ ਖਾਵੋਗੇ ਤਾਂ ਕਬਜ ਦੀ ਸਮੱਸਿਆ ਵੀ ਘੱਟ ਸਕਦੀ ਹੈ। ਚਮੜੀ ਨੂੰ ਖੁਸ਼ਕ ਹੋਣ ਤੋਂ ਬਚਾਉਣ ਲਈ ਤੁਸੀਂ ਤੇਲ ਵਗੈਰਾ ਮੁੱਲ ਸਕਦੇ ਹੋ। ਧੁਪ, ਹਵਾ ਜਾਂ ਠੰਢ ਵਿੱਚ ਜਿਆਦਾ ਚਿਰ ਨਾ ਰਵੋ।

ਇਹਨਾਂ ਤੋਂ ਇਲਾਵਾ ਹੋਰ ਮਾੜੇ ਅਸਰ ਜੋ ਸ਼ੁਰੂ ਸ਼ੁਰੂ ਵਿਚ ਹੋ ਸਕਦੇ ਹਨ ਪਰ ਹੌਲੀ ਹੌਲੀ ਹਟ ਜਾਂਦੇ ਹਨ। ਉਹ ਹਨ:

-ਊਂਘ ਆਉਣੀ।
-ਨੱਕ ਰੁਕਿਆ ਰਹਿਣਾ।
-ਪਸੀਨਾ ਆਉਣਾ।
-ਅੱਖਾਂ ਤੋਂ ਥੋੜਾ ਧੁੰਦਲਾ ਵਿਖਾਈ ਦੇਣਾ।
-ਪਿਸ਼ਾਬ ਕਰਨ ਵਿੱਚ ਮੁਸ਼ਕਲ ਆਉਣਾ।
-ਭਾਰ ਵੱਧ ਜਾਣਾ
-ਮਾਹਵਾਰੀ ਬੇਵਕਤੀ ਆਉਣੀ

ਪਰ ਜੇ ਹੇਠ ਲਿਖੇ ਮਾੜੇ ਅਸਰ ਨਜ਼ਰ ਆਉਣ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ ਤਾਂਕਿ ਦਵਾਈ ਵਿਚ ਲੋੜੀਂਦੀ ਤਬਦੀਲੀ ਕੀਤੀ ਜਾ ਸਕੇ ਜਾਂ ਹੋਰ ਦਵਾਈ ਦਿੱਤੀ ਜਾ ਸਕੇ:

-ਕਮਜੋਰੀ।

-ਕੰਬਣਾ।
-ਪੈਰ ਘਸੀਟ ਕੇ ਤੁਰਨਾ।
-ਅਕੜਾ ਜਿਹਾ ਮਹਿਸੂਸ ਹੋਣਾ।
-ਗੱਲ ਕਰਨ ਵਿੱਚ ਅਤੇ ਖਾਣਾ ਲੰਘਾਉਣ ਵਿੱਚ ਮੁਸ਼ਕਲ
-ਪੱਠਿਆਂ ਦੇ ਖਿਚਾਅ ਨਾਲ ਤਕਲੀਫ ਹੋਣੀ।
-ਬੇਚੈਨੀ।
-ਮੂਰਖਾਂ ਵਾਂਗ ਗੱਲਾਂ ਕਰੀ ਜਾਣੀਆਂ।
-ਜ਼ਬਾਨ, ਮੂੰਹ, ਜਬਾੜਾ, ਬਾਂਹ ਜਾਂ ਪੈਰ ਆਪਣੇ ਆਪ ਹਿਲਦੇ ਰਹਿਣੇ।
-ਸਾਹ ਲੈਣ ਵਿਚ ਮੁੱਸ਼ਕਿਲ ਹੋਣੀ।
-ਕਾਮ-ਭੋਗ ਕਰਨ ਵਿਚ ਮੁੱਸ਼ਕਿਲ।
-ਨੀਂਦ ਵਿਚ ਖਰਾਬੀ।
-ਬਹੁਤ ਜਿਆਦਾ ਖਿੱਝ ਆਉਣੀ।

ਇਹਨਾ ਤੋਂ ਇਲਾਵਾ ਹੋਰ ਜਿਆਦਾ ਮਾੜੇ ਅਸਰ ਘੱਟ ਹੀ ਹੁੰਦੇ ਹਨ। ਪਰ ਜੇ ਬੁਖਾਰ, ਗਲਾ-ਖਰਾਬ, ਦਿਲ ਦਾ ਬੇਤਰਤੀਬੀ ਨਾਲ ਧੜਕਣਾ, ਚੱਕਰ ਆਉਣੇ, ਗਸ਼ ਪੈਣੀ, ਚਮੜੀ ਦਾ ਰੰਗ ਜਿਆਦਾ ਬਦਲ ਜਾਣਾ, ਅਤੇ ਅੱਖਾਂ ਦਾ ਰੰਗ ਬਦਲ ਜਾਣਾ ਵਰਗੇ ਅਸਰ ਹੋਣ ਤਾਂ ਆਪਣੇ ਡਾਕਟਰ ਨਾਲ ਗਲ ਕਰੋ।

ਕਈ ਮਾੜੇ ਅਸਰ (side effects) ਐਸੇ ਹਨ ਜੋ ਸਦਾ ਵਾਸਤੇ ਹੀ ਹੋ ਜਾਂਦੇ ਹਨ ਉਹਨਾਂ ਨੂੰ ਟਾਰਡਾਈਵ ਡਿਸਕਨੇਸੀਆ ਕਹਿੰਦੇ ਹਨ। ਇਹ ਜਿਆਦਾ ਚਿਰ ਨਿਊਰੋਲੈਪਟਿਕ ਖਾਣ ਨਾਲ ਹੁੰਦਾ ਹੈ। ਅਕਸਰ ਉਹ ਮਰੀਜ ਜੋ ਕਈ ਸਾਲ ਦਵਾਈ ਖਾਂਦੇ ਰਹਿੰਦੇ ਹਨ ਉਹਨਾਂ ਵਿਚੋਂ 15-20 ਪ੍ਰਤੀਸ਼ਤ ਨੂੰ ਇਹ ਹੁੰਦਾ ਹੈ। ਪਰ ਇਹ ਉਹਨਾਂ ਮਰੀਜਾਂ ਨੂੰ ਵੀ ਹੋ ਸਕਦਾ ਹੈ ਜਿਹਨਾਂ ਦਾ ਇਲਾਜ ਭਾਵੇਂ ਥੋੜੇ ਸਮੇਂ ਤੋਂ ਸ਼ੁਰੂ ਹੋਇਆ ਹੋਵੇ। ਟਾਰਡਾਈਵ ਡਿਸਕਨੇਸੀਆ ਵਿਚ ਮੂੰਹ, ਬੁੱਲ੍ਹ, ਜੀਭ ਅਤੇ ਕਈ ਵਾਰੀ ਬਾਹਵਾਂ ਜਾਂ ਸਰੀਰ ਦੇ ਹੋਰ ਅੰਗ ਜਾਂ ਭਾਗ ਆਪਣੇ ਆਪ ਹਿਲਦੇ ਰਹਿੰਦੇ ਹਨ।

## ਪਰਿਵਾਰ ਅਤੇ ਪਰਿਵਾਰ ਦੇ ਮੈਂਬਰ:

ਸ਼ੁਰੂ ਵਿਚ ਇਲਾਜ ਵਾਸਤੇ ਲਿਜਾਣ, ਜਾਂਚ ਦੌਰਾਨ, ਇਲਾਜ ਦੌਰਾਨ, ਮਰੀਜ ਦੇ ਘਰ ਵਾਪਿਸ ਆਉਣ ਅਤੇ ਉਸ ਤੋਂ ਬਾਅਦ ਉਸ ਦੀ ਦੇਖਭਾਲ ਵਰਗੀਆਂ ਸਾਰੀਆਂ ਹਾਲਤਾਂ ਵਿਚ ਪਰਿਵਾਰ ਦੇ ਮੈਂਬਰਾਂ ਦਾ ਰੋਲ ਬਹੁਤ ਮਹੱਤਵਪੂਰਨ ਹੁੰਦਾ ਹੈ। ਜੋ ਕੁੱਝ ਪਰਿਵਾਰ ਤੇ ਬੀਤਦੀ ਹੈ ਅਤੇ ਜਿਹਨਾਂ ਹਾਲਾਤਾਂ ਵਿਚੋਂ ਉਹਨਾਂ ਨੂੰ ਗੁਜਰਨਾਂ ਪੈਂਦਾ ਹੈ ਉਹ ਕਾਫੀ ਦੁੱਖਦਾਈ ਅਤੇ ਪਰੇਸ਼ਾਨੀਆਂ ਭਰੇ ਹੁੰਦੇ ਹਨ।

ਸ਼ੁਰੂ ਵਿਚ ਤਾਂ ਪਰਿਵਾਰ ਦੇ ਮੈਂਬਰਾਂ ਨੂੰ ਇਵੇਂ ਵੀ ਮਹਿਸੂਸ ਹੁੰਦਾ ਹੈ ਜਿਵੇਂ ਉਹ ਇਸ ਰੋਗ ਦਾ ਕਾਰਨ ਹਨ । ਉਹਨਾਂ ਦੇ ਕਾਰਨ ਹੀ ਰੋਗ ਲੱਗਿਆ ਹੈ। ਉਹ ਕਸੂਰਵਾਰ ਹਨ। ਮਰੀਜ ਵੀ ਕਈ ਵਾਰੀ ਕਹਿ ਦਿੰਦਾ ਹੈ ਕਿ ਤੁਸੀਂ ਮੈਨੂੰ ਪਾਗਲ ਕੀਤਾ ਹੈ। ਕਈ ਵਾਰੀ ਪਰਿਵਾਰ ਦੇ ਮੈਂਬਰ ਵੀ ਖਿੱਝ ਜਾਂਦੇ ਹਨ ਕਿ 'ਇਹ ਹੁਣ ਬੀਮਾਰ ਹੋ ਕੇ ਬਹਿ ਗਿਆ'। ਮੁਕੱਦਰਾਂ ਦੀ ਗੱਲ ਸਮਝਣ ਦੇ ਬਾਵਜੂਦ ਵੀ ਸਬਰ ਨਹੀਂ ਹੁੰਦਾ ਤਾਂ ਰੱਬ ਨਾਲ ਨਰਾਜ਼ਗੀਆਂ ਕਰਦੇ ਹਾਂ 'ਕਿ ਰੱਬਾ ਇਹ ਕੀ ਕੀਤਾ'। ਇਹ ਗੁੱਸਾ ਇਹ ਖਿੱਝ ਉਦਾਸੀ ਪੈਦਾ ਕਰਦੀ ਹੈ। ਵੈਸੇ ਵੀ ਸਕਿਜ਼ੋਫਰੀਨੀਆਂ ਦੇ ਮਰੀਜ ਨੂੰ ਸਾਂਭਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਕਈ ਤਰ੍ਹਾਂ ਦੇ ਡਰ, ਸ਼ੰਸੇ ਤੇ ਸੋਚਾਂ ਮਨ ਵਿਚ ਆਉਂਦੀਆਂ ਹਨ ਕਿ ਕਿਤੇ ਇਹ ਕਿਸੇ ਘਰ ਦੇ ਜੀ ਦੇ ਹੀ ਸੱਟ ਪੇਟ ਨਾ ਲਾ ਦੇਵੇ। ਕਿਤੇ ਆਪਣੇ ਆਪ ਨੂੰ ਹੀ ਨਾ ਕੁੱਝ ਕਰ ਲਵੇ।

ਜਦ ਮਰੀਜ਼ ਨੂੰ ਇਲਾਜ਼ ਵਾਸਤੇ ਹਸਪਤਾਲ ਜਾਂ ਮੈਂਟਲ ਹੈਲਥ ਟੀਮ ਕੋਲ ਲਿਜਾਇਆ ਜਾਂਦਾ ਹੈ ਤਾਂ ਪਰਿਵਾਰ ਦੇ ਮੈਂਬਰ ਜੋ ਨਾਲ ਹੋਣ ਤਾਂ ਉਹ ਮਰੀਜ ਪ੍ਰਤੀ ਕਾਫੀ ਲੋੜੀਂਦੀ ਜਾਣਕਾਰੀ ਦੇ ਸਕਦੇ ਹਨ। ਪਹਿਲੇ ਕਿਵੇਂ ਦਾ ਵਿਹਾਰ ਸੀ ਤੇ ਕਦੋਂ ਤੋਂ ਬਦਲਣਾ ਸ਼ੁਰੂ ਹੋਇਆ ਅਤੇ ਅੱਜ ਕਲ ਮਰੀਜ ਕੀ ਕੁਝ ਕਰਦਾ ਹੈ ਜਾਂ ਕਿਵੇਂ ਦਾ ਵਿਹਾਰ ਕਰਦਾ ਹੈ।

ਸੱਭ ਤੋਂ ਮੁੱਖ ਤੇ ਜ਼ਰੂਰੀ ਗੱਲ ਹੁੰਦੀ ਹੈ ਇਸ ਰੋਗ ਬਾਰੇ ਜਾਣਕਾਰੀ ਹਾਸਿਲ ਕਰਨ ਦੀ। ਪਰਿਵਾਰ ਦੇ ਮੈਂਬਰਾਂ ਕੋਲ ਰੋਗ ਬਾਰੇ ਸਹੀ ਅਤੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਪਰਿਵਾਰ ਦੇ ਮੈਂਬਰਾਂ ਨੂੰ ਇਲਾਜ ਦੀ ਸਕੀਮ ਬਣਾਉਂਦੇ ਸਮੇਂ ਜ਼ਰੂਰ ਉੱਥੇ ਹੋਣਾ ਚਾਹੀਦਾ ਹੈ ਤਾਂਕਿ ਉਹ ਵੀ ਸਮਝ ਸਕਣ ਕਿ ਇਲਾਜ ਵਿਚ ਕੀ ਕੁਝ ਸ਼ਾਮਲ ਹੈ ਅਤੇ ਇਹ ਸਾਰਾ ਕੁੱਝ ਕਿਉਂ ਜ਼ਰੂਰੀ ਹੈ ਅਤੇ ਇਸ ਪਲੈਨ ਨੂੰ ਕਾਮਯਾਬ ਬਨਾਉਣ ਲਈ ਉਹ ਕਿਵੇਂ ਸਹਾਈ ਹੋ ਸਕਦੇ ਹਨ। ਹੋ ਸਕਦਾ ਹੈ ਪਰਿਵਾਰ ਦੇ ਮੈਂਬਰਾਂ ਦੇ ਮਨ ਵਿਚ ਕਈ ਸਵਾਲ ਹੋਣ। ਹੋ ਸਕਦਾ ਹੈ ਉਹਨਾਂ ਦਾ ਯਕੀਨ ਕਿਸੇ ਹੋਰ ਤਰ੍ਹਾਂ ਦੇ ਇਲਾਜ ਵਿਚ ਹੋਵੇ। ਉਹ ਇਹ ਸਾਰੇ ਸਵਾਲ ਡਾਕਟਰ ਤੋਂ ਪੁੱਛ ਸਕਦੇ ਹੋ।

## ਕੁਝ ਹੋਰ ਗੱਲਾ ਜੋ ਸਹਾਈ ਹੋ ਸਕਦੀਆਂ ਹਨ ਉਹ ਇਵੇਂ ਹਨ:

*ਮਰੀਜ ਨੂੰ ਆਪਣੀ ਚਾਲੇ ਚੱਲਣ ਦਿਉ। ਜੋ ਉਹ ਥੋੜਾ ਵੀ ਕਰਦਾ ਹੈ ਜਾਂ ਜੋ ਕੁੱਝ ਵੀ ਉਸ ਕੋਲੋਂ ਹੁੰਦਾ ਹੈ ਉਹ ਪਹਿਲੇ ਵਾਂਗ ਚੰਗੇ ਤਰੀਕੇ ਨਾਲ ਨਹੀਂ ਕਰਦਾ ਤਾਂ ਵੀ ਉਸਨੂੰ ਆਮ ਵਾਂਗ ਹੀ ਸਮਝੋ। ਕਦੀ ਵੀ ਉਸਨੂੰ ਗੱਲਾਂ ਲਾ ਲਾ ਨਾ ਕਹੋ 'ਕਿ ਬੀਮਾਰ ਬਣਿਆ ਬੈਠਾ ਹੈ' ਇਸ ਨਾਲ ਉਸਨੂੰ ਦੁੱਖ ਪਹੁੰਚੇਗਾ। ਜੇ ਵਿਹਾਰ ਬਿਲਕੁਲ ਹੀ ਸੁਦਾਈਆਂ ਵਾਂਗ ਹੈ ਤਾਂ ਵੀ ਹੌਲੀ ਆਰਾਮ ਨਾਲ ਉਸ ਨਾਲ ਗੱਲ ਕਰੋ।

*ਹੋ ਸਕਦਾ ਘਰ ਵਿਚ ਬੱਚੇ ਵੀ ਹੋਣ ਤੇ ਉਹਨਾਂ ਨੂੰ ਸਮਝ ਨਾ ਪੈ ਰਹੀ ਹੋਵੇ ਕਿ ਇਹ ਸਭ ਕੁੱਝ ਕੀ ਹੋ ਰਿਹਾ ਹੈ। ਉਹ ਡਰ ਵੀ ਸਕਦੇ ਹਨ ਜਾਂ ਉਹਨਾਂ ਨੂੰ ਸਮਝ ਨਹੀਂ ਹੁੰਦੀ ਕਿ ਉਹ ਮਰੀਜ ਨਾਲ ਕਿਵੇਂ ਵਿਹਾਰ ਕਰਨ। ਇਸ ਲਈ ਬੱਚਿਆਂ ਨਾਲ ਖੁਲ੍ਹ ਕੇ ਗੱਲ ਕਰੋ। ਉਹਨਾਂ ਨੂੰ ਸਾਰਾ ਕੁਝ ਸਮਝਾਓ ਅਤੇ ਜੇ ਜ਼ਰੂਰਤ ਪਵੇ ਤਾਂ ਆਪਣੇ ਡਾਕਟਰ ਜਾਂ ਮੈਂਟਲ ਹੈਲਥ ਵਰਕਰ ਨਾਲ ਗੱਲ ਕਰੋ।

*ਮਰੀਜ ਦੇ ਭੈਣਾ-ਭਰਾਵਾਂ ਦੇ ਮਨ ਵਿਚ ਵੀ ਕਈ ਸ਼ੰਕੇ ਆ ਸਕਦੇ ਹਨ ਕਿ ਕਿਤੇ ਉਹ ਵੀ ਨਾ ਬੀਮਾਰ ਹੋ ਜਾਣ ਜਾਂ ਉਹ ਇਹ ਵੀ ਮਹਿਸੂਸ ਕਰ ਸਕਦੇ ਹਨ ਕਿ ਉਹਨਾਂ ਦੀਆਂ ਸਮੱਸਿਆਵਾਂ ਵਲ ਤਾਂ ਕੋਈ ਖਿਆਲ ਹੀ ਨਹੀਂ ਦਿੱਤਾ ਜਾਂਦਾ। ਇਸ ਲਈ ਪਰਿਵਾਰ ਵਾਸਤੇ ਜਾਣਕਾਰੀ ਦੇ ਸ਼ੈਸ਼ਨਾ ਵਿਚ ਉਹਨਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਵੈਸੇ ਵੀ ਮਾਂ, ਪਿਉ ਨਾਲੋਂ ਜਿਆਦਾ ਸਾਲ ਉਹਨਾਂ ਮਰੀਜ ਨਾਲ ਮਿਲਨਾ ਵਰਤਨਾ ਹੁੰਦਾ ਹੈ।

*ਬਹੁਤ ਜਿਆਦਾ ਆਸਾਂ ਮਰੀਜ ਤੇ ਨਾ ਲਾਵੋ। ਰੋਗ ਸ਼ੁਰੂ ਹੋਣ ਤੋਂ ਪਹਿਲਾਂ ਜੋ ਕੰਮਕਾਰ ਜਾਂ ਵਿਹਾਰ ਉਹ ਕਰਨ ਦੇ ਯੋਗ ਸੀ, ਹੋ ਸਕਦਾ ਓਹ ਸਭ ਕੁਝ ਓਹ ਨਾ ਕਰ ਸਕੇ। ਇਸ ਲਈ ਜੇ ਆਸਾਂ ਥੋੜੀਆਂ ਜਿਹੀਆਂ ਘਟਾ ਲਈਆਂ ਜਾਣ ਤਾਂ ਮਰੀਜ ਨੂੰ ਕਈ ਘਰੇਲੂ ਗੱਲਾਂ ਜਾਂ ਕਮਾਂ ਵਿੱਚ ਸ਼ਾਮਿਲ ਕਰਨਾ ਸੌਖਾ ਹੋ ਜਾਂਦਾ ਹੈ।

*ਸਭ ਤੋਂ ਵੱਡੀ ਮੁਸ਼ਕਲ ਇਸ ਗੱਲ ਵਿਚ ਆਉਂਦੀ ਹੈ ਕਿ ਘਰ ਵਿਚ ਇਕ ਦੂਜੇ ਨਾਲ ਵਿਹਾਰ ਕਿਵੇਂ ਕੀਤਾ ਜਾਵੇ? ਘਰ ਦਾ ਮਾਹੌਲ ਕਿਹੋ ਜਿਹਾ ਹੋਵੇ? ਇਸ ਬਾਰੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਆਮ ਵਰਗਾ ਮਹੌਲ ਘਰ ਵਿਚ ਬਨਾਉਣ ਦੀ ਕੋਸ਼ਿਸ਼ ਕਰੋ ਪਰ ਜਿਆਦਾ ਹੱਲਾ ਗੁੱਲ੍ਹਾ ਜਾਂ ਭਾਵਨਾਤਮਕ ਮਾਹੌਲ ਨਾ ਹੋਵੇ। ਸਿੱਧੀਆਂ ਸਾਫ ਤੇ ਸਪੱਸ਼ਟ ਗੱਲਾਂ ਹੀ ਮਰੀਜ ਨੂੰ ਸਮਝ ਆਉਂਦੀਆਂ ਹਨ। ਲਾ ਕ ਕੀਤੀ ਗੱਲ , ਪੂਰੀ ਗੱਲ ਕਰਨ ਦੀ ਬਜਾਏ ਮਾੜੇ ਮੋਟੇ ਇਸ਼ਾਰੇ, ਅਤੇ ਮਖੌਲ ਮਸ਼ਕਰੀ ਨੂੰ ਸਮਝਣਾ ਮਰੀਜ ਵਾਸਤੇ ਔਖਾ ਹੁੰਦਾ ਹੈ। ਕਦੇ ਵੀ ਬੇਤੁਕੀ ਮੰਗ ਪੂਰੀ ਨਾ ਕਰੋ, ਅਤੇ ਹਮਦਰਦੀ ਵੀ ਵਾਜਬ ਹੋਣੀ ਚਾਹੀਦੀ ਹੈ।

*ਪਰਿਵਾਰ ਦੇ ਜੀਆਂ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਉਹਨਾਂ ਦੀ ਆਪਣੀ ਜਿੰਦਗੀ ਵੀ ਹੈ। ਜੇ ਆਪਣਾ ਖਿਆਲ ਨਾ ਰੱਖਿਆ, ਜ਼ਰੂਰਤ ਤੋ ਜਿਆਦਾ ਕੰਮ, ਜ਼ਰੂਰਤ ਤੋਂ ਜਿਆਦਾ ਸੇਵਾ ਅਤੇ ਸਾਰਾ ਕੁਝ ਝੱਲੀ ਜਾਣਾ ਤਾਂ ਓਹ ਮਰੀਜ ਦੀ ਦੇਖਭਾਲ ਬਹੁਤੀ ਦੇਰ ਨਹੀਂ ਕਰ ਸਕਣਗੇ। ਕੋਸ਼ਿਸ਼ ਕਰੋ ਜੇ ਬਾਹਰੋਂ ਸਕੇ-ਸੰਬਧੀਆਂ ਕੋਲੋਂ ਥੋੜੀ ਬਹੁਤੀ ਮੱਦਦ ਹਾਸਿਲ ਹੋ ਸਕੇ ਤਾਂ ਕਿ ਮਰੀਜ ਦੀ ਦੇਖਭਾਲ ਕਰਨਾ ਤੇ ਉਸ ਨਾਲ ਕੱਟ ਗੁਜਰਨਾ ਵੀ ਕੁਝ ਸੁਖਾਲਾ ਹੋ ਜਾਵੇਗਾ।

## ਤੁਸੀਂ ਕੀ ਕਰ ਸਕਦੇ ਹੋ

*ਸਕਿਜੋਫਰੀਨੀਆਂ ਰੋਗ ਅਤੇ ਇਸਦੇ ਇਲਾਜ ਬਾਰੇ ਪੂਰੀ ਜਾਣਕਾਰੀ ਲਵੋ ਜਿਸ ਗੱਲ ਦੀ ਸਮਝ ਨਹੀਂ ਲੱਗਦੀ ਉਸ ਬਾਰੇ ਦੁਬਾਰਾ ਪੁੱਛੋ। ਆਮ ਜਿੰਦਗੀ ਦੀਆਂ ਮੁਸ਼ਕਿਲਾਂ ਵਾਸਤੇ ਸਹਾਇਕ ਸਲਾਹ ਮਸ਼ਵਰਾ (suppoirtive counselling) ਤੋਂ ਪੂਰਾ ਪੂਰਾ ਲਾਭ ਉਠਾਓ। ਰੀਹੈਬ ਪਰੋਗਰਾਮ ਤੁਹਾਨੂੰ ਫਿਰ ਆਮ ਜਿੰਦਗੀ ਜਿਉਣ ਵੱਲ ਲਿਜਾਣ ਵਿਚ ਬਹੁਤ ਹੀ ਸਹਾਈ ਹੋ ਸਕਦੇ ਹਨ। ਸੋ ਰੀਹੈਬ ਪ੍ਰੋਗਰਾਮਾ ਬਾਰੇ ਜਾਣਕਾਰੀ ਲੈ ਕੇ ਇਹਨਾਂ ਵਿੱਚ ਹਿੱਸਾ ਲਵੋ।

*ਦਵਾਈ ਜਿੰਨੀ ਦੱਸੀ ਹੈ ਉਤਨੀ ਅਤੇ ਉਵੇਂ ਹੀ ਖਾਵੋ। ਜਦ ਤੁਸੀਂ ਨਿਊਰੋਲੈਪਟਿਕ ਖਾਦੇਂ ਹੋ ਤਾਂ ਕੁੱਝ ਚਿਰ ਲਈ ਇਹ ਸ਼ਰੀਰ ਵਿਚ ਇਕੱਠੀ ਹੁੰਦੀ ਹੈ। ਜੇ ਤੁਸੀਂ ਦਵਾਈ ਖਾਣਾ ਬੰਦ ਕਰ ਦਿਉ ਤਾਂ ਕੁਝ ਚਿਰ ਲਈ ਇਸ ਦਾ ਅਸਰ ਰਹਿੰਦਾ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਦਵਾਈ ਦੀ ਜ਼ਰੂਰਤ ਨਹੀਂ।

*ਆਪਣੀਆਂ ਅਪਆਈਂਟਮੈਂਟਾਂ ਮੁਤਾਬਕ ਡਾਕਟਰ ਦੇਖਦੇ ਰਵੋ ਤਾਂ ਕਿ ਤੁਹਾਡਾ ਡਾਕਟਰ ਲੋੜੀਂਦੀ ਜਾਂਚ ਕਰਦਾ ਰਵੇ। ਜੇ ਕੋਈ ਮਾੜਾ ਅਸਰ ਹੁੰਦਾ ਹੈ ਜਾਂ ਕੋਈ ਸਰੀਰਕ ਤਬਦੀਲੀ ਨਜ਼ਰ ਆਉਂਦੀ ਹੈ ਤਾਂ ਇਕਦਮ ਆਪਣੇ ਡਾਕਟਰ ਜਾਂ ਮੈਂਟਲ ਹੈਲਥ ਵਰਕਰ ਨਾਲ ਗੱਲ ਕਰੋ।

*ਕੁਝ ਹੋਰ ਦਵਾਈਆਂ ਜੋ ਨਿਊਰੋਲੈਪਟਿਕ ਨਾਲ ਖਾਵੋ ਤਾਂ ਸਰੀਰ ਤੇ ਮਾੜੇ ਅਸਰ ਹੋ ਸਕਦੇ ਹਨ। ਸੋ ਆਪਣੇ ਡਾਕਟਰ ਨਾਲ ਸਲਾਹ ਕਰੋ ਜਦੋਂ ਵੀ ਹੋਰ ਕੋਈ ਦਵਾਈ ਤੁਹਾਨੂੰ ਖਾਣੀ ਪੈਂਦੀ ਹੈ ਭਾਵੇਂ ਇਹ ਦਵਾਈ ਐਸਪਰੀਨ ਜਾਂ ਐਂਟੀਐਸਿਡ ਹੀ ਕਿਉਂ ਨਾ ਹੋਣ। ਜੇ ਕੋਈ ਹੋਰ ਡਾਕਟਰ ਜਾਂ ਦੰਦਾ ਦੇ ਡਾਕਟਰ ਨੂੰ ਦੇਖਣ ਜਾਂਦੇ ਹੋ ਜਾਂ ਕੋਈ ਵੀ ਦਵਾਈ ਖਾਂਦੇ ਹੋ ਤਾਂ ਆਪਣੇ ਡਾਕਟਰ ਨੂੰ ਜ਼ਰੂਰ ਦੱਸੋ।

* ਜੇ ਤੁਸੀਂ ਦਵਾਈ ਖਾਣਾ ਇਕ ਵੇਲੇ ਭੁੱਲ ਗਏ ਤੇ ਤਾਂ ਅਗਲੀ ਵਾਰ ਜਾਂ ਅਗਲੇ ਵੇਲੇ ਜਿਆਦਾ ਦਵਾਈ ਬਿਲਕੁਲ ਨਾ ਖਾਵੋ ਸਗੋਂ ਜਿਸ ਵਕਤ ਤੇ ਜਿੰਨੀ ਦੱਸੀ ਹੈ ਉਤਨੀ ਹੀ ਖਾਵੋ।

* ਆਪਣੀ ਦਵਾਈ ਕਦੀ ਵੀ ਕਿਸੇ ਹੋਰ ਨੂੰ ਖਾਣ ਨੂੰ ਨਾ ਦਿਉ।

* ਸ਼ਰਾਬ ਅਤੇ ਹੋਰ ਨਸ਼ੀਲੀਆਂ ਗੋਲੀਆਂ ਕਦੀ ਵੀ ਨਾ ਖਾਵੋ।

* ਜੇ ਤੁਸੀਂ ਗਰਭਵਤੀ ਹੋ ਜਾਂਦੇ ਹੋ ਜਾਂ ਗਰਭਵਤੀ ਹੋਣ ਦਾ ਸ਼ੱਕ ਵੀ ਪੈਂਦਾ ਹੈ ਤਾਂ ਵੀ ਆਪਣੇ ਡਾਕਟਰ ਨਾਲ ਗੱਲ ਕਰੋ।

*ਉਤਨਾ ਕੁ ਹੀ ਤਣਾਅ (stress) ਵਾਲੀ ਸਥਿਤੀ ਵਿਚ ਆਪਣੇ ਆਪ ਨੂੰ ਪਾਵੋ ਜਿੰਨ੍ਹਾ ਕੁ ਤਨਾਅ(stress) ਤੁਸੀਂ ਝੱਲ ਸਕਦੇ ਹੋ।

*ਕੋਈ ਐਸਾ ਮਨੁੱਖ ਤੁਹਾਡੀ ਜਿੰਦਗੀ ਵਿਚ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਸਾਰੀ ਦਿਲ ਦੀ ਗੱਲ ਕਰ ਸਕੋ। ਸਹਾਇਕ ਗਰੁੱਪਾਂ ਜਾਂ ਹੋਰ ਜਥੇਬੰਦੀਆਂ ਵਿਚ ਹਿੱਸਾ ਲਵੋ।

*ਆਪਣੇ ਜੀਵਨ ਦਾ ਤੌਰ ਤਰੀਕਾ ਇਵੇਂ ਦਾ ਰੱਖੋ ਜਿਸ ਵਿੱਚ ਥੋੜਾ ਥੋੜਾ ਸੱਭ ਕੁਝ ਹੋਵੇ ਜਿਵੇਂ ਕਿ ਵਰਜਿਸ਼, ਆਰਾਮ, ਸਿਹਤਮੰਦ ਭੋਜਣ, ਦਿਲਪਰਚਾਵਾ, ਦੋਸਤਾਂ ਅਤੇ ਸਕੇ ਸੰਬਧੀਆਂ ਨਾਲ ਮਿਲਣਾ ਜੁਲਣਾ - ਇਹ ਸਭ ਕੁਝ ਹੋਵੇ।

ਮਾਨਸਿਕ ਰੋਗਾਂ ਦੇ ਇਲਾਜ ਲਈ, ਮਾਨਸਿਕ ਰੋਗਾਂ ਬਾਰੇ ਜਾਣਕਾਰੀ ਲਈ, ਮਾਨਸਿਕ ਰੋਗੀਆਂ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਵਾਸਤੇ ਹੋਰ ਸਹਾਇਕ ਸੇਵਾਵਾਂ ਲਈ ਤੁਸੀਂ ਡਾ: ਰਾਜਪਾਲ ਸਿੰਘ ਨੂੰ 324-3811 ਤੇ ਟੈਲੀਫੂਨ ਕਰ ਸਕਦੇ ਹੋ। ਤੁਸੀਂ ਉਹਨਾ ਨਾਲ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਜਬਾਨ ਵਿਚ ਗੱਲ ਕਰ ਸਕਦੇ ਹੋ। ਇਹਨਾ ਸੇਵਾਵਾਂ ਦੀ ਕੋਈ ਫੀਸ ਨਹੀਂ।


# MINT AUTO BODY LTD.

* Complete Professional Auto Body repairs and Refinishing on all makes and models
* I.C.B.C. claims handled promptly
* Complete framework
* UNI-Body repairs
* All work conditionally guranteed
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਔਡੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

ਫੋਨ: ਭੁਪਿੰਦਰ(ਬੋਬ) ਸਹੋਤਾ

433-1207

5590 LANE ST. BURNABY, B.C.

# Paul's

## Plumbing, Electrical & Heating Supply



Plumbing & Bathroom Hot Water Heating
Fixtures & Supplies
Hot Water Tanks
Supplies &Installation

**We also do new houses' Plumbing**

**4578 Main St., Vancouver**
**Ph: 872-3118, 872-7277**

---

## SIKANDER
## HAIR STYLING (Unisex)

**6605 Fraser St. Vancouver**
(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



ਫੋਨ: 327-1483

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

---

## Mr. Raja's _ Since 1975

Serving _ Indian and Canadian Food

**Motimahal Restaurant**
**Ph: 325-5014**

## Now Introducing

***-New Locatioin***

**Taj Palace Restaurant**
and Catering Hall
2120- Main St. **Ph: 877-1661**

## CITY CATERERS
## & PARTY RENTALS

Rent all you need
-Bride and Groom
Supplies

**8336 _ St. George St. Vancouver**
**322-CITY**

---

**Contact YOur Friendly Realtor**

**Buying/Selling**

***Lots** ***Home**

***Acreage**

***Commercial**



**Karmjit S. Ghuman**

List your home with me and it will be displayed on the Real Estate Channel Lakeview Realty Ltd. 7909 Scott Rd.,
Delta, B.C., V4C 6P6
Ph: 590-3231 Fax: 590-0633
Res:596-7965

ਇਕ ਵਿਅਕਤੀਗਤ ਤਜਰਬਾ

# ਬਿਹਾਰ 'ਚ ਜਨਵਾਦੀ ਅੰਦੋਲਨ ਅਤੇ ਸਰਕਾਰੀ ਦਮਨ

ਅਮਰਜੀਤ ਸੋਹੀ

---

7 ਨਵੰਬਰ 1988 - ਬਿਹਾਰ ਦੇ ਡਾਲਮੀਆਂ ਨਗਰ ਦੀਆਂ ਸੜਕਾਂ ਉੱਤੇ, ਨੰਗੀ ਪੈਰੀਂ ਤੇ ਬੱਚਿਆਂ ਨੂੰ ਗੋਦ ਲਈ, 'ਜੋਤੇ ਬੋਏ ਕਾਟੇ ਧਾਨ, ਖੇਤ ਕਾ ਮਾਲਕ ਵਹੀ ਕਿਸਾਨ', ਦੇ ਨਾਅਰੇ ਲਾਉਂਦੀਆਂ ਦਲਿਤ ਔਰਤਾਂ ਹੱਥਾਂ ਵਿਚ ਪਰੰਪਰਾਗਤ ਹਥਿਆਰ ਚੁੱਕੀ 'ਜ਼ਰਈ ਕ੍ਰਾਂਤੀ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਗਰੀਬ ਕਿਸਾਨ। ਇਹਨਾਂ ਦੇ ਪਿੱਛੇ-ਪਿੱਛੇ, ਹੱਥਾਂ ਦੇ ਵਿਚ ਲਾਲ ਝੰਡੇ ਚੁੱਕੀ ਆ ਰਹੇ ਸਨ ਹਜ਼ਾਰਾਂ ਨੌਜਵਾਨ, ਬੁਧੀਜੀਵੀ, ਬੱਚੇ ਤੇ ਬੁੱਢੇ।

ਇਹ ਰੈਲੀ 'ਲੋਕ ਸੰਗਰਾਮ ਮੋਰਚਾ' ਵਲੋਂ ਰੂਸੀ ਕ੍ਰਾਂਤੀ ਦੇ ਦਿਨ 'ਤੇ ਕੱਢੀ ਜਾ ਰਹੀ ਸੀ। ਮੈਂ ਤੇ ਮੇਰਾ ਸਾਥੀ ਇਸ ਰੈਲੀ ਤੇ ਆਮ ਸਭਾ ਵਿਚ ਹਿੱਸਾ ਲੈਣ ਲਈ ਗਏ ਸੀ। ਸਦੀਆਂ ਤੋਂ ਦੱਬੇ ਕੁਚਲੇ ਦਲਿਤ, ਮਜ਼ਦੂਰ 'ਤੇ ਗਰੀਬ ਕਿਸਾਨ ਆਪਣੀ ਜ਼ਿੰਦਗੀ ਬਦਲਣ ਲਈ ਸੜਕਾਂ ਤੇ ਨਿਕਲ ਆਏ ਸਨ। ਇਸ ਵਿਸ਼ਾਲ ਰੈਲੀ ਨੂੰ ਦੇਖ ਕੇ ਮੇਰਾ ਮਨ ਜੋਸ਼ ਨਾਲ ਭਰ ਆਇਆ। ਮੇਰੇ ਮਨ ਅੰਦਰ ਤਮੰਨਾ ਹੋਈ ਕਿ ਮੈਂ ਇਹਨਾਂ ਦੇ ਅੰਦੋਲਨ ਨੂੰ ਨੇੜਿਉਂ ਦੇਖਾਂ-ਸਮਝਾਂ। ਅਸੀਂ ਇਸ ਸਬੰਧ 'ਚ 'ਲੋਕ ਸੰਗਰਾਮ ਮੋਰਚਾ' ਦੇ ਸਾਥੀਆਂ ਨਾਲ ਗੱਲਬਾਤ ਕੀਤੀ। ਉਹਨਾਂ ਨੇ ਮੇਰੀ ਇਸ ਇੱਛਾ ਦਾ ਸੁਆਗਤ ਕੀਤਾ ਅਤੇ ਸੰਘਰਸ਼ ਦੇ ਇਲਾਕਿਆਂ ਵਿਚ ਮੇਰੇ ਘੁੰਮਣ ਦਾ ਬੰਦੋਬਸਤ ਕਰ ਦਿੱਤਾ। ਮੇਰਾ ਸਾਥੀ ਵਾਪਸ ਆ ਗਿਆ ਅਤੇ ਮੈਂ 'ਲੋਕ ਸੰਗਰਾਮ ਮੋਰਚਾ' ਦੇ ਇਕ ਸਾਥੀ ਨਾਲ ਮੱਧ ਬਿਹਾਰ ਦੇ ਪਿੰਡਾਂ ਨੂੰ ਨਿਕਲ ਗਿਆ। ਮੈਂ ਪਿੰਡ-ਪਿੰਡ ਘੁੰਮਦਾ ਹੋਇਆ ਜਹਾਨਾਬਾਦ ਦੇ ਉਸ ਇਲਾਕੇ ਵਿਚ ਪਹੁੰਚ ਗਿਆ ਜਿਥੇ M.K.S.S. ਦੀ ਅਗਵਾਈ ਹੇਠ ਇਕ ਮਹੰਤ ਦੇ ਖਿਲਾਫ ਜ਼ਮੀਨ ਲਈ ਸੰਘਰਸ਼ ਚੱਲ ਰਿਹਾ ਸੀ। ਇਸੇ ਸਬੰਧ ਵਿਚ 14 ਨਵੰਬਰ ਦੀ ਰਾਤ ਨੂੰ M.K.S.S. ਦੀ ਅਜਾਦਬੀਘਾ ਪਿੰਡ ਵਿਚ ਮੀਟਿੰਗ ਹੋ ਰਹੀ ਸੀ। ਮੈਂ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਇਆ। ਇਸ ਮੀਟਿੰਗ ਦੀ ਖਬਰ ਮਹੰਤ ਨੂੰ ਲੱਗ ਗਈ ਅਤੇ ਉਸ ਨੇ ਪੁਲਸ ਨੂੰ ਸੂਚਤ ਕਰ ਦਿੱਤਾ। 15 ਨਵੰਬਰ ਨੂੰ ਪੁਲੀਸ ਨੇ ਪਿੰਡ ਨੂੰ ਘੇਰ ਲਿਆ। ਮੈਨੂੰ ਅਤੇ 24 ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਦੇ ਸਮੇਂ ਮੇਰੇ ਕੋਲੋਂ, ਇਕ ਕੈਮਰਾ ਜਿਸ ਵਿਚ 7 ਨਵੰਬਰ ਦੀ ਰੈਲੀ ਦੀਆਂ ਫੋਟੋ, ਘੜੀ, ਕੁੱਝ ਰੁਪਏ, ਕਨੇਡਾ ਦਾ ਮੇਰਾ ਡਰਾਈਵਿੰਗ ਲਾਈਸੈਂਸ ਤੇ ਇਕ 'ਤਮਸ਼' ਨਾਵਲ ਮਿਲੇ ਸਨ। ਮੇਰਾ ਲਾਈਸੈਂਸ ਦੇਖ ਕੇ ਅਤੇ ਫਿਰ ਇਹ ਜਾਣ ਕੇ ਕਿ ਮੈਂ ਪੰਜਾਬ ਦਾ ਰਹਿਣ ਵਾਲੇ ਸਿੱਖ ਪਰਵਾਰ ਦਾ ਮੁੰਡਾ ਹਾਂ, ਪੁਲੀਸ ਨੇ ਮੈਨੂੰ ਸਿੱਖ ਅੱਤਵਾਦੀ ਦਾ ਦਰਜਾ ਦੇ ਦਿੱਤਾ। ਮੇਰੇ ਉਪੱਰ ਇਹ ਅਰੋਪ ਲਗਾਇਆ ਗਿਆ ਕਿ ਮੈਂ ਬਿਹਾਰ ਦੇ ਨਕਸਲੀਆਂ ਨੂੰ ਹਥਿਆਰ ਚਲਾਉਣ ਦੀ ਟਰੇਨਿੰਗ ਦੇਣ ਲਈ ਆਇਆ ਸਾਂ ਅਤੇ ਮੇਰੇ ਸਬੰਧ ਲਿਟੇ ਅਤੇ ਆਂਧਰਾ ਪ੍ਰਦੇਸ਼ ਦੇ ਨਕਸਲੀਆਂ ਨਾਲ ਹਨ। ਪੁਲੀਸ ਦੋ ਦਿਨ ਅਲੱਗ-ਅਲੱਗ ਠਾਣਿਆਂ ਵਿਚ ਰੱਖ ਕੇ ਮੈਨੂੰ ਕੁਟਦੀ ਰਹੀ ਅਤੇ 'ਖਾਲਿਸਤਾਨੀ ਅੱਤਵਾਦੀਆਂ' ਬਾਰੇ ਅਤੇ ਮੇਰੇ 'ਉਦੇਸ਼' ਦੇ ਬਾਰੇ ਵਿਚ ਪੁੱਛਦੀ ਰਹੀ। ਮੈਂ ਪੁਲੀਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਮੈਂ ਇਕ ਜਮਹੂਰੀਅਤ ਪਸੰਦ ਵਿਅਕਤੀ ਹਾਂ ਅਤੇ ਖਾਲਿਸਤਾਨੀ ਅੱਤਵਾਦ ਦਾ ਵਿਰੋਧੀ ਹਾਂ। ਪਰ ਬਿਹਾਰ ਦੀ ਅਫਸਰਸ਼ਾਹੀ ਜੋ ਬ੍ਰਾਹਮਣਵਾਦੀ ਫਿਰਕਾਪ੍ਰਸਤ ਦ੍ਰਿਸ਼ਟੀਕੋਣ ਦਾ ਸ਼ਿਕਾਰ ਹੈ, ਹਰ ਇਕ ਸਿੱਖ ਨੌਜਵਾਨ ਨੂੰ ਖਾਲਿਸਤਾਨੀ ਕਰਾਰ ਦੇ ਕੇ ਉਹ ਜਨਤਾ ਵਿਚ ਇਹ ਭਰਮ ਵੀ ਫੈਲਾਉਣਾ ਚਾਹੁੰਦੀ ਸੀ ਕਿ ਬਿਹਾਰ ਦੀਆਂ ਜਨਵਾਦੀ ਜਥੇਬੰਦੀਆਂ ਅਤੇ ਖਾਲਿਸਤਾਨੀਆਂ ਵਿਚ ਆਪਸੀ ਸਬੰਧ ਹਨ। ਬਿਹਾਰੀ ਲੋਕਾਂ ਵਿਚ ਖਾਲਿਸਤਾਨੀਆਂ ਪ੍ਰਤੀ ਕਾਫ਼ੀ ਵਿਰੋਧ ਹੈ। ਅਫ਼ਸਰਸ਼ਾਹੀ ਇਸ ਵਿਰੋਧ ਦਾ ਫਾਇਦਾ ਉਠਾ ਕੇ ਕਿਸਾਨ ਅੰਦੋਲਨ ਨੂੰ ਬਦਨਾਮ ਵੀ ਕਰਨਾ ਚਾਹੁੰਦੀ ਸੀ। 14 ਦਿਨਾਂ ਦੇ ਰਿਮਾਂਡ ਤੋਂ ਬਾਅਦ ਮੈਨੂੰ ਜੇਲ੍ਹ ਭੇਜ ਦਿੱਤਾ ਗਿਆ। ਇਹਨਾਂ ਦਿਨਾਂ ਦੇ ਅੰਦਰ ਹੀ ਮੇਰੀ ਗ੍ਰਿਫਤਾਰੀ ਦੇ ਵਿਰੋਧ ਵਿਚ ਜਨਵਾਦੀ ਤਾਕਤਾਂ ਨੇ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਪ੍ਰੈਸ ਨੂੰ ਜਦੋਂ ਸਚਾਈ ਦਾ ਪਤਾ ਲੱਗਾ ਤਾਂ ਉਸ ਨੇ ਵੀ ਗ੍ਰਿਫਤਾਰੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਦਿੱਲੀ, ਪਟਨਾ, ਕਲਕੱਤਾ, ਪਟਿਆਲਾ, ਚੰਡੀਗੜ੍ਹ, ਬੰਬਈ ਤੇ ਹੋਰਾਂ ਥਾਵਾਂ ਦੇ ਬੁੱਧੀਜੀਵੀਆਂ ਨੇ ਸਰਕਾਰ ਦੀ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ। ਲੋਕ ਸੰਗਰਾਮ ਮੋਰਚਾ, ਇਨਕਲਾਬੀ ਕੇਂਦਰ ਪੰਜਾਬ, ਪੀ. ਯੂ. ਡੀ. ਆਰ., ਏ. ਐਫ. ਡੀ. ਆਰ., ਆਈ. ਪੀ. ਐਫ., ਤੇ ਹੋਰ ਜਮਹੂਰੀ ਜਥੇਬੰਦੀਆਂ ਨੇ ਵੱਖ-ਵੱਖ ਥਾਵਾਂ ਤੇ ਧਰਨੇ ਦਿੱਤੇ ਅਤੇ ਜਲੂਸ ਕੱਢੇ ਅਤੇ ਮੇਰੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਥੋਂ ਤੱਕ ਕਿ ਜਨਤਾ ਦਲ, CPI ਅਤੇ CPM ਨੂੰ ਵੀ ਮੇਰੀ ਗ੍ਰਿਫਤਾਰੀ ਦੀ ਨਿੰਦਾ ਕਰਨੀ ਪਈ। ਇਸ ਸਾਰੇ ਵਿਰੋਧ ਦੇ ਕਾਰਨ ਬਿਹਾਰ ਸਰਕਾਰ ਦੀ ਬਹੁਤ ਬਦਨਾਮੀ ਹੋਈ ਤੇ ਉਸ ਨੇ ਇਕ ਦੂਸਰੀ ਚਾਲ ਚੱਲੀ। ਉਸ ਨੇ ਆਪਣੀ ਪਹਿਲੀ ਕਹਾਣੀ ਬਦਲ ਕੇ ਇਕ ਦੂਸਰੀ ਕਹਾਣੀ ਘੜ ਲਈ। ਇਸ ਕਹਾਣੀ ਵਿਚ ਉਸ ਨੇ ਮੈਨੂੰ 'ਇਪਾਨਾ' ਦਾ ਏਜੰਟ ਕਿਹਾ ਜੋ ਨਕਸਲੀਆਂ ਨੂੰ ਪੈਸੇ ਦੀ ਮਦਦ ਕਰਦੀ ਹੈ। ਮੇਰੇ ਉੱਪਰ 1984 ਦਾ ਇਕ ਡਕੈਤੀ ਤੇ ਕਤਲ ਦਾ ਇਕ ਹੋਰ ਕੇਸ ਪਾ ਦਿੱਤਾ। ਜਦੋਂ ਕਿ ਬਿਹਾਰ ਸਰਕਾਰ ਜਾਣਦੀ ਸੀ ਕਿ 1984 ਵਿਚ ਮੈਂ ਕਨੇਡਾ ਵਿਚ ਸਾਂ। ਇਸ ਸਭ ਦੇ ਬਾਵਜੂਦ ਮੇਰੀ ਗ੍ਰਿਫਤਾਰੀ ਦਾ ਵਿਰੋਧ ਜਾਰੀ ਰਿਹਾ। ਆਖਰ ਮੈਨੂੰ 21 ਮਹੀਨੇ 10 ਦਿਨ ਦੇ ਬਾਅਦ 25 ਅਗਸਤ 1990 ਨੂੰ ਜਨਤਾ ਦਲ ਸਰਕਾਰ ਨੇ ਬਿਨਾਂ ਸ਼ਰਤ ਰਿਹਾ ਕੀਤਾ। ਇਹ ਗੱਲ ਯਕੀਨੀ ਹੈ ਕਿ ਜਨਤਾ ਦਲ ਸਰਕਾਰ ਉੱਪਰ ਵੀ ਜਨਤਕ ਦਬਾਅ ਨਾ ਪੈਂਦਾ ਤਾਂ ਉਸ ਨੇ ਵੀ ਮੈਨੂੰ ਕਦੇ ਰਿਹਾ ਨਹੀਂ ਕਰਨਾ ਸੀ। ਮੇਰੀ ਰਿਹਾਈ ਸਾਡੇ ਦੇਸ਼ ਦੀਆਂ ਜਮਹੂਰੀ ਤਾਕਤਾਂ ਦੀ ਇਕ ਨਿੱਕੀ ਪਰ ਮਹੱਤਵਪੂਰਨ ਜਿੱਤ ਹੈ।

## ਜੇਲਾਂ ਦੀ ਹਾਲਤ

- ਮੈਂ ਆਪਣੇ ਜੇਲ ਜੀਵਨ ਦਾ ਸਾਰਾ ਸਮਾਂ ਗਯਾ ਜੇਲ੍ਹ ਵਿਚ ਹੀ ਬਤਾਇਆ ਹੈ। 21 ਮਹੀਨਿਆਂ ਵਿਚੋਂ 18 ਮਹੀਨੇ ਸੈੱਲ ਘਰ ਅਤੇ 3 ਮਹੀਨੇ ਵਾਰਡ ਵਿਚੋਂ ਗੁਜਾਰੇ ਹਨ। ਅੱਜ ਜੇਲ੍ਹਾਂ ਨੂੰ ਸੁਧਾਰ ਘਰ ਕਿਹਾ ਜਾਂਦਾ ਹੈ ਪਰ ਅਸਲ ਵਿਚ ਇਹ ਵਿਗਾੜ ਘਰ ਹਨ। ਸਾਰੀਆਂ ਜੇਲ੍ਹਾਂ ਵਿਚ ਸਮਰੱਥਾ ਨਾਲੋਂ ਵੱਧ ਕੈਦੀ ਰੱਖੇ ਹੋਏ ਹਨ। ਗਯਾ ਜੇਲ੍ਹ ਦੀ ਹਾਲਤ ਦੂਸਰੀਆਂ ਜੇਲ੍ਹਾਂ ਨਾਲੋਂ ਵੀ ਭੈੜੀ ਹੈ। ਕੈਦੀਆਂ ਨਾਲ ਜਾਨਵਰਾਂ ਵਰਗਾ ਵਰਤਾਉ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਖਾਣ ਲਈ ਪ੍ਰਤੀ ਕੈਦੀ ਸੌ ਗਰਾਮ ਆਟਾ, ਸੌ ਗਰਾਮ ਚਾਵਲ, 50 ਗਰਾਮ ਛੋਲੇ, 50 ਗਰਾਮ ਆਲੂ ਅਤੇ 8 ਗਰਾਮ ਸਰੋਂ ਦਾ ਤੇਲ ਪ੍ਰਤੀ ਦਿਨ ਦਿੱਤਾ ਜਾਂਦਾ ਹੈ। ਕੁੱਲ ਮਨਜ਼ੂਰ ਰਾਸ਼ਨ ਇਸ ਤੋਂ ਕਈ ਗੁਣਾਂ ਵੱਧ ਹੈ। ਜੇਲ੍ਹ ਮੈਨੂਅਲ ਦੇ ਅਨੁਸਾਰ ਹਰ ਰੋਜ਼ ਅਲੱਗ ਕਿਸਮ ਦੀ ਸਬਜ਼ੀ ਮਿਲਣੀ ਚਾਹੀਦੀ ਹੈ। ਪਰ ਉੱਥੇ ਜਾਂ ਤਾਂ ਸਬਜ਼ੀ ਮਿਲਦੀ ਹੀ ਨਹੀਂ ਅਗਰ ਮਿਲਦੀ ਵੀ ਹੈ ਤਾਂ ਤਿੰਨ-ਚਾਰ ਮਹੀਨੇ ਇਕ ਹੀ ਕਿਸਮ ਦੀ ਸਬਜ਼ੀ ਚਲਦੀ ਰਹਿੰਦੀ ਹੈ। ਜੇਲ੍ਹ ਲਈ ਬਜ਼ਾਰ ਦਾ ਸਭ ਤੋਂ ਘਟੀਆ ਮਾਲ ਸਪਲਾਈ ਕੀਤਾ ਜਾਂਦਾ ਹੈ। ਕੈਦੀਆਂ ਦੇ ਮੁਲਾਕਾਤੀਆਂ ਤੋਂ 5 ਰੁਪਏ ਤੋਂ ਲੈ ਕੇ 50 ਰੁਪਏ ਵਸੂਲ ਕੀਤੇ ਜਾਂਦੇ ਹਨ। ਜੇਲ੍ਹ ਅੰਦਰ ਹਰ ਇਕ ਵਾਰਡ ਵਿਚ ਇਕ ਰਾਈਟਰ ਹੁੰਦਾ ਹੈ (ਪ੍ਰਸ਼ਾਸਨ ਦਾ ਦਲਾਲ ਹੀ ਰਾਈਟਰ ਬਣ ਸਕਦਾ ਹੈ)। ਇਹ ਰਾਈਟਰ ਆਉਣ ਵਾਲੇ ਹਰ ਨਵੇਂ ਕੈਦੀ ਤੋਂ ਪੈਸਾ ਵਸੂਲਦਾ ਹੈ। ਨਵੇਂ ਕੈਦੀ ਤੋਂ ਕਿੰਨਾਂ ਪੈਸਾ ਵਸੂਲਿਆ ਜਾਵੇ ਇਹ ਉਸ ਕੈਦੀ ਦੀ ਆਰਥਿਕ ਹਾਲਤ ਉੱਤੇ ਨਿਰਭਰ ਕਰਦਾ ਹੈ। 50 ਰੁਪਏ ਤੋਂ ਲੈ ਕੇ 1000 ਰੁਪਏ ਵਸੂਲਣਾ ਇਕ ਆਮ ਗੱਲ ਹੈ। ਅਗਰ ਕੋਈ ਕੈਦੀ ਪੈਸਾ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਤੋਂ ਝਾੜੂ ਮਰਵਾਉਣਾ, ਨਾਲੀਆਂ ਅਤੇ ਟੱਟੀਆਂ ਸਾਫ਼ ਕਰਵਾਉਣ ਜਿਹੇ ਕੰਮ ਲਏ ਜਾਂਦੇ ਹਨ (ਵਿਚਾਰ ਅਧੀਨ ਕੈਦੀ ਤੋਂ ਕੰਮ ਕਰਵਾਉਣਾ ਗੈਰ ਕਾਨੂੰਨੀ ਹੈ) ਅਤੇ ਰਾਤ ਨੂੰ ਟੱਟੀ ਵਾਲੀ ਥਾਂ ਦੇ ਨਜ਼ਦੀਕ ਸੌਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਅਗਰ ਕੋਈ ਕੈਦੀ ਫਿਰ ਵੀ ਨਾ ਮੰਨੇ ਤਾਂ ਪ੍ਰਸ਼ਾਸਨ ਕੋਈ ਨਾ ਕੋਈ ਬਹਾਨਾ ਬਣਾ ਕੇ ਮਾਰ ਕੁੱਟ ਕਰਦਾ ਹੈ ਅਤੇ ਸੈੱਲ ਘਰ ਵਿਚ ਬੰਦ ਕਰ ਦਿੰਦਾ ਹੈ। ਦਲਿਤ ਜਾਤੀ ਦੇ ਕੈਦੀਆਂ ਤੋਂ ਪੈਸਾ ਲੈਣ ਤੋਂ ਬਾਅਦ ਵੀ ਸਫ਼ਾਈ ਕਰਵਾਉਣ ਜਿਹੇ ਕੰਮ ਲਏ ਜਾਂਦੇ ਹਨ। ਕੈਦੀਆਂ ਦੇ ਇਲਾਜ ਲਈ ਅੱਛਾ ਪ੍ਰਬੰਧ ਨਹੀਂ ਹੈ। 21

ਮਹੀਨਿਆਂ ਦੌਰਾਨ ਕੋਈ 15 ਕੈਦੀ ਦਵਾਈ ਦੀ ਘਾਟ ਕਰ ਕੇ ਮਰ ਗਏ ਸਨ। ਹਜ਼ਾਰਾਂ ਰੁਪਏ ਦੀਆਂ ਦਵਾਈਆਂ ਜੋ ਕੈਦੀਆਂ ਲਈ ਆਉਂਦੀਆਂ ਹਨ ਜੇਲ੍ਹ ਡਾਕਟਰ ਵੇਚ ਦਿੰਦੇ ਹਨ। ਜੇਲ ਦੇ ਉੱਚ ਅਧਿਕਾਰੀ ਠੇਕੇਦਾਰਾਂ ਨਾਲ ਗਠਜੋੜ ਕਰ ਕੇ, ਬਿਲਡਿੰਗ ਜਾਂ ਹੋਰ ਚੀਜ਼ਾਂ ਦੇ ਮੁਰੰਮਤ ਦੇ ਨਾਂ ਉੱਤੇ ਲੱਖਾਂ ਰੁਪਏ ਦੀ ਹੇਰਾ-ਫੇਰੀ ਕਰਦੇ ਹਨ। ਅੱਜ ਦੇ 'ਸਭਿਅਤਾ ਸਮਾਜ' ਦਾ ਘਿਰਣਤ ਕੰਮ ਜੋ ਜੇਲ ਅੰਦਰ ਹੁੰਦਾ ਹੈ ਉਹ ਹੈ ਘੱਟ ਉਮਰ ਦੇ ਨੌਜੁਆਨਾਂ ਦਾ ਅਪ੍ਰਕ੍ਰਿਤਕ ਸੋਸ਼ਣ। ਜਦੋਂ ਕੋਈ ਘੱਟ ਉਮਰ ਦਾ ਨੌਜੁਆਨ ਜੇਲ ਅੰਦਰ ਆਉਂਦਾ ਹੈ ਤਾਂ ਸਜ਼ਾਵਰ ਕੈਦੀ ਆਪਣੀ ਕਾਮ ਤ੍ਰਿਪਤੀ ਲਈ ਚੀਫ ਵਾਰਡਰ ਸਾਹਮਣੇ ਉਸ ਨੌਜੁਆਨ ਦੀ ਬੋਲੀ ਲਾਉਂਦੇ ਹਨ। ਜੋ ਕੈਦੀ ਸਭ ਤੋਂ ਵੱਧ ਬੋਲੀ ਲਾਉਂਦਾ ਹੈ, ਉਹ ਨੌਜਵਾਨ ਨੂੰ ਲੈ ਜਾਂਦਾ ਹੈ।

ਕਿਸਾਨ ਅੰਦੋਲਨ ਨਾਲ ਸਬੰਧਤ ਕੈਦੀ ਸ਼ੁਰੂ ਤੋਂ ਹੀ ਜੇਲ੍ਹ ਦੀਆਂ ਸਮੱਸਿਆਵਾਂ ਨੂੰ ਲੈ ਕੇ ਸੰਘਰਸ਼ ਕਰਦੇ ਰਹੇ ਹਨ। 1987 'ਚ ਜਦੋਂ ਇਹ ਸੰਘਰਸ਼ ਕਾਫੀ ਜ਼ੋਰ ਫੜ ਗਿਆ ਸੀ ਤਾਂ ਪ੍ਰਸ਼ਾਸਨ ਨੇ ਭਾਰੀ ਲਾਠੀਚਾਰਜ ਕਰ ਕੇ ਇਸ ਅੰਦੋਲਨ ਨੂੰ ਕੁਚਲ ਦਿੱਤਾ। ਇਸ ਵਿਚ ਕੋਈ 40 ਆਦਮੀ ਬੁਰੀ ਤਰ੍ਹਾਂ ਫੱਟੜ ਹੋਏ ਅਤੇ ਅਗਵਾਈ ਕਰਨ ਵਾਲੇ ਕੈਦੀਆਂ ਨੂੰ ਦੂਸਰੀਆਂ ਜੇਲ੍ਹਾਂ ਵਿਚ ਬਦਲ ਦਿੱਤਾ ਗਿਆ। ਇਸ ਦਮਨ ਦੀ ਛਾਪ ਅਜੇ ਵੀ ਕੈਦੀਆਂ ਦੇ ਦਿਲਾਂ ਤੇ ਛਾਈ ਹੋਈ ਹੈ। ਅਸੀਂ (ਕਿਸਾਨ ਅੰਦੋਲਨ ਨਾਲ ਸਬੰਧਿਤ ਕੈਦੀ) ਇਨ੍ਹਾਂ ਸਮੱਸਿਆਵਾਂ ਦੇ ਸੰਬੰਧ 'ਚ ਡੀ. ਸੀ. ਅਤੇ ਦੂਸਰੇ ਅਧਿਕਾਰੀ ਜੋ ਸਮੇਂ-ਸਮੇਂ ਜੇਲ੍ਹ ਅੰਦਰ ਜਾਂਚ ਪੜਤਾਲ ਲਈ ਆਉਂਦੇ ਸਨ ਨਾਲ ਗੱਲਬਾਤ ਕੀਤੀ। ਪਰ ਉਹਨਾਂ ਅਧਿਕਾਰੀਆਂ ਵਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਕਿਉਂਕਿ ਇਹ ਸਾਰੇ ਅਧਿਕਾਰੀ ਲੁੱਟ ਦਾ ਇਕ ਹਿੱਸਾ ਹਾਸਲ ਕਰਦੇ ਹਨ। ਕੁਝ ਅਧਿਕਾਰੀਆਂ ਨੇ ਤਾਂ ਸਾਨੂੰ ਇਹ ਜਵਾਬ ਦਿੱਤਾ ਕਿ ਇਹ ਸਭ ਤਾਂ ਅੰਗਰੇਜ਼ਾਂ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਤੋਂ ਬਾਅਦ ਅਸੀਂ ਆਮ ਕੈਦੀਆਂ ਨੂੰ ਗੋਲ-ਬੰਦ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਕੁੱਝ ਸਫਲਤਾਵਾਂ ਵੀ ਹਾਸਲ ਕੀਤੀਆਂ। ਜਿਵੇਂ ਪੂਰੀ ਖੁਰਾਕ ਲੈਣਾ, ਕਿਸਾਨ ਅੰਦੋਲਨ ਨਾਲ ਸੰਬੰਧਿਤ ਕੈਦੀਆਂ ਤੋਂ ਜ਼ਬਰਦਸਤੀ ਕੰਮ ਕਰਵਾਉਣ ਅਤੇ ਪੈਸਾ ਵਸੂਲਣ ਤੇ ਰੋਕ ਆਦਿ। ਇਹ ਅੰਦੋਲਨ ਅਜੇ ਜਾਰੀ ਹੈ। ਅਗਰ ਬਿਹਾਰ ਦੀਆਂ ਜਨਵਾਦੀ ਤਾਕਤਾਂ ਇਸ ਅੰਦੋਲਨ ਨੂੰ ਬਾਹਰ ਤੋਂ ਮਦਦ ਕਰਨ ਤਾਂ ਇਹ ਕਾਫ਼ੀ ਹੋਰ ਸਫਲਤਾਵਾਂ ਹਾਸਲ ਕਰ ਸਕਦਾ ਹੈ।

ਮੈਂ 21 ਮਹੀਨਿਆਂ ਦੇ ਆਪਣੇ ਇਸ ਅਨੁਭਵ ਤੋਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਹੈ ਕਿ ਇਸ ਮੌਜੂਦਾ ਪ੍ਰਬੰਧ ਦੇ ਅੰਦਰ ਜਨਤਾ ਦੀਆਂ ਬੁਨਿਆਦੀ ਸਮੱਸਿਆਵਾਂ ਕਦੇ ਵੀ ਹੱਲ ਨਹੀਂ ਹੋ ਸਕਦੀਆਂ। ਹਾਕਮ ਜਮਾਤਾਂ ਦੀਆਂ ਸਰਕਾਰਾਂ, ਅਫ਼ਸਰਸ਼ਾਹੀ ਤੇ ਇਸ ਪ੍ਰਬੰਧ ਦੇ ਹੋਰ ਕਲਪੁਰਜੇ ਐਨੇ ਸੰਵੇਦਨਹੀਣ ਹੋ ਚੁੱਕੇ ਹਨ ਕਿ ਫਰਿਆਦਾਂ ਦਾ ਉਹਨਾਂ ਉੱਪਰ ਕੋਈ ਅਸਰ ਨਹੀਂ ਹੁੰਦਾ। ਇਹ ਸਿਰਫ ਜਨਤਾ ਦੀ ਏਕਤਾ-ਬੱਧ ਸ਼ਕਤੀ ਤੋਂ ਹੀ ਡਰਦੇ ਹਨ। ਮੈਂ ਪੰਜਾਬ ਦੀਆਂ

ਬਾਕੀ ਸਫਾ 37 ਤੇ

# ਪਰਦਾ ਜੋ ਉੱਠ ਗਿਆ...

## ਪੇਸ਼ਕਸ਼: ਸੁਖਵੰਤ ਹੁੰਦਲ

[ਦੁਨੀਆਂ ਵਿਚ ਜੋ ਕੁੱਝ ਵਾਪਰ ਰਿਹਾ ਹੈ ਕੀ ਤੁਸੀਂ ਉਸ ਬਾਰੇ ਸੱਚ ਜਾਣਨਾ ਚਾਹੁੰਦੇ ਹੋ? ਜੇ ਜੁਆਬ ਹਾਂ ਹੈ ਤਾਂ ਮੁੱਖ ਧਾਰਾ ਮੀਡੀਏ ਵਿਚ ਜੋ ਕੁੱਝ ਪੇਸ਼ ਕੀਤਾ ਜਾਂਦਾ ਹੈ ਉਸਨੂੰ ਦੇਖਣ ਦੀ ਥਾਂ ਇਹ ਦੇਖੋ ਕਿ ਉਸ ਵਿਚ ਕੀ ਨਹੀਂ ਪੇਸ਼ ਕੀਤਾ ਜਾਂਦਾ ਜਾਂ ਜੋ ਕੀ ਐਵੇਂ ਛੋਟੀ ਜਿਹੀ ਖਬਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਅਜਿਹਾ ਅਤੇ ਸਿਰਫ ਅਜਿਹਾ ਕਰਕੇ ਹੀ ਤੁਸੀਂ ਦੁਨੀਆਂ 'ਚ ਵਾਪਰ ਰਹੀਆਂ ਘਟਨਾਵਾਂ ਬਾਰੇ ਸੱਚ ਜਾਣ ਸਕੋਗੇ।

ਇਸ ਕਾਲਮ ਵਿਚ ਅਸੀਂ ਵਤਨ ਦੇ ਪਾਠਕਾਂ ਲਈ ਅਜਿਹੀਆਂ ਹੀ ਕੁੱਝ ਖਬਰਾਂ ਪੇਸ਼ ਕਰਨ ਦੀ ਕੋਸ਼ਿਸ਼ ਕਰਿਆ ਕਰਾਂਗੇ ਜੋ ਮੁੱਖ ਧਾਰਾ ਦੇ ਮੀਡੀਏ ਵਿਚ ਨਹੀਂ ਪੇਸ਼ ਕੀਤੀਆਂ ਜਾਂਦੀਆਂ। -ਸ.ਹ.]

### ਇਕ ਇਤਿਹਾਸਕ ਤੱਥ:

7 ਅਪ੍ਰੈਲ 1894 ਨੂੰ ਸਰੀ, ਬੀ.ਸੀ. ਦੀ ਮਿਉਂਸਪੈਲਟੀ ਨੇ ਇਕ ਕਾਨੂੰਨ (by law) ਪਾਸ ਕੀਤਾ ਜਿਸ ਅਨੁਸਾਰ ਚੀਨੇ ਅਤੇ ਜਾਪਾਨੀ ਮਜ਼ਦੂਰ ਸਰੀ ਮਿਉਂਸਪੈਲਟੀ ਦਾ ਕੰਮ ਕਰਨ ਲਈ ਨਹੀਂ ਰੱਖੇ ਜਾਣਗੇ। ਅਤੇ ਇਹ ਕਾਨੂੰਨ ਸਤੰਬਰ 1982 ਨੂੰ ਜਾ ਕੇ ਰੱਦ (repeal) ਕੀਤਾ ਗਿਆ।

[Legal prespective, Vol.13, No.5, May 1989]

### ਦੁਨੀਆਂ ਦਾ ਵੱਡਾ ਕਤਲੇਆਮ:

1965-66 ਦੌਰਾਨ ਇੰਡੋਨੇਸ਼ੀਆ ਵਿਚ ਢਾਈ ਤੋਂ ਪੰਜ ਲੱਖ ਲੋਕਾਂ (ਕਮਿਊਨਿਸਟਾਂ ਅਤੇ ਉਹਨਾ ਦੇ ਹਮਦਰਦਾਂ) ਦੇ ਇੰਡੋਨੇਸ਼ੀਆ ਦੀ ਫੌਜ ਵਲੋਂ ਕੀਤੇ ਕਤਲੇਆਮ ਵਿਚ ਅਮਰੀਕਨ ਖੁਫੀਆ ਏਜੰਸੀ, (ਸੀ.ਆਈ. ਏ.) ਅਤੇ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਦਾ ਹੱਥ ਹੋਣ ਦੇ ਸਬੂਤ ਸਾਹਮਣੇ ਆਏ ਹਨ। ਸੀ.ਆਈ.ਏ. ਅਤੇ ਅਮਰੀਕਨ ਸਟੇਟ ਡਿਪਾਰਟਮੈਂਟ ਦੇ ਅਧਿਕਾਰੀਆਂ ਨੇ ਇਹ ਮੰਨਿਆ ਹੈ ਕਿ ਸੀ.ਆਈ.ਏ. ਨੇ ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਸਨ ਅਤੇ ਇੰਡੋਨੇਸ਼ੀਆ ਦੀ ਫੌਜ ਨੂੰ ਦਿੱਤੀਆਂ ਸਨ। ਜਦੋਂ ਇਹਨਾ ਲਿਸਟਾਂ ਤੇ ਚੜ੍ਹਿਆ ਵਿਅਕਤੀ ਕਤਲ ਹੋ ਜਾਂਦਾ ਸੀ ਤਾਂ ਸੀ.ਆਈ.ਏ. ਆਪਣੀ ਲਿਸਟ ਤੇ ਹਿਸਾਬ ਰੱਖਣ ਲਈ ਉਸ ਦੇ ਨਾਂ ਦੇ ਸਾਹਮਣੇ ਨਿਸ਼ਾਨ ਲਾ ਦਿੰਦੀ ਸੀ।

[Covert Action, Inform. Bulletin No.35, Fall 90]

### ਕਿਸਦੀ ਮੱਦਦ:

ਬਾਹਰੋਂ ਮਿਲੀ ਮੱਦਦ ਨਾਲ ਪੂਰਬੀ ਭਾਰਤ ਵਿਚ ਰੀਹਾਂਡ (Rihand) ਪਾਵਰ ਜਨਰੇਸ਼ਨ ਪਲਾਂਟ ਦੀ ਉਸਾਰੀ ਹੋ ਰਹੀ ਹੈ। ਇਸ ਪਾਵਰ ਪਲਾਂਟ ਵਿਚ 15 ਪਾਵਰ ਸਟੇਸ਼ਨ ਹੋਣਗੇ। ਇਸ ਪ੍ਰਾਜੈਕਟ ਦੀ ਕਈ ਭਾਰਤੀਆਂ ਵਲੋਂ ਆਲੋਚਨਾ ਕੀਤੀ ਜਾ ਰਹੀ ਹੈ। ਇਸ ਪ੍ਰਾਜੈਕਟ ਕਾਰਨ ਇਸ ਇਲਾਕੇ ਵਿਚ ਸੈਂਕੜੇ ਲੋਕਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ। ਇਹਨਾ ਬੇਦਖਲ ਕੀਤੇ ਜਾ ਰਹੇ ਕਿਸਾਨਾ ਨੂੰ ਸਰਕਾਰ ਵਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ। ਵਾਤਾਵਰਣ ਦੀ ਦੂਸ਼ਣਤਾ ਦਾ ਫਿਕਰ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਇਹ ਪਲਾਂਟ ਕੰਮ ਕਰਨ ਲੱਗ ਪਿਆ ਤਾਂ ਇਹ ਪਲਾਂਟ ਹਰ ਰੋਜ਼ 10000 ਟਨ ਜ਼ਹਿਰੀਲੀ (toxic) ਸੁਆਹ ਵਾਤਾਵਰਣ ਵਿਚ ਖਿਲਾਰੇਗਾ।

ਇਸ ਪ੍ਰਾਜੈਕਟ ਵਿਚ ਮੁੱਖ ਫਾਇਦਾ ਬ੍ਰਿਟੇਨ ਦੀਆਂ ਕੰਪਨੀਆਂ ਨੂੰ ਹੋ ਰਿਹਾ ਹੈ। ਬ੍ਰਿਟੇਨ ਦੀ ਇਕ ਕੰਪਨੀ ਨਾਰਦਰਨ ਇੰਜਨੀਅਰਿੰਗ ਇੰਡਸਟਰੀਜ਼ ਨੂੰ ਇਸ ਪ੍ਰਾਜੈਕਟ ਕਾਰਨ 89 ਮਿਲੀਅਨ (8 ਕਰੋੜ 90 ਲੱਖ) ਡਾਲਰ ਦੀ ਸਬਸਿਡੀ ਮਿਲੀ ਹੈ। ਭਾਰਤ ਦੇ ਰਹਿ ਚੁੱਕੇ ਇਕ ਸਿਵਲ ਅਧਿਕਾਰੀ ਦਾ ਕਹਿਣਾ ਹੈ ਕਿ, "ਬ੍ਰਿਟੇਨ ਨੇ ਇਸ ਪ੍ਰਾਜੈਕਟ ਲਈ ਭਾਰਤ ਵਿਚੋਂ ਇਕ ਕਿੱਲ ਤੱਕ ਨਹੀਂ ਖਰੀਦੀ। ਇਥੋਂ ਤੱਕ ਕਿ ਵਾਟਰ ਟਰੀਟਮੈਂਟ (ਪਾਣੀ ਸਾਫ ਕਰਨ ਵਾਲੇ) ਪਲਾਂਟ ਵਿਚ ਵਰਤੇ ਜਾਣ ਵਾਲੇ ਪੱਥਰ (stone chips) ਵੀ ਬਾਹਰੋਂ ਮੰਗਵਾਏ ਹਨ।"

[New Internationalist. No. 213, Nov. 90]

### ਨੁਕਸਾਨ ਦੇ ਬਰਾਬਰ ਵੀ ਨਹੀਂ:

ਅਮਰੀਕਾ ਦੀ ਬੁੱਸ਼ ਸਰਕਾਰ ਨੇ 1990 ਵਿਚ ਨਿਕਰਾਗੁਆ ਲਈ 330 ਮਿਲੀਅਨ (33 ਕਰੋੜ) ਡਾਲਰ ਦੀ ਮੱਦਦ ਦੇਣ ਦਾ ਐਲਾਨ ਕੀਤਾ ਹੈ। ਪਰ ਕੁੱਝ ਸਾਲ ਪਹਿਲਾਂ ਸੰਸਾਰ ਅਦਾਲਤ (world Court) ਨੇ ਇਹ ਫੈਸਲਾ ਦਿੱਤਾ ਸੀ ਕਿ ਅਮਰੀਕਾ ਦੀਆਂ ਪਾਲਸੀਆਂ ਕਾਰਨ 80ਵਿਆਂ ਵਿਚ ਨਿਕਰਾਗੁਆ ਦੇ ਹੋਏ ਨੁਕਸਾਨ ਦਾ ਹਰਜਾਨਾ ਭਰਨ ਲਈ ਅਮਰੀਕਾ ਵਲੋਂ ਨਿਕਰਾਗੁਆ ਨੂੰ 14 ਬਿਲੀਅਨ ਡਾਲਰ (1400 ਕਰੋੜ) ਡਾਲਰ ਅਦਾ ਕਰਨੇ ਚਾਹੀਦੇ ਹਨ।

ਇਸੇ ਤਰ੍ਹਾਂ ਹੀ ਬੁੱਸ਼ ਸਰਕਾਰ ਨੇ ਪਨਾਮਾ ਨੂੰ 420 ਮਿਲੀਅਨ (42 ਕਰੋੜ) ਡਾਲਰ ਮੱਦਦ ਵਜੋਂ ਦੇਣ ਦਾ ਐਲਾਨ ਕੀਤਾ ਹੈ। ਪਰ ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਲੋਂ ਨੋਰੀਆਗਾ ਦੀ ਸਰਕਾਰ ਹੇਠਲੇ ਪਨਾਮਾ ਵਿਰੁੱਧ ਲੜੀ ਆਰਥਿਕ ਜੰਗ ਕਾਰਨ ਪਨਾਮਾ ਦਾ ਘੱਟੋ ਘੱਟ 3.5 ਬਿਲੀਅਨ (350 ਕਰੋੜ) ਡਾਲਰ ਦਾ ਨੁਕਸਾਨ ਹੋਇਆ ਹੈ। ਇਸ ਤਰ੍ਹਾਂ ਇਹ ਸਾਫ ਜ਼ਾਹਿਰ ਹੈ ਕਿ ਅਮਰੀਕਾ ਵਲੋਂ ਦਿੱਤੀ ਜਾ ਰਹੀ ਇਹ ਮੱਦਦ ਉਸ ਵਲੋਂ ਇਹਨਾ ਦੇਸ਼ਾਂ ਦੇ ਕੀਤੇ ਨੁਕਸਾਨ ਦੇ ਬਰਾਬਰ ਵੀ ਨਹੀਂ।

[Lies of Our Times: Vol.1, No. 9, Sep 90]

* * *

# 'ਪਰਵਾਸ' ਨੂੰ ਜੀ ਆਇਆਂ

ਕੇਹਰ ਸ਼ਰੀਫ (ਜਰਮਨੀ)

ਅਸੀਂ ਕਿਸ ਭਾਲ 'ਚ ਤੁਰੇ
ਕਿ ਮੱਥੇ ਦੀ ਅੱਖ ਖੋ ਬੈਠੇ
ਹੁਣ ਰਾਹਗੀਰਾਂ ਤੋਂ ਪੁੱਛਦੇ ਹਾਂ
ਸਾਡਾ ਲਿੱਖਿਆ ਪੋਚਿਆ ਘਰ ਕਿੱਥੇ ਹੈ
-ਭੁਪਿੰਦਰ ਪ੍ਰਰੇਵਾਲ

ਉਪਰੋਕਤ ਕਾਵਿ-ਟੁਕੜੀ 'ਪਰਵਾਸ' ਦੇ ਪਹਿਲੇ ਅੰਕ ਦੇ ਮੱਥੇ ਤੇ ਉੱਕਰੀ ਹੋਈ ਹੈ ਜੋ 'ਪਰਵਾਸ' ਦਾ ਮਕਸਦ ਦੱਸਦੀ ਹੈ। 'ਪਰਵਾਸ' ਜੋ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਤ ਹੈ।

ਜਦੋਂ ਜਾਗਦੀ ਚੇਤਨਾ ਵਾਲੇ ਲੋਕਾਂ ਨੂੰ ਆਪਣਾ ਅੱਗਾ ਸੁਆਰਨ ਲਈ ਘਰ ਛੱਡਣ ਦੀ ਨੌਬਤ ਆਉਂਦੀ ਹੈ - ਤਾਂ ਉਹ ਬਹੁਤ ਕੁਝ ਨਾਲ ਵੀ ਲੈ ਜਾਂਦੇ ਹਨ। ਚੰਗੀ ਥਾਂ-ਰੁਜ਼ਗਾਰ ਦੀ ਭਾਲ ਲਈ ਦੂਰ ਨਿਕਲ ਜਾਣਾ। ਇਹ ਪੱਲ ਲੱਗਭਗ ਹਰ ਮੁਲਕ ਦੇ ਲੋਕਾਂ ਨੇ ਹੀ ਭੋਗੇ ਹਨ। ਇਸ ਪਰਵਾਸ ਦਾ ਨਮੂਨਾ ਯੂਨਾਨੀ ਮਛੇਰਿਆਂ ਦਾ ਸਮੁੰਦਰ ਵਿਚ ਮੱਛੀਆਂ ਫੜਦੇ ਸਮੇਂ ਚੰਨ ਦੀ ਚਾਨਣੀ 'ਚ ਆਪਣੀ ਮਹਿਬੂਬ ਜਾਂ ਪਤਨੀ ਲਈ ਗਾਇਆ ਗੀਤ ਵੀ ਹੋ ਸਕਦਾ ਹੈ। ਪੰਜਾਬੀਆਂ ਵਲੋਂ ਵੀਰਾਨ ਟਾਪੂਆਂ ਜਾਂ ਅਣਜਾਣੇ 'ਪੰਧਾਂ' 'ਚ ਪਾਈਆਂ ਬੋਲੀਆਂ ਤੇ ਭੰਗੜਾ ਵੀ ਹੋ ਸਕਦਾ ਹੈ। ਪਰਵਾਸ ਤਾਂ ਉਸ ਹਉਕੇ ਵਰਗਾ ਹੁੰਦਾ ਹੈ ਜਿਸਨੂੰ ਹਉਕਾ ਭਰਨ ਵਾਲਾ ਹੀ ਜਾਣ ਸਕਦਾ ਹੈ - ਇਹ ਇਕ ਅਹਿਸਾਸ ਹੈ ਜੋ ਹੰਢਾਇਆ ਜਾਂਦਾ ਹੈ।

ਪੰਜਾਬੀ ਇਸ ਸਦੀ ਦੇ ਸ਼ੁਰੂ 'ਚ ਰੁਜ਼ਗਾਰ ਦੀ ਭਾਲ 'ਚ ਘਰ ਛੱਡਕੇ ਦੂਰ-ਦੁਰੇਡੇ ਮੁਲਕਾਂ ਨੂੰ ਨਿਕਲੇ। ਜਿਥੇ ਉਹ ਰੁਜ਼ਗਾਰ ਭਾਲਦੇ ਉਥੇ ਆਪਣੀ ਬੋਲੀ ਤੇ ਸੱਭਿਆਚਾਰ ਨੂੰ ਜੀਊਂਦਿਆਂ ਰੱਖਣ ਲਈ ਵੀ ਯਤਨਸ਼ੀਲ ਰਹਿੰਦੇ। ਪਹਿਲਾਂ ਜੋ ਭਾਰਤ ਦੀ ਗੁਲਾਮੀ ਵਾਲੀ ਅਵਸਥਾ ਵੇਲੇ ਬਾਹਰ ਆਏ ਲੋਕਾਂ, ਦੇਸ਼ ਨੂੰ ਆਜ਼ਾਦ ਕਰਵਾਉਣ ਖਾਤਰ ਜ਼ਿੰਦਗੀਆਂ ਦੇਸ਼ ਦੇ ਲੇਖੇ ਲਾਈਆਂ (ਉਹਨਾਂ ਵੀ ਸਾਹਿਤ ਨੂੰ ਆਪਣਾ ਹਥਿਆਰ ਬਣਾਇਆ)।

ਪੰਜਾਬਿਆਂ ਤੋਂ ਬਾਅਦ ਅਮਰੀਕਾ ਕੈਨੇਡਾ ਤੇ ਇੰਗਲੈਂਡ ਵਸੇ ਲੋਕਾਂ ਨੇ ਸਖਤ ਮਿਹਨਤ ਨਾਲ ਆਪਣੇ ਆਪੇ ਦੀ ਹੋਂਦ ਕਾਇਮ ਕੀਤੀ - ਫੇਰ ਮਜ਼ਦੂਰ ਤਬਕੇ ਦੇ ਨਾਲ ਨਾਲ ਪੜ੍ਹੇ ਲਿਖੇ ਲੋਕਾਂ ਦੀ ਆਮਦ ਵੀ ਸ਼ੁਰੂ ਹੋਈ। ਜਿਹਨਾਂ ਵਿਚੋਂ ਸੁਚੇਤ ਬੁੱਧੀ ਵਾਲੇ ਲੋਕ ਵੀ ਸਨ। ਜਿਹਨਾਂ ਆਪਣੀ ਮਾਂ ਬੋਲੀ ਦਾ ਪਿਆਰ ਨਾ ਭੁਲਾਇਆ। ਲੋਕਾਂ ਨੇ ਆਪਣੇ ਧਾਰਮਿਕ ਸਥਾਨ ਵੀ ਉਸਾਰੇ ਪਹਿਲੀਆਂ ਵਿਚ ਉਹਨਾਂ ਧਾਰਮਿਕ ਸਥਾਨਾਂ ਅੰਦਰ ਹੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ ਯਤਨ ਆਰੰਭੇ ਗਏ।

'ਪਰਵਾਸ' ਤ੍ਰੈਮਾਸਿਕ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਤ ਪਰਚਾ ਡਾਕਟਰ ਸ.ਪ. ਸਿੰਘ ਦੀ ਆਨਰੇਰੀ ਸੰਪਾਦਕੀ ਥੱਲੇ ਸ਼ੁਰੂ ਹੋਇਆ ਹੈ। ਇਹ ਬਹੁਤ ਹੀ ਸਲਾਹੁਣਯੋਗ ਉੱਦਮ ਪੰਜਾਬੀ ਪਰਵਾਸੀ ਸਾਹਿਤ ਪ੍ਰਤੀ ਸ਼ਾਇਦ ਪਹਿਲਾਂ ਹੀ ਯਤਨ ਹੈ - ਪਰਦੇਸੀਂ ਵਸਦੇ ਪੰਜਾਬੀ ਕਲਮਕਾਰਾਂ (ਲੇਖਕਾਂ-ਅਲੋਚਕਾਂ) ਦਾ ਮਾਣ ਵੀ ਕਿ ਉਹਨਾਂ ਨੂੰ ਆਪਣੀ ਧਰਤੀ ਤੇ ਸਵੀਕਾਰਿਆ ਗਿਆ ਹੈ। ਇੱਕੇ-ਦੁੱਕੇ ਯਤਨਾਂ ਨੂੰ ਛੱਡਕੇ ਲੋੜ ਸੀ ਲਗਾਤਾਰ ਪਰਵਾਸੀ ਪੰਜਾਬੀ ਸਾਹਿਤ ਨੂੰ ਆਪਣੇ ਲੋਕਾਂ ਤੱਕ ਪਹੁੰਚਾਉਣ ਦੀ ਤਾਂ ਜੋ ਉਹ ਆਪਣੇ ਲੋਕ ਬਾਹਰਲੀਆਂ-ਸਮਾਜਿਕ ਗੁੰਝਲਾਂ ਤੋਂ ਜਾਣੂ ਹੋਣ। ਇਸ ਭੱਖਦੀ ਲੋੜ ਨੂੰ ਪੂਰਾ ਕੀਤਾ ਹੈ 'ਪਰਵਾਸ' ਦੇ ਆਰੰਭ ਨੇ। ਇਸ ਆਰੰਭ ਨੂੰ ਸਾਡੇ ਵਲੋਂ ਡੂੰਘੇ ਦਿਲੋਂ 'ਜੀ ਆਇਆਂ ਨੂੰ'।

'ਪਰਵਾਸ' ਦਾ ਪਹਿਲਾ ਅੰਕ ਅਕਤੂਬਰ-ਦਸੰਬਰ 90 ਆਪਣੀ ਸੋਹਣੀ ਦਿੱਖ ਨਾਲ ਪਹੁੰਚਿਆ ਹੈ। ਵਿਸ਼ੇਸ਼ ਕਵੀ ਦਾ ਮਾਣ ਦਿੱਤਾ ਗਿਆ ਕੈਨੇਡਾ ਵਸਦੇ ਸਾਧੂ ਬਿਨਿੰਗ ਨੂੰ। ਉਸ ਦੀ ਜਾਣ-ਪਹਿਚਾਣ ਕਰਵਾਈ ਹੈ ਡਾਕਟਰ ਸਾਧੂ ਸਿੰਘ ਖੇਤੀ ਬਾੜੀ ਯੂਨੀਵਰਸਿਟੀ ਨੇ। ਕਵੀ ਤੇ ਕਵਿਤਾ 'ਚ ਸਾਧੂ ਬਨਾਮ ਸਾਧੂ ਪੜ੍ਹਕੇ ਆਪ ਮੁਹਾਰੇ ਹੀ ਮੂੰਹੋਂ ਨਿਕਲਦਾ ਹੈ ' ਦੋਹਾਂ ਸਾਧੂਆਂ ਦੀ ਜੈ' ਅਲੋਚਨਾਤਮਕ ਲੇਖ ਹਨ ਡਾਕਟਰ ਨੂਰ ਡਾਕਟਰ ਪੁਆਰ ਤੇ ਡਾਕਟਰ ਦਲਜੀਤ ਸਿੰਘ ਤੇ ਚਰਨਜੀਤ ਦੀਆਂ ਕਵਿਤਾਵਾਂ ਵੀ ਹਨ। ਰਵਿੰਦਰ ਰਵੀ, ਅਜਾਇਬ ਕਮਲ ਤੇ ਅਮਰ ਜਿਉਤੀ ਦੀਆਂ ਅਤੇ ਨਵੀਆਂ ਛਪੀਆਂ ਕਿਤਾਬਾਂ ਦੀ ਸਮੀਖਿਆਂ ਅਤੇ ਸਮਾਜੀ ਜੀਵਨ ਵਾਲੀ ਗੁੰਝਲਤਾ ਦੀ ਸਾਹਿਤਕਤਾ ਪੇਸ਼ ਕੀਤੀ ਹੈ ਹਰੀਸ਼ ਮਲਹੋਤਰਾ ਤੇ ਕੈਲਾਸ਼ਪੁਰੀ ਨੇ, ਪਰਦੇਸਾਂ ਵਿਚ ਸਾਹਿਤਕ ਸਰਗਰਮੀਆਂ ਬਾਰੇ ਟਰਾਂਟੋ ਵਿਚ ਹੋਈ ਪੰਜਾਬੀ ਕਾਨਫਰੰਸ ਵਿਚਲੀ ਅਸਲੀਅਤ (ਨੰਗਪੁਣਾ) ਵੀ ਪੇਸ਼ ਕੀਤੀ ਗਈ ਹੈ। ਲੰਡਨ 'ਚ ਹੋਏ ਭਾਈ ਵੀਰ ਸਿੰਘ ਸਮਾਗਮ ਦਾ ਜ਼ਿਕਰ ਹੈ, ਵੁਲਵਰ ਹੈਂਪਟਨ ਦੀ ਸਾਹਿਤਕ ਸਮਾਗਮ ਦੀ ਰੀਪੋਰਟ ਹੈ।

'ਪਰਵਾਸ' ਦੇ ਪ੍ਰਬੰਧਕਾਂ ਵਲੋਂ ਡਾਕਟਰ ਸ. ਪ. ਸਿੰਘ ਇਸ ਪਰਚੇ ਦੇ ਮਕਸਦ ਦਾ ਐਲਾਨ ਆਪਣੇ ਸੰਬੋਧਨੀ ਸ਼ਬਦਾਂ ਰਾਹੀਂ ਕਰਦੇ ਹਨ - ਉਹ ਪ੍ਰਸ਼ੰਸਾ ਯੋਗ ਤਾਂ ਹੈ ਹੀ ਨਾਲ ਹੀ ਪ੍ਰਬੰਧਕਾਂ ਤੇ ਜ਼ੁੰਮੇਵਾਰੀ ਪਾਉਂਦਾ ਹੈ ਕਿ ਉਹ ਸਿਰੜ ਨਾਲ ਆਪਣੇ ਕਹੇ ਤੇ ਟਿਕੇ ਰਹਿਣਗੇ। ਡਾਕਟਰ ਸ. ਪ. ਸਿੰਘ ਲਿਖਦੇ ਹਨ "ਪਰਵਾਸ ਤ੍ਰੈਮਾਸਿਕ (ਪੁਸਤਕ ਲੜੀ) ਬਦੇਸ਼ਾਂ ਵਿਚ ਰੋਜ਼ੀ-ਰੋਟੀ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਉਹਨਾਂ ਪੰਜਾਬੀਆਂ ਨੂੰ ਸਮਰਪਤ ਹੈ ਜੋ ਆਰਥਿਕ ਸਹੂਲਤਾਂ ਤੇ ਸੁਖੇਨਤਾ ਦੀ ਪ੍ਰਾਪਤੀ ਦੇ ਨਾਲ ਨਾਲ ਵਤਨ ਪ੍ਰਤੀ ਮੋਹ ਰੱਖਦੇ ਹੋਏ ਉਹਨਾਂ ਦੇ ਪ੍ਰਗਟਾਵੇ ਲਈ ਆਪਣੀ ਮਾਂ ਬੋਲੀ ਪੰਜਾਬੀ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਵੱਖ ਵੱਖ ਸਾਹਿਤ ਰੂਪਾਂ ਵਿਚ ਅਭਿਵਿਅਕਤੀ ਪਰਦਾਨ ਕਰਦੇ ਹਨ।

"'ਪਰਵਾਸ' ਬਦੇਸ਼ੀ ਧਰਤੀ ਤੇ ਵਿਚਰਦੇ ਪਰਵਾਸੀ ਚੇਤਨਾਂ ਦੇ ਅਨੁਭਵ ਨੂੰ ਹੰਢਾ ਰਹੇ ਸਾਹਿਤਕਾਰਾਂ ਨੂੰ ਇਕ ਸਾਂਝਾ ਮੰਚ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ।

"'ਪਰਵਾਸ' ਦੀ ਸਮਗਰੀ ਨਿਰੋਲ ਬਦੇਸ਼ੀ ਪੰਜਾਬੀ ਲੇਖਕਾਂ ਦੁਆਰਾ ਰਚੇ ਜਾ ਰਹੇ ਸਿਰਜਣਾਤਮਕ ਸਾਹਿਤ ਜਾਂ ਇਸ ਸਾਹਿਤ ਸਬੰਧੀ ਅਕਾਦਮਿਕ ਪੱਧਰ ਤੇ ਚਰਚਾ ਨਾਲ ਸਬੰਧਤ ਹੋਵੇਗੀ।"

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ 'ਪਰਵਾਸ' ਵਿਸ਼ਵ ਦੇ ਭਿੰਨ ਭਿੰਨ ਦੇਸ਼ਾਂ ਵਿਚ ਪੰਜਾਬੀਆਂ ਦੁਆਰਾ ਆਪਣੀ ਮਾਤ-ਭਾਸ਼ਾ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਇਕ ਮੰਚ ਪਰਦਾਨ ਕਰਦੇ ਹੋਏ ਬਦੇਸੀ ਪੰਜਾਬੀ ਸਾਹਿਤ ਦੇ ਸਮੁਚੇ ਪਰਿਪੇਖ ਨੂੰ ਉਜਾਗਰ ਕਰਨਾ ਹੈ। ਤਾਂ ਕਿ ਬਦੇਸ਼ੀ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਦਾ ਸਹੀ ਮੁਲੰਕਣ ਕੀਤਾ ਜਾ ਸਕੇ। ਪੌਂਡਾਂ, ਡਾਲਰਾਂ ਦੀ ਚਮਕ ਦਮਕ ਜਾਂ ਭਾਰਤ ਵਿਚ ਸਾਹਿਤਕ ਦਲਾਲਾਂ ਰਾਹੀਂ ਝੂਠੀ ਪ੍ਰਸਿੱਧੀ ਕਰਨ ਵਾਲਿਆਂ ਜਾਂ ਇਹਨਾਂ ਰਾਹੀਂ ਸ਼ੋਸ਼ਿਤ ਹੋ ਰਹੇ ਪਰਵਾਸੀ ਪੰਜਾਬੀ ਲੇਖਕਾਂ ਸਬੰਧੀ ਸਹੀ ਮੁਲੰਕਣ ਪਰਦਾਨ ਕਰਨਾ ਸਾਡਾ ਮੁੱਖ ਮਨੋਰਥ ਹੋਵੇਗਾ।

ਇਹ ਉਪਰੋਕਤ ਐਲਾਨ ਬੜੇ ਹੀ ਭਾਵਪੂਰਤ ਹਨ। ਇਹਨਾਂ ਯਤਨਾਂ ਦੀ ਭਰਪੂਰ ਸ਼ਲਾਘਾ ਹੋਣੀ ਚਾਹੀਦੀ ਹੈ - ਇਸ ਪਰਚੇ ਨੂੰ ਦਿਲੋਂ 'ਜੀ ਆਇਆਂ' ਕਹਿਣਾ ਬਣਦਾ ਹੈ।

ਪਰਵਾਸ ਦਾ ਅਗਲੇ ਅੰਕ ਦਾ ਪਰਵਾਸੀ ਕਵੀ ਇੰਗਲੈਂਡ ਵਸਦਾ ਜਗਤਾਰ ਦਾਅ ਹੈ।

[ਜਾਣਕਾਰੀ ਵਜੋਂ-ਪਰਵਾਸ ਦਾ ਚੰਦਾ ਸਾਲਾਨਾ 10 ਪੌਂਡ 15 ਡਾਲਰ (ਅਮਰੀਕਨ) ਹੈ]

ਪਰਵਾਸ ਦਾ ਪਤਾ
ਪਰਵਾਸ ਬੀ-213
ਰਣਜੀਤ ਐਵੀਨਿਊ
ਅਮ੍ਰਿਤਸਰ (ਪੰਜਾਬ) 143001
ਇੰਡੀਆ

ਸਫ਼ਾ 36 ਦੀ ਬਾਕੀ

ਇਨਕਲਾਬੀ ਤੇ ਜਮਹੂਰੀ ਜਥੇਬੰਦੀਆਂ, ਬੁੱਧੀ ਜੀਵੀਆਂ ਤੇ ਨੌਜੁਆਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਮੱਧ ਬਿਹਾਰ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਆਪਣਾ ਸਮਰਥਨ ਦੇਣ। ਸਾਨੂੰ ਜਮਹੂਰੀ ਅਧਿਕਾਰਾਂ ਦੀ ਰੱਖਿਆ, ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਸਾਰੇ ਰਾਜਨੀਤਕ ਕੈਦੀਆਂ ਦੀ ਬਿਨਾਂ ਸ਼ਰਤ ਰਿਹਾਈ ਲਈ, ਬਿਹਾਰ ਅਤੇ ਦੇਸ਼ ਦੀਆਂ ਜਨਵਾਦੀ ਜਥੇਬੰਦੀਆਂ ਨਾਲ ਇਕ ਜੁੱਟ ਹੋ ਕੇ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ।

(ਐਡਮੰਟਨ)

# ਪੰਜਾਬੀ ਮਾਰਕਿਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

ਅਸੀਂ ਵਿਜ਼ਟਿਰ ਤੇ ਮੈਡੀਕਲ ਇਨਸ਼ੋਰੈਂਸ ਕਰਦੇ ਹਾਂ।

S. & S. INSURANCE
6658 MAIN ST.
VANCOUVER, B.C.(IN PUNJABI MARKET)

ਫੋਨ: 324-5711



Daljit Singh Sidhu

Autoplan

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ ਇਨਸ਼ੋਰੈਂਸ ਦਾ ਦਫਤਰ ਕਾਰਾਂ, ਟਰੱਕਾਂ, ਵੈਨਾਂ ਤੇ ਪਿਕਅੱਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਉ।

**BOOK NOW**

**FLY LATER** **SAVE MONEY**

***Special Fares To:***

**San Francisco Toronto London**

**Cheapest Fares To New Delhi, Bombay, Madras, Clacutta, Karachi, Colombo & Kathmandu**

**AUTHORIZED AGENTS FOR:**

CATHAY PACIFIC AIR CANADA
JAPAN AIR LINES
Canadian Wardair Canada KLM

# GOYAL TRAVELS INC

**4152 Fraser St., Vancouver B.C., V5V 4E8.**

**Toll free from B.C., Alberta, Saskatchewan & Manitoba: 1-800-663-8638**
**Ph. Vancouver: 877-7777**
**Calgary-(403) 235-6808 Toronot: (416) 593-6966**

---

**Sutton Group Medallion Realty**
#1-9200-120th St.
Surrey,B.C. V3V 4B7

Sutton GROUP

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



# KULDIP GILL M.A. B. Ed.

**Member of fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion**

**Ph. 581-1211 Res. 590-8066**

---

# MAKANJI JEWELLERS

## Largest 22 Kt. Gold Jewellery Manufacturer & Retailers in North America

***Vancouver Store:***
**6644 Main St.**
**Vancouver, B.C.**
**V5X 3H3**
**Ph: (604) 324-7646**

***Toronto Store:***
**1448 Gerrard St. East**
**Toronto, Ontario**
**M4L !Z8**
**Ph: (416) 469-0505**

ਆਪਣੇ ਪੰਜਾਬੀ ਭਰਾਵਾਂ ਦਾ ਸਭ ਤੋਂ ਵੱਡਾ ਕਾਰਪੈਟ ਦਾ ਸਟੋਰ। ਨਵੇਂ ਘਰਾਂ ਲਈ ਅਤੇ
ਕੰਟਰੈਕਟਰਾਂ ਲਈ ਕਾਰਪੈਟ ਖ੍ਰੀਦਣ ਤੇ ਸਪੈਸ਼ਲ ਡਿਸਕਾਊਂਟ ਦੇਵਾਂਗੇ।

ਹੋਰ ਜਾਣਕਾਰੀ ਲਈ ਮਿਲੋ ਜਾਂ ਫੋਨ ਕਰੋ

ਸੈਮੀ ਆਹਲੂਵਾਲੀਆ - SAMMY AHLUWALIA

GUARANTEED LOWEST PRICES!

# dream carpets

NEW HOME SPECIALIST

**100% B.C.F. NYLON**
**12 COLOURS TO CHOOSE FROM**
**LOWEST PRICE ONLY ........................ $9.98 SQ. YD.**

**AREA RUGS $198**
Approx. 5'6"x8'

**ARTIFICIAL TURF FROM $5.99 SQ. YD.**

| | |
|---|---|
| **BERBER** FROM | **$9.98** SQ. YD. |
| **SAXONY** | **$14.98** SQ. YD. |
| **RUBBER BACKED CARPET** FROM | **$4.99** SQ. YD. |
| **LINOLEUM** FROM | **$3.99** SQ. YD. |
| **COMMERCIAL CARPET** FROM | **$6.99** SQ. YD. |



**REMNANTS & ROLL ENDS**
100's TO CHOOSE FROM
ALL SIZES & COLOURS

MON.-FRI. 9-9 SAT. 9-5:30 SUN. 10-5:30
**VANCOUVER**
815 TERMINAL AVE.
687-5888

MON., TUES. & SAT. 9-6 WED., THUR., FRI. 9-9
SUN. 10-5:30
**RICHMOND**
12180 BRIDGEPORT RD.
273-7888

MON.-WED. 9-5:30
THUR., FRI. 9-9
SAT. 9-5:30; SUN. 11-5
**COQUITLAM**
2780 BARNET HIGHWAY
941-7888

# ... ਤੇ ਤੁਸੀਂ ਲਿਖਿਆ

'ਵਤਨ' ਪੜ੍ਹਿਕਾ ਪੜ੍ਹਣ ਉਪਰੰਤ ਖੁਸ਼ੀ ਹੋਈ ਕਿ ਕੈਨੇਡਾ ਦੇ ਪੰਜਾਬੀ ਚੇਤੰਨ ਤੌਰ ਤੇ ਕੈਨੇਡਾ ਨੂੰ ਆਪਣੀ ਧਰਤੀ ਪ੍ਰਵਾਨ ਕਰਦੇ ਹੋਏ ਉਸ ਧਰਤੀ ਤੇ ਆਪਣੀ ਪਹਿਚਾਣ ਸਥਾਪਤ ਕਰਨ ਲਈ ਸੰਘਰਸ਼ਸ਼ੀਲ ਹਨ। ਵਾਸਤਵ ਵਿਚ ਇਹ ਸੋਚ ਅਤੇ ਇਸ ਨੂੰ ਅਸਲੀ ਰੂਪ ਦੇਣ ਦੇ ਯਤਨ ਜਿਥੇ ਪਰਵਾਸੀ ਪੰਜਾਬੀਆਂ ਨੂੰ ਕੈਨੇਡਾ ਵਿਚ ਨਵੀਂ ਚੇਤਨਾ ਪੈਦਾ ਕਰਨਗੇ ਉਥੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਕੈਨੇਡਾ ਵਿਚ ਸੁਰੱਖਿਅਤ ਰੱਖਣ ਵਿਚ ਵੀ ਸਹਾਈ ਹੋਣਗੇ।

ਡਾਕਟਰ ਐਸ ਪੀ ਸਿੰਘ, ਅੰਮ੍ਰਿਤਸਰ

'ਵਤਨ' ਦੇ ਪਤਝੜ ਅੰਕ (ਅਕਤੂਬਰ-ਦਸੰਬਰ) ਦੇ ਸੰਪਾਦਕੀ ਕਾਲਮ ਵਿਚ ਜੋ ਤੁਸੀਂ ਡਾਕਟਰ ਸਟੀਵਨਜ਼ ਦੀ ਅਲਟਰਾ ਸਾਊਂਡ ਤਕਨੀਕ ਬਾਰੇ ਅਤੇ ਸਾਡੇ ਸਮਾਜ ਵਿਚ ਹੋ ਰਹੇ ਕੁੜੀਆਂ ਤੇ ਮੁੰਡਿਆਂ ਦੇ ਵਿਤਕਰੇ ਬਾਰੇ ਲਿਖਿਆ ਹੈ, ਉਸ ਲਈ ਮੈਂ ਤੁਹਾਨੂੰ ਵਧਾਈ ਦਿੰਦੀ ਹਾਂ। ਮੈਂ ਇਹ ਭੀ ਆਸ ਰੱਖਦੀ ਹਾਂ ਕਿ ਸਾਡੀ ਕਮਿਊਨਿਟੀ ਵਿਚੋਂ ਮੇਰੇ ਹੋਰ ਵੀਰ ਭੀ ਆਪਣੀ ਕਲਮ ਰਾਹੀਂ, ਵਾਰਤਾਲਾਪ ਰਾਹੀਂ ਜਾਂ ਕਿਸੇ ਹੋਰ ਕਲਾ ਰਾਹੀਂ ਇਸ ਵਿਸ਼ੇ 'ਤੇ ਚਾਨਣਾ ਪਾਉਣਗੇ। ਇਕ ਔਰਤ ਹੋਣ ਦੇ ਨਾਤੇ ਤੇ ਔਰਤਾਂ ਦੀ ਜਥੇਬੰਦੀ ਇੰਡੀਆ ਮਹਿਲਾ ਐਸੋਸੀਏਸ਼ਨ ਵਿਚ ਕੰਮ ਕਰਨ ਦੇ ਨਾਤੇ, ਇਹ ਵਿਸ਼ਾ ਮੇਰੇ ਦਿਲ ਦੇ ਭੀ ਬਹੁਤ ਕਰੀਬ ਹੈ। ਭਾਵੇਂ ਮੈਂ ਟੀ. ਵੀ. 'ਤੇ ਜ਼ਰੂਰ ਆਪਣੇ ਤੇ ਆਪਣੀ ਜਥੇਬੰਦੀ ਦੇ ਵਿਚਾਰ ਸਾਂਝੇ ਕੀਤੇ ਸੀ, ਪਰ ਇਸ ਵਿਸ਼ੇ 'ਤੇ ਲਿਖਣ ਦੀ ਪ੍ਰੇਰਨਾ ਤਾਂ ਮੈਨੂੰ ਤੁਹਾਡੇ ਸੰਪਾਦਕੀ ਕਾਲਮ ਨੂੰ ਪੜ੍ਹਨ ਤੇ ਹੀ ਮਿਲੀ। ਸੋ ਆਪਣੇ ਦਿਲ ਦੀਆਂ ਸੱਚੀਆਂ ਭਾਵਨਾਵਾਂ ਨੂੰ ਲਿਖਤ ਦਾ ਰੂਪ ਦੇ ਕੇ ਤੁਹਾਡੇ ਸੱਭ ਨਾਲ ਸਾਂਝਾ ਕਰਨ ਦੇ ਪ੍ਰਯਤਨ ਵਿਚ ਮੈਂ ਆਪਣੇ ਵਿਚਾਰ ਇਸ ਵਿਸ਼ੇ ਤੇ ਤੁਹਾਨੂੰ ਭੇਜ ਰਹੀ ਹਾਂ।

ਬਲਿੰਦਰ ਜੋਹਲ

* ਭੈਣ ਬਲਿੰਦਰ ਜੋਹਲ ਜੀ ਸਾਨੂੰ ਅਫਸੋਸ ਹੈ ਕਿ ਇਹ ਲੇਖ ਲੰਬਾ ਹੋਣ ਕਰਕੇ ਅਤੇ ਸਾਡੇ ਕੋਲ ਦੇਰ ਨਾਲ ਪੁੱਜਣ ਕਰਕੇ ਅਸੀਂ ਇਸ ਨੂੰ ਇਸ ਅੰਕ ਵਿਚ ਸ਼ਾਮਲ ਕਰਨ ਤੋਂ ਅਸਮਰੱਥ ਰਹੇ ਹਾਂ। ਵਤਨ ਦੇ ਆਉਣ ਵਾਲੇ ਅੰਕਾਂ ਵਿਚ ਇਸ ਨੂੰ ਯੋਗ ਥਾਂ ਦਿੱਤੀ ਜਾਵੇਗੀ।-ਸੰਪਾਦਕ

ਅਕਤੂਬਰ - ਦਸੰਬਰ ਦਾ 'ਵਤਨ' ਮਿਲ ਗਿਆ ਸੀ। ਪਰਚਾ ਬਹੁਤ ਦਿਲਚਸਪ ਹੈ। ਇਹਦੀ ਉਡੀਕ ਰਹਿੰਦੀ ਹੈ। ... ਇਸ ਅੰਕ ਵਿਚ ਤੁਸੀਂ ਲੇਖਕਾਂ ਤੇ ਪਾਠਕਾਂ ਦੀਆਂ ਸਮੱਸਿਆਵਾਂ ਬਾਰੇ ਬੜਾ ਅਹਿਮ ਨੁਕਤਾ ਉਠਾਇਆ ਹੈ ਤੇ ਏਸ ਦੀ ਛਾਣ ਬੀਣ ਕਰਨ ਵੱਲ ਕਦਮ ਚੁੱਕਿਆ ਹੈ। ਮੈਂ ਏਸ ਸੰਬੰਧੀ ਸੰਖੇਪ ਵਿਚ ਏਥੇ ਕੁਝ ਕਹਿਣਾ ਚਾਹੁੰਦੀ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬੀ ਲੇਖਕ ਸਾਹਿਤ ਰਚਣ ਨੂੰ ਖ਼ੁਦ ਗੰਭੀਰਤਾ ਨਾਲ ਨਹੀਂ ਲੈਂਦੇ। ਬਹੁਤਿਆਂ ਦੀਆਂ ਲਿਖਤਾਂ ਤੋਂ ਸਾਫ਼ ਦਿਸਦਾ ਹੈ ਕਿ ਇਨ੍ਹਾਂ ਲਈ ਲਿਖਣਾ ਸਿਰਫ਼ ਸ਼ੁਗਲ-ਮੇਲਾ ਹੀ ਹੈ। ਸੋ ਜੇ ਇਹ ਆਪ ਹੀ ਸਾਹਿਤ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਤਾਂ ਪਾਠਕਾਂ ਤੋਂ ਅਸੀਂ ਗੰਭੀਰ ਪਾਠਕ ਹੋਣ ਦੀ ਉਮੀਦ ਕਿਵੇਂ ਕਰ ਸਕਦੇ ਹਾਂ? ਦੂਜੀ ਗੱਲ, ਪੰਜਾਬੀ ਕਲਚਰ ਵਿਚ ਸਾਹਿਤ ਪੜ੍ਹਣ ਦੀ ਰੁਚੀ ਲੋਕਾਂ ਵਿਚ ਬਹੁਤ ਘੱਟ ਹੈ। ਪਰ ਬਦਕਿਸਮਤੀ ਇਹ ਕਿ ਇਨ੍ਹਾਂ ਨੂੰ ਪੜ੍ਹਣ ਦਾ ਸ਼ੌਕ ਪਾਉਣ ਦਾ ਕੋਈ ਖਾਸ ਉੱਦਮ ਪ੍ਰਕਾਸ਼ਕਾਂ, ਐਡੀਟਰਾਂ ਤੇ ਲੇਖਕਾਂ ਵੱਲੋਂ ਕੀਤਾ ਵੀ ਨਹੀਂ ਜਾਂਦਾ। ਸੋ ਗੱਲ ਉੱਥੇ ਦੀ ਉੱਥੇ ਰਹਿੰਦੀ ਹੈ। ਮੇਰਾ ਇਥੇ ਇਕ ਸੁਝਾਅ ਇਹ ਹੈ ਕਿ ਤੁਸੀਂ 'ਵਤਨ' ਵਿਚ ਲੇਖਕਾਂ ਤੇ ਹੋਰ ਸਾਹਿਤਕ ਇਕੱਠਾਂ ਆਦਿ ਦੀਆਂ ਤਸਵੀਰਾਂ ਜ਼ਰੂਰ ਦੇਵੋ। ਤਸਵੀਰਾਂ ਨਾਲ ਪਰਚਾ ਦਿਲਚਸਪ ਬਣੇਗਾ ਜਿਸਨੂੰ ਹਰ ਕੋਈ ਪੰਜਾਬੀ (ਜਿਸਨੂੰ ਪੜ੍ਹਣ 'ਚ ਦਿਲਚਸਪੀ ਨਹੀਂ ਵੀ) ਪੜ੍ਹਣ ਵਲ ਪ੍ਰੇਰਿਤ ਹੋਏਗਾ। 'ਵਤਨ' 'ਚ ਸਥਾਪਿਤ ਕਾਲਮ ਲਿਖਣ ਵਾਲਿਆਂ ਦੀਆਂ ਤਸਵੀਰਾਂ ਹੋਣੀਆਂ ਜ਼ਰੂਰੀ ਹਨ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬੀ ਪਰਚੇ ਏਸ ਮਹੱਤਵਪੂਰਣ ਪੱਖ ਵਲੋਂ ਉੱਕਾ ਹੀ ਲਾਪ੍ਰਵਾਹ ਜਾਪਦੇ ਹਨ।

ਸ਼ਸ਼ੀ ਸਮੁੰਦਰਾ, ਕੈਲੇਫੋਰਨੀਆਂ

'ਵਤਨ' ਦੀ ਸੰਪਾਦਕੀ ਵਿਚ ਡਾਕਟਰ ਜੋਹਨ ਸਟੀਫ਼ਨਜ਼ ਦੇ ਕਿੱਤੇ ਬਾਰੇ ਉਠਾਏ ਸਵਾਲ ਆਪਣੀ ਕਮਿਊਨਿਟੀ ਲਈ ਬਹੁਤ ਮਹੱਤਵਪੂਰਣ ਹਨ। ਭਾਵੇਂ ਇਹ ਮਸਲਾ ਹੁਣ ਕੁਝ ਠੰਡਾ ਹੋ ਗਿਆ ਜਾਪਦਾ ਹੈ ਫਿਰ ਵੀ ਆਪਣੀ ਕਮਿਊਨਿਟੀ ਦੇ ਕੁਝ ਕੁ ਲੋਕਾਂ ਵਲੋਂ ਡਾਕਟਰ ਸਟੀਫ਼ਨਜ਼ ਦੀ ਨਖੇਧੀ ਤੋਂ ਇਲਾਵਾ ਕੋਈ ਐਸਾ ਹੋਰ ਕਦਮ ਨਹੀਂ ਉਠਾਇਆ ਗਿਆ ਜਿਸ ਨਾਲ਼ ਕਮਿਊਨਿਟੀ ਦੇ ਦਿਲਾਂ ਵਿਚ ਸਦੀਆਂ ਤੋਂ ਵਸੇ ਹੋਏ ਔਰਤ ਮਰਦ ਦੇ ਵਖਰੇਵੇਂ ਦੇ ਗਲਤ ਖਿਆਲ ਨੂੰ ਹਮੇਸ਼ਾਂ ਲਈ ਜੜ੍ਹਾਂ ਤੋਂ ਵੱਢਿਆ ਜਾ ਸਕੇ।

ਸੰਪਾਦਕੀ ਵਿਚ ਉਠਾਏ ਦੂਸਰੇ ਨੁਕਤੇ ਬਾਰੇ ਮੇਰਾ ਆਪਣਾ ਵਿਚਾਰ ਹੈ ਕਿ ਪੰਜਾਬੀ ਸਾਹਿਤ ਦੀ ਪੜ੍ਹਣ ਦੀ ਔਖਿਆਈ (ਜਾਂ ਸੌਖਿਆਈ) ਬਾਕੀ ਭਾਸ਼ਾਵਾਂ ਦੇ ਸਾਹਿਤ ਵਾਂਗ ਹੀ ਹੈ। ਫਰਕ ਸਿਰਫ ਏਨਾਂ ਹੈ ਕਿ ਪੰਜਾਬੀ ਸਾਹਿਤ ਕਾਫੀ ਸਮੇਂ ਤੋਂ ਕੁਝ ਚੋਣਵੇਂ ਬੁਧੀਜੀਵੀ ਜਾਂ ਪੜ੍ਹੇ ਲਿਖੇ ਲੋਕਾਂ ਤੱਕ ਹੀ ਸੀਮਤ ਸੀ। ਪਰ ਹੁਣ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਭਾਸ਼ਾ ਦੇ ਫੈਲਾਅ ਨਾਲ ਆਮ ਲੋਕਾਂ (ਜਿਨ੍ਹਾਂ ਵਿਚ ਮੈਂ ਵੀ ਇਕ ਹਾਂ) ਨੂੰ ਪੰਜਾਬੀ ਸਾਹਿਤ ਪੜ੍ਹਣ ਦਾ ਮੌਕਾ ਮਿਲਿਆ। ਹਾਂ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਜ਼ਰੂਰ ਹੀ ਪੰਜਾਬੀ ਸਾਹਿਤ ਔਖਾ ਲੱਗਦਾ ਹੈ। ਮੇਰੇ ਖਿਆਲ ਵਿਚ ਕੁਝ ਹੱਦ ਤੱਕ ਇਸ ਸਮੱਸਿਆ ਦਾ ਹੱਲ (ਭਾਵ ਲੋਕਾਂ ਦੇ ਪੜ੍ਹਣ ਦਾ ਪੱਧਰ ਉੱਚਾ ਕਰਨਾ) ਵਕਤ ਦੇ ਨਾਲ ਨਾਲ ਹੋ ਜਾਵੇਗਾ। ਪਰ ਪੰਜਾਬੀ ਪਾਠਕਾਂ ਦੀ ਵੱਧ ਰਹੀ ਗਿਣਤੀ ਨੂੰ ਬਣਾਈ ਰੱਖਣ ਲਈ ਪੰਜਾਬੀ ਲੇਖਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਲਿਖਤਾਂ ਦੇ ਵਿਸ਼ਿਆਂ ਦੇ ਖੇਤਰਾਂ ਵਿੱਚ ਵੀ ਵਾਧਾ ਕਰਨ।

'ਵਤਨ' ਪੜ੍ਹਣ ਦਾ ਨਿੱਘ ਐਡਮੰਟਨ ਵਿਚ ਪੈ ਰਹੀ ਕੜਾਕੇ ਦੀ ਸਰਦੀ ਨੂੰ ਭੁਲਾਉਣ ਵਿਚ ਕਾਫੀ ਸਹਾਈ ਹੋ ਰਿਹਾ ਹੈ।

ਵਰਿੰਦਰ ਅਟਵਾਲ, ਐਡਮੰਟਨ

ਮੈਂ 'ਵਤਨ' ਲਈ ਨਵੇਂ ਸਾਲ 'ਚ ਖੂਬ ਉਨਤੀ ਕਰਨ ਲਈ ਦੁਆ ਕਰਦਾ ਹਾਂ। ਪਿਛਲਾ 'ਵਤਨ' ਮਿਲ ਚੁੱਕਾ ਹੈ। ਨਵੀਆਂ ਰਚਨਾਵਾਂ, ਨਵੀਆਂ ਗੱਲਾਂ ਮਨ ਨੂੰ ਤਸੱਲੀ ਦਿੰਦੀਆਂ ਨੇ ਕਿ 'ਵਤਨ' ਉੱਚ ਕੋਟੀ ਦਾ ਸਾਹਿਤਕ ਤੇ ਸਭਿਆਚਾਰਕ ਰਸਾਲਾ ਹੈ ਤੇ ਇਸੇ ਤਰ੍ਹਾਂ ਹੀ ਤਰੱਕੀ ਕਰਦਾ ਰਹੇਗਾ।

ਸੰਗਤਾਰ, ਵੈਨਕੂਵਰ

"ਸਾਰੇ ਫੁੱਲ ਖਿੜਨ ਤੇ ਮਹਿਕਣ"

'ਵਤਨ' ਅਕਤੂਬਰ-ਦਸੰਬਰ ਦਾ ਅੰਕ ਪੜ੍ਹਨ ਵਾਸਤੇ ਜੱਸ ਜੀ ਤੋਂ ਮਿਲਿਆ। ਟਾਈਟਲ ਸਫੇ ਤੇ ਮਲਵੇ ਦੇ ਢੇਰ ਵਿਚ ਬਦਲ ਰਹੀ ਸਭਿਅਤਾ ਦਿਮਾਗ ਵਿਚ, ਵਿਸ਼ਵ ਕਿਸ ਤੇਜ਼ੀ ਨਾਲ ਤਬਾਹੀ ਵੱਲ ਵੱਧ ਰਿਹਾ ਹੈ, ਬਾਰੇ ਅਚੇਤ ਤੌਰ ਤੇ ਪ੍ਰਸ਼ਨ ਖੜ੍ਹਾ ਕਰਦੀ ਹੈ। ਮੰਗਾ ਬਾਸੀ ਦੀ ਕਵਿਤਾ 'ਚਾਨਣ ਤੇ ਹਨੇਰਾ' ਅਤੇ ਅਮਰੀਕ ਪਲਾਹੀ ਦੀ ਗ਼ਜ਼ਲ ਕਵਿਤਾ ਭਾਗ ਵਿਚ ਵਿਸ਼ੇਸ਼ ਉਭਰਦੀਆਂ ਹਨ। ਸੁਖਵੰਤ ਹੁੰਦਲ ਦਾ ਲੇਖ ਇਸ ਵਾਰ ਵੀ ਵਧੀਆ ਤੇ ਜਾਣਕਾਰੀ ਭਰਪੂਰ ਹੈ। ਅਮਨਪਾਲ ਸਾਰਾ ਦੀ ਕਹਾਣੀ 'ਮਾਰਗਰੀਤਾ' ਦਾ ਮਨੋ ਵਿਗਿਆਨਕ ਪੱਖ ਜ਼ਿਆਦਾ ਉਜਾਗਰ ਹੁੰਦਾ ਹੈ। ਕਿਸੇ ਪਾਤਰ ਨੂੰ ਮਿਲਣਾ, ਗਲਬਾਤ ਕਰਨੀ, ਤੇ ਉਸ ਦੀ ਮਾਨਸਕ ਹਾਲਤ ਨੂੰ ਪੂਰਾ ਜਾਣ ਲੈਣਾ ਬਗ ਮਹੱਤਵਪੂਰਨ ਹੁੰਦਾ ਹੈ। ਅਮਨਪਾਲ ਜੀ ਉਸ ਤੋਂ ਵੀ ਅੱਗੇ ਗਏ ਹਨ। ਉਨ੍ਹਾਂ ਨੇ ਮਾਰਗਰੀਤਾ ਦੀ ਮਾਨਸਿਕ ਅੰਸਤੁਸ਼ਟੀ ਨੂੰ ਜੋ ਕਿ ਰਿਸ਼ਤਿਆਂ ਵਿਚ ਤਰੇੜ ਵਜੋਂ ਪੈਦਾ ਹੋਈ ਹੈ ਨੂੰ ਵਿਸਥਾਰ ਸਹਿਤ ਲਿਖਿਆ ਹੈ। ਕਿਸੇ ਵੀ ਵਿਅਕਤੀ ਲਈ ਉਸ ਜ਼ੁਲਮ ਤੋਂ ਵੱਧ ਸਹਿਣ ਕਰਨਯੋਗ ਹੋਰ ਕੁਝ ਨਹੀਂ ਹੁੰਦਾ ਜਦੋਂ ਉਸ ਦੇ ਬੱਚਿਆਂ ਦਾ ਪ੍ਰਵਾਰ ਪ੍ਰਤੀ ਲਗਾਅ ਮਾਰਗਰੀਤਾ ਦੇ ਬੱਚਿਆਂ ਵਰਗਾ ਹੁੰਦਾ ਹੈ। ਅਮਨਪਾਲ ਜੀ ਵਧਾਈ ਦੇ ਪਾਤਰ ਹਨ।

ਕਮਲ ਦੇਵ ਪਾਲ ਹੁਸ਼ਿਆਰਪੁਰ

# ਸਰਗਰਮੀਆਂ

**ਰਿਚਮੰਡ, 3 ਸਤੰਬਰ:** ਵੈਨਕੂਵਰ ਸੱਥ ਵਲੋਂ ਪੰਜਾਬ ਤੋਂ ਆਏ ਹੋਏ ਵਿਦਵਾਨ ਡਾਕਟਰ ਰਘਬੀਰ ਸਿੰਘ "ਸਿਰਜਣਾ" ਅਤੇ ਮਸ਼ਹੂਰ ਫੋਟੋਗਰਾਫਰ ਜਨਮੇਜਾ ਸਿੰਘ ਜੌਹਲ ਦੇ ਸਨਮਾਨ ਵਿਚ ਇਕ ਇਕੱਤਰਤਾ ਕੀਤੀ ਗਈ। ਮੀਟਿੰਗ ਦੇ ਸਕੱਤਰ ਸੁਖਵੰਤ ਹੁੰਦਲ ਨੇ ਆਏ ਮਹਿਮਾਨਾਂ ਬਾਰੇ ਜਾਣਕਾਰੀ ਦਿੱਤੀ। ਡਾਕਟਰ ਰਘਬੀਰ ਸਿੰਘ ਨੇ ਪੰਜਾਬ ਦੀ ਮੌਜੂਦਾ ਸਥਿਤੀ ਦੌਰਾਨ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਦੀਆਂ ਸਮੱਸਿਆਵਾਂ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਰੌਸ਼ਨੀ ਪਾਈ। ਉਹਨਾਂ ਨੇ ਦੱਸਿਆ ਕਿ ਮੌਜੂਦਾ ਸਥਿਤੀ ਵਿਚ ਵੀ ਪੰਜਾਬੀ ਬੋਲੀ ਤੇ ਸਾਹਿਤ ਤਰੱਕੀ ਵੱਲ ਵੱਧਦੇ ਦੇਖੇ ਜਾ ਸਕਦੇ ਹਨ। ਵਿਦੇਸ਼ਾਂ ਵਿਚ ਹੋ ਰਹੀਆਂ ਸਾਹਿਤਕ ਸਰਗਰਮੀਆਂ ਤੋਂ ਵੀ ਉਹਨਾਂ ਨੇ ਆਸ ਪ੍ਰਗਟ ਕੀਤੀ ਕਿ ਭਵਿੱਖ ਵਿਚ ਪੰਜਾਬੀ ਸਾਹਿਤ ਲਈ ਚੰਗੇ ਹੀ ਨਤੀਜੇ ਨਿਕਲਣਗੇ।

ਇਸ ਇਕੱਤਰਤਾ ਦੌਰਾਨ ਹਾਲ ਦੀਆਂ ਕੰਧਾਂ ਤੇ ਜਨਮੇਜਾ ਸਿੰਘ ਜੌਹਲ ਦੀਆਂ ਖਿੱਚੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਗਈ ਸੀ ਜੋ ਸਰੋਤਿਆਂ ਨੂੰ ਪੰਜਾਬ ਨਾਲ ਤੇ ਪੰਜਾਬ ਦੇ ਮੌਜੂਦਾ ਤੇ ਬੀਤ ਚੁੱਕੇ ਸਭਿਆਚਾਰ ਨਾਲ ਜੋੜ ਰਹੀਆਂ ਸਨ। ਜੌਹਲ ਜੀ ਨੇ ਪੰਜਾਬ ਦੇ ਸਭਿਆਚਾਰ ਨੂੰ ਆਪਣੀਆਂ ਤਸਵੀਰਾਂ ਵਿਚ ਸਾਂਭਣ ਦੀ ਅਤੇ ਇਸ ਸੰਬੰਧੀ ਆਪਣੀਆਂ ਤੇ ਹੋਰ ਲੋਕਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਕੀਤਾ। ਉਹਨਾਂ ਨੇ ਇਸ ਸਬੰਧੀ 100 ਦੇ ਕਰੀਬ ਸਲਾਈਡਾਂ ਵੀ ਦਿਖਾਈਆਂ।

**ਸਾਨਫਰਾਂਸਿਸਕੋ, ਨਵੰਬਰ 18, 1990:** ਸੁਤੰਤਰਤਾ ਸੰਗਰਾਮ ਦੇ ਪੁਰਾਣੇ ਘੁਲਾਟੀਏ ਸੂਰਜ ਪ੍ਰਕਾਸ਼ ਆਨੰਦ ਦੀ ਪ੍ਰੇਰਨਾ ਸਦਕਾ ਅਤੇ ਵੱਖ ਵੱਖ ਸੰਸਥਾਵਾਂ - ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਆਫ਼ ਕੈਲੇਫੋਰਨੀਆਂ, ਐਂਟੀ-47 ਫਰੰਟ, ਸਾਊਥ ਏਸ਼ੀਅਨਜ਼ ਫਾਰ ਕੁਲੈਕਟਿਵ ਐਕਸ਼ਨ ਅਤੇ ਪਾਕਿਸਤਾਨ-ਇੰਡੀਆ ਫਰੈਂਡਸ਼ਿਪ ਸੁਸਾਇਟੀ - ਦੇ ਉਦਮ ਨਾਲ 18 ਨਵੰਬਰ 1990 ਨੂੰ ਗ਼ਦਰ ਮੈਮੋਰੀਅਲ ਭਵਨ ਸਾਨ-ਫਰਾਂਸਿਸਕੋ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਗ਼ਦਰੀ ਸ਼ਹੀਦਾਂ ਦੀ 75ਵੀਂ ਵਰ੍ਹੇ ਗੰਢ ਮਨਾਈ ਗਈ। ਅਸਲ ਵਿਚ ਪ੍ਰੋਗਰਾਮ ਦੀ ਤਿਆਰੀ ਤਾਂ 17 ਨਵੰਬਰ ਨੂੰ ਹੀ ਹੋ ਗਈ ਸੀ ਜਦੋਂ ਗ਼ਦਰ ਯਾਦਗਾਰੀ ਹਾਲ ਵਿਚ ਗ਼ਦਰੀ ਸ਼ਹੀਦਾਂ ਦੇ ਕਲਾ-ਚਿਤਰ ਲਗਾਏ ਗਏ ਜੋ ਕਿ 'ਕੈਲਾਸ਼ ਫਾਊਂਡੇਸ਼ਨ ਆਫ਼ ਕਲਕੱਤਾ' ਵਲੋਂ ਇਸ ਖਾਸ ਅਵਸਰ ਲਈ ਭੇਜੇ ਗਏ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਸ੍ਰੀ ਰਵੀ ਆਨੰਦ ਵਲੋਂ ਆਏ ਲੋਕਾਂ ਨੂੰ ਜੀ ਆਇਆਂ ਕਹਿਣ ਨਾਲ ਹੋਈ। ਇਸ ਤੋਂ ਬਾਅਦ "ਗ਼ਦਰ ਦੀ ਗੂੰਜ" (ਅੰਕ ਨੰਬਰ 2, 1916) ਵਿਚ ਛਪੀ ਇਕ ਗੁੰਮਨਾਮ ਗ਼ਦਰੀ ਕਵੀ ਦੀ ਰਚਨਾ ਨੂੰ ਸਮੂਹ-ਗਾਣ ਦੇ ਰੂਪ ਵਿਚ ਪੇਸ਼ ਕੀਤਾ ਗਿਆ ਜਿਸ ਵਿਚ ਜੁਗਿੰਦਰ ਰੰਧਾਵਾ, ਕੁਲਵੰਤ ਬਰਾੜ, ਮਹਿੰਦਰ ਗਿੱਲ ਅਤੇ ਸੁਰਿੰਦਰ ਪਰਮਾਰ ਨੇ ਭਾਗ ਲਿਆ।

ਇਸ ਤੋਂ ਉਪਰੰਤ ਗ਼ਦਰ ਲਹਿਰ 'ਤੇ ਵਿਚਾਰ -ਵਟਾਂਦਰਾ ਕਰਨ ਲਈ ਇਕ ਪੈਨਲ-ਡਿਸਕਸ਼ਨ ਹੋਈ ਜਿਸ ਵਿਚ ਸਰਵ ਸ੍ਰੀ ਵੇਦ ਵਾਟੁੱਕ, ਹਰੀਸ਼ ਪੁਰੀ, ਇਲੀਅਟ ਪੋਰਟਰ ਅਤੇ ਸ੍ਰੀ ਮਤੀ ਜੇਨ ਸਿੰਘ ਨੇ ਭਾਗ ਲਿਆ। ਜੇਨ ਸਿੰਘ ਜੋ ਕ ਯੂਨੀਵਰਸਿਟੀ ਆਫ਼ ਕੈਲੇਫੋਰਨੀਆਂ ਵਿਚ 'ਸਾਊਥ ਏਸ਼ੀਅਨ ਸਟੱਡੀਜ਼' ਬਾਰੇ ਪ੍ਰੋਗਰਾਮ ਦੇ ਆਊਟਰੀਚ ਕੋ-ਆਰਡੀਨੇਟਰ ਹਨ, ਨੇ ਗ਼ਦਰੀਆਂ ਵਲੋਂ ਆਪਣੀ ਹੋਂਦ ਅਤੇ ਆਜ਼ਾਦੀ ਲਈ ਲੜੇ ਗਏ ਸੰਘਰਸ਼ ਅਤੇ ਉਨ੍ਹਾਂ ਵਲੋਂ ਰਚੇ ਗਏ ਸਾਹਿਤ ਦਾ ਦਿਲ ਟੁੰਬਵਾਂ ਬਿਉਰਾ ਦਿੱਤਾ।

ਇਲੀਅਟ ਪੋਰਟਰ ਨੇ ਪ੍ਰਤੱਖ ਰੂਪ ਵਿਚ ਦੱਸਿਆ ਕਿ ਕਿਵੇਂ ਗ਼ਦਰ ਲਹਿਰ ਦੇ ਸ਼ੁਰੂ ਦੇ ਦਿਨਾਂ ਵਿਚ ਹੀ ਇਸ ਲਹਿਰ ਨੂੰ ਹਰ ਤਰ੍ਹਾਂ ਨਾਲ ਕੁਚਲਣ ਲਈ ਉਸ ਸਮੇਂ ਦੀ ਹਿੰਦੁਸਤਾਨੀ ਬਰਤਾਨਵੀ ਹਕੂਮਤ ਵਲੋਂ ਜਾਸੂਸੀ ਦਾ ਤੰਦੂਆ ਜਾਲ ਵਿਛਾਇਆ ਹੋਇਆ ਸੀ। ਇਸ ਤੋਂ ਬਆਦ ਗ਼ਦਰ ਲਹਿਰ ਨੂੰ ਪਰਣਾਏ ਹੋਏ - ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਦੇ ਉੱਘੇ ਪ੍ਰੋਫੈਸਰ ਹਰੀਸ਼ ਪੁਰੀ ਨੇ ਉਹਨਾਂ ਗਰੀਬ ਕਿਸਾਨਾਂ (ਗ਼ਦਰੀ) ਦੇ ਦੁੱਖਾਂ ਦੀ ਦਾਸਤਾਨ ਦੱਸੀ ਜਿਸਨੇ ਸਧਾਰਣ ਵਿਅਕਤੀਆਂ ਨੂੰ ਸ਼ਹਾਦਤਾਂ ਦੇਣ ਲਈ ਪ੍ਰੇਰਿਆ ਅਤੇ ਲੋਕਾਂ ਦੇ ਨਾਇਕ ਬਣਾਇਆ।

ਇਸ ਤੋਂ ਬਾਅਦ ਲੋਕ-ਕਵੀ ਵੇਦ ਪ੍ਰਕਾਸ਼ ਵਾਟੁੱਕ ਜੋ ਕਿ ਇਸ ਪੈਨਲ ਡਿਸਕਸ਼ਨ ਦੇ ਸੰਚਾਲਕ ਸਨ, ਨੇ ਆਏ ਹੋਏ ਲੋਕਾਂ ਨੂੰ ਯਾਦ ਦੁਆਇਆ ਕਿ ਸ਼ਹੀਦਾਂ ਦੇ ਸੁਪਨੇ ਅਜੇ ਅਧੂਰੇ ਹਨ। ਉਨ੍ਹਾਂ ਕਿਹਾ ਕਿ ਹਿੰਦੁਸਤਾਨੀ ਲੋਕਾਂ ਵਲੋਂ ਥਾਂ ਥਾਂ ਤੇ ਕੀਤੇ ਜਾ ਰਹੇ ਰੋਸ ਮੁਜ਼ਾਹਰਿਆਂ ਨੂੰ ਦੇਖ ਕੇ ਲੱਗਦਾ ਹੈ ਕਿ ਅਸੀਂ ਅਜੇ ਤੱਕ ਰਾਜਨੀਤਕ, ਆਰਥਿਕ ਅਤੇ ਸਮਾਜਿਕ ਆਜ਼ਾਦੀ ਹਾਸਲ ਨਹੀਂ ਕਰ ਸਕੇ।

ਇਸ ਤੋਂ ਉਪਰੰਤ ਕਾਮਾਗਾਟਾ ਮਾਰੂ ਜਹਾਜ਼ ਨਾਲ ਸੰਬੰਧਤ ਇਕ ਸਲਾਈਡ ਸ਼ੋਅ ਪੇਸ਼ ਕੀਤਾ ਗਿਆ ਜਿਸ ਵਿਚ ਅੰਗਰੇਜ਼ੀ ਅਤੇ ਪੰਜਾਬੀ ਵਿਚ ਕੁਮੈਂਟਰੀ ਜੁਗਿੰਦਰ ਰੰਧਾਵਾ ਅਤੇ ਹਰਜਿੰਦਰ ਗਿੱਲ ਨੇ ਪੇਸ਼ ਕੀਤੀ।

ਇਸ ਸਾਰੇ ਪ੍ਰੋਗਰਾਮ ਦੌਰਾਨ ਜੁਗਿੰਦਰ ਰੰਧਾਵਾ ਵਲੋਂ ਹਿੰਦੀ, ਉਰਦੂ ਅਤੇ ਪੰਜਾਬੀ ਵਿਚ ਗ਼ਦਰ ਲਹਿਰ ਨਾਲ ਸੰਬੰਧਤ ਗੀਤ ਪੇਸ਼ ਕੀਤੇ ਗਏ। ਸੁਖਵਿੰਦਰ ਕੰਬੋਜ ਨੇ ਵੀ ਇਕ ਦਿਲ-ਟੁੰਬਵੀ ਕਵਿਤਾ ਸੁਣਾਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਅਮਰੀਕ ਸਿੰਘ ਨੇ ਨਿਭਾਈ। ਸਟੇਜ ਦੀਆਂ ਜ਼ਿੰਮੇਵਾਰੀਆਂ (ਜਿਵੇਂ ਕਿ ਆਵਾਜ਼, ਰੌਸ਼ਨੀ ਆਦਿ) ਮੁਹਿੰਦਰ ਸਿੰਘ ਗਿੱਲ ਵਲੋਂ ਨਿਭਾਈਆਂ ਗਈਆਂ। ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿਚ ਤਰਲੋਕ ਸਿੰਘ ਜੌਹਲ, ਅਮਰੀਕ ਖਡਾਲੀਆ, ਅਤੇ ਡਾ: ਵੇਦ ਵਾਟੁੱਕ ਨੇ ਅਹਿਮ ਰੋਲ ਅਦਾ ਕੀਤਾ।

ਜੁਗਿੰਦਰ ਰੰਧਾਵਾ, ਸਤਵੰਤ ਦੀਪਕ, ਐਡਮੰਟਨ

**ਵੈਨਕੂਵਰ, ਦਸੰਬਰ 9, 1990:** ਸਮਾਨਤਾ ਵਲੋਂ ਭਾਰਤੀ ਔਰਤਾਂ ਉੱਤੇ ਹੁੰਦੇ ਘਰੇਲੂ ਤਸ਼ੱਦਦ ਦੀ ਸਮੱਸਿਆ ਦੀ ਰੋਕਥਾਮ ਲਈ ਹੋਰਨਾ ਅਦਾਰਿਆਂ ਨਾਲ ਮਿਲਵਰਤਣ ਕਰਨ ਲਈ ਇਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਵੈਨਕੂਵਰ ਮਲਟੀਕਲਚਰਲ ਹੈਲਥ ਐਜੂਕੇਸ਼ਨ ਵਿਭਾਗ ਦੀ ਪ੍ਰਤੀਨਿਧ ਗੁਨਿੰਦਰ ਮਮਿੱਕ, ਕਬੀਰ ਐਸੋਸੀਏਸ਼ਨ ਆਫ ਕੈਨੇਡਾ ਦੇ ਪ੍ਰਧਾਨ ਅਤੇ ਫੈਮਲੀ ਡਾਕਟਰ ਜੇ. ਦਾਸ ਅਤੇ ਪੰਜਾਬੀ ਲੇਖਕ ਸਾਧੂ ਨੇ ਭਾਗ ਲਿਆ।

ਸਮਾਨਤਾ ਵਲੋਂ ਬੋਲਦਿਆਂ ਸੁਰਜੀਤ ਕਲਸੀ ਨੇ ਕਿਹਾ ਕਿ ਸਾਡੀ ਕਮਿਊਨਟੀ ਵਿਚ ਇਹ ਸੱਮਸਿਆ ਘਟਣ ਦੀ ਥਾਂ ਵਧੀ ਹੈ। ਡਾ: ਸਟੀਫਨਜ਼ ਵਲੋਂ ਗਰਭ ਵਿਚ ਮੁੰਡਾ ਜਾਂ ਕੁੜੀ ਦਾ ਪਹਿਲਾਂ ਹੀ ਪਤਾ ਦੱਸਣ ਬਾਰੇ ਸਕੇਨ ਟੈਸਟਿੰਗ ਬਾਰੇ ਭਾਰਤੀ ਕਮਿਊਨਟੀ ਵਿਚ ਪ੍ਰਚਾਰ ਕਰਨ ਬਾਰੇ ਬੋਲਦਿਆਂ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਅਪਮਾਨ ਹੈ।

ਗੁਨਿੰਦਰ ਮਮਿੱਕ ਨੇ ਕਿਹਾ ਡਾ: ਸਟੀਫਨਜ਼ ਬਾਰੇ ਬੋਲਦਿਆਂ ਕਿਹਾ ਕਿ ਸੱਭ ਤੋਂ ਪਹਿਲਾਂ ਔਰਤਾਂ ਨੂੰ ਔਰਤ ਜ਼ਾਤੀ ਦਾ ਸਤਿਕਾਰ ਕਰਨਾ ਆਉਣਾ ਚਾਹੀਦਾ ਹੈ ਅਤੇ ਉਹ ਅਜਿਹੇ ਗਰਭਪਾਤ ਕਰਵਾਉਣ ਤੋਂ ਸਾਫ ਇਨਕਾਰ ਕਰਨ ਜਿਨ੍ਹਾਂ ਦਾ ਮਕਸਦ ਸਿਰਫ ਗਰਭਪਾਤ ਰਾਹੀਂ ਅਣਜੰਮੀ ਕੁੜੀ ਨੂੰ ਮਾਰਨਾ ਹੋਵੇ।

ਡਾ: ਦਾਸ ਨੇ ਮੀਟਿੰਗ ਵਿਚ ਬੋਲਦਿਆਂ ਕਿਹਾ ਕਿ ਹਰ ਮਰਦ ਨੂੰ ਔਰਤ ਉੱਤੇ ਹੱਥ ਚੁੱਕਣ ਲੱਗਿਆਂ ਹੱਥ ਰੋਕ ਕੇ ਦੋ ਵਾਰ ਸੋਚਣਾ ਚਾਹੀਦਾ ਹੈ ਕਿ ਉਹਦੀ ਆਤਮਾ ਐਨੀ ਹੀ ਮਰ ਚੁੱਕੀ ਹੈ ਕਿ ਉਹ ਆਪਣੀ ਬੀਵੀ ਤੇ ਘੋਰ ਜ਼ੁਲਮ ਢਾਹੁਣ ਲੱਗਾ ਹੈ।

ਪੰਜਾਬੀ ਲੇਖਕ ਸਾਧੂ ਨੇ ਕਿਹਾ ਕਿ ਔਰਤਾਂ ਦੀ ਸਮੱਸਿਆ ਦੇ ਦੋ ਪਹਿਲੂ ਹਨ: ਇਕ ਘਰਾਂ ਵਿਚ ਔਰਤਾਂ ਨਾਲ ਹੁੰਦਾ ਤਸ਼ੱਦਦ ਅਤੇ ਦੂਸਰਾ ਬਾਹਰ ਸਮਾਜ ਵਿਚ ਹੁੰਦਾ ਵਿਤਕਰਾ ਜਿਵੇਂ ਫਿਲਮਾਂ, ਟੀ.ਵੀ. ਸਮਾਜਿਕ ਵਰਤਾਰਾ ਆਦਿ ਇਹੀ ਸੁਨੇਹਾ ਦਿੰਦੇ ਹਨ ਕਿ ਔਰਤਾਂ ਨਾਲ ਹੁੰਦਾ ਵਿਤਕਰਾ ਤੇ ਤਸ਼ੱਦਦ ਆਮ ਜਿਹੀ ਗੱਲ ਹੈ। (ਸਮਾਨਤਾ ਵਲੋਂ ਭੇਜੀ ਰੀਪੋਰਟ ਦਾ ਸੰਖੇਪ)

**ਰਿਚਮੰਡ, 16 ਦਸੰਬਰ 1990:** ਵੈਨਕੂਵਰ ਸੱਥ ਵਲੋਂ ਬ੍ਰਿਟੇਨ ਵਿਚ ਬਣੀਆਂ ਚਾਰ ਏਸ਼ੀਅਨ ਫਿਲਮਾ ਦਿਖਾਉਣ ਦਾ ਪ੍ਰਬੰਧ ਕੀਤਾ ਗਿਆ। ਇਹ ਚਾਰ ਫਿਲਮਾ ਸਨ: ਮੁਹੰਮਦਜ਼ ਡਾਟਰ (ਡਾਇਰੈਕਟਰ ਸੂਰੀ ਕ੍ਰਿਸ਼ਨਮਾ), ਆਈ ਐਮ ਬ੍ਰਿਟਿਸ਼ ਵੱਟ..

(ਡਾਇਰੈਕਟਰ ਗੁਰਿੰਦਰ ਚੱਡਾ), ਏ ਨਾਈਸ ਅਰੇਂਜਮੇਂਟ (ਡਾਇਰੈਕਟਰ ਗੁਰਿੰਦਰ ਚੱਡਾ), ਅਤੇ ਮਿਲਾਪ (ਇੰਗਲੈਂਡ ਵਿਚ ਬਜ਼ੁਰਗਾਂ ਦੇ ਸੈਂਟਰ ਮਿਲਾਪ ਵਲੋਂ ਤਿਆਰ ਕੀਤੀ ਹੋਈ)। ਇਹ ਫਿਲਮਾਂ ਡਾਇਰੈਕਟਰ ਗੁਰਿੰਦਰ ਚੱਡਾ ਆਪਣੀ ਵੈਨਕੂਵਰ ਦੀ ਫੇਰੀ ਦੌਰਾਨ ਨਾਲ ਲੈ ਕੇ ਆਏ ਸਨ। ਫਿਲਮਾਂ ਦਿਖਾਉਣ ਤੋਂ ਪਹਿਲਾਂ ਡਾਇਰੈਕਟਰ ਗੁਰਿੰਦਰ ਚੱਡਾ ਨੇ ਬ੍ਰਿਟੇਨ ਵਿਚ ਬਲੈਕ ਲੋਕਾਂ ਵਲੋਂ ਬਣਾਈਆਂ ਜਾ ਰਹੀਆਂ ਫਿਲਮਾਂ ਬਾਰੇ ਗੱਲਬਾਤ ਕੀਤੀ। ਫਿਲਮਾਂ ਦੇਖਣ ਤੋਂ ਬਾਅਦ ਬਹੁਤ ਦਿਲਚਸਮ ਵਿਚਾਰ ਵਟਾਂਦਰਾ ਹੋਇਆ। ਇਸ ਵਿਚਾਰ ਵਟਾਂਦਰੇ ਦਾ ਕੇਂਦਰੀ ਵਿਸ਼ਾ ਇਹ ਸੀ ਕਿ ਘੱਟ ਗਿਣਤੀਆਂ ਦੇ ਲੋਕਾਂ ਨੂੰ ਜਿੱਥੇ ਪਾਪੂਲਰ ਮੀਡੀਏ ਤੇ ਆਲੋਚਨਾਤਮਕ ਨਜ਼ਰ ਰੱਖਣੀ ਚਾਹੀਦੀ ਹੈ ਉੱਥੇ ਇਸਦੇ ਨਾਲ ਨਾਲ ਇਸ ਮੀਡੀਏ ਤੇ ਅਸਰਅੰਦਾਜ਼ ਹੋਣ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਇਹਨਾ ਫਿਲਮਾਂ ਨੂੰ ਦੇਖਣ ਲਈ 50 ਦੇ ਕਰੀਬ ਦਰਸ਼ਕ ਇਕੱਠੇ ਹੋਏ। ਖੁਸ਼ੀ ਦੀ ਗੱਲ ਇਹ ਸੀ ਕਿ ਇਹਨਾ ਦਰਸ਼ਕਾਂ ਵਿਚ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਲੋਕ ਸ਼ਾਮਲ ਸਨ।

## ਵਤਨ ਪੜ੍ਹਨਾ ਕਿਉਂ ਜ਼ਰੂਰੀ ਹੈ?

* ਵਤਨ ਹਿੰਦੁਸਤਾਨ ਤੋਂ ਬਾਹਰ ਨਿਕਲਦਾ ਇਕ ਅਜਿਹਾ ਪਰਚਾ ਹੈ ਜੋ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਗੰਭੀਰਤਾ ਨਾਲ ਪੇਸ਼ ਕਰਦਾ ਹੈ।
* ਵਤਨ ਵਿਚ ਹਿੰਦੁਸਤਾਨ ਤੋਂ ਬਾਹਰ ਵਸਦੇ ਪੰਜਾਬੀਆਂ ਦੇ ਜੀਵਨ ਬਾਰੇ ਕਹਾਣੀਆਂ, ਕਵਿਤਾਵਾਂ, ਲੇਖ, ਮੁਲਾਕਾਤਾਂ ਛਪਦੀਆਂ ਹਨ।
* ਵਤਨ ਵਿਚ ਦੁਨੀਆਂ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਜਾਣਕਾਰੀ ਭਰਪੂਰ ਅਤੇ ਗੰਭੀਰ ਪੜਚੋਲ ਕਰਨ ਵਾਲੀਆਂ ਲਿਖਤਾਂ ਛਪਦੀਆਂ ਹਨ।
* ਵਤਨ ਵਿਚ ਪੰਜਾਬੀ ਦੇ ਮਸ਼ਹੂਰ ਲੇਖਕਾਂ ਦੀਆਂ ਲਿਖਤਾਂ ਛਾਪੀਆਂ ਜਾਂਦੀਆਂ ਹਨ।
* ਵਤਨ ਵਿਚ ਪੰਜਾਬੀ ਦੇ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਨ ਲਈ ਉਹਨਾ ਦੀਆਂ ਲਿਖਤਾਂ ਨੂੰ ਵੀ ਵਿਸ਼ੇਸ਼ ਥਾਂ ਦਿੱਤੀ ਜਾਂਦੀ ਹੈ।
* ਵਤਨ ਦੀ ਪ੍ਰਫੁਲਤਾ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਹੈ।

ਇਸ ਲਈ ਅੱਜ ਹੀ ਵਤਨ ਦੇ ਆਪ ਪਾਠਕ ਬਣੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਸਦੇ ਪਾਠਕ ਬਣਾਉ। ਅੱਜ ਹੀ ਆਪਣਾ ਚੰਦਾ ਭੇਜੋ।

ਚੰਦਿਆਂ ਦਾ ਵੇਰਵਾ:

ਇਕ ਸਾਲ:12 ਡਾਲਰ[ ] ਦੋ ਸਾਲ: 22 ਡਾਲਰ[ ] ਤਿੰਨ ਸਾਲ: 33 ਡਾਲਰ[ ] ਪੰਜ ਸਾਲ: 50 ਡਾਲਰ[ ]
ਜੀਵਨ ਭਰ: 100 ਡਾਲਰ
ਨਾਂ.............................................
ਪਤਾ...........................................................................................
ਪੋਸਟਲ ਕੋਡ...............ਫੋਨ ਨੰਬਰ...............


# FRONTIER CLOTH HOUSE

6695 MAIN ST.VANCOUVER,B.C.V5X 3H3

## ਵੈਨਕੂਵਰ ਦੀ ਮੇਨ ਸਟਰੀਟ ਉਤੇ ਸੂਟਾਂ ਸਾੜ੍ਹੀਆਂ ਦਾ ਸੱਭ ਤੋਂ ਵੱਡਾ ਸਟੋਰ

ਦਾਜ ਅਤੇ ਵਰੀ ਵਾਸਤੇ ਵੰਨ ਸੁਵੰਨੇ ਸੂਟ ਤੇ ਸਾੜ੍ਹੀਆਂ ਲੈਣ ਲਈ ਅੱਜ ਹੀ ਮੇਨ ਸਟਰੀਟ ਤੇ ਫਰੰਟੀਅਰ ਕਲਾਥ ਹਾਊਸ ਤੇ ਦਰਸ਼ਨ ਦਿਓ।
ਆਪਣੇ ਘਰ ਨੂੰ ਵਧੀਆ ਤੋਂ ਵਧੀਆ ਪਰਦਿਆਂ ਨਾਲ ਸਜਾਉਣ ਲਈ ਫਰੀ ਐਸਟੀਮੇਟ ਲੈਣ ਲਈ ਫਨ ਕਰੋ

ਕੀ ਤੁਸੀਂ ਅਮਰੀਕਾ ਵਿਚ ਕਪੜੇ ਦਾ ਸਟੋਰ ਖੋਲ੍ਹਣ ਦੀ ਵਿਚਾਰ ਕਰਦੇ ਹੋ ਤਾਂ ਸਾਨੂੰ ਵੈਨਕੂਵਰ 'ਵਿਚ ਫੂਨ ਕਰੋ ਜਾਂ ਮਿਲੋ ਕਿਓਂ ਕਿ ਸਾਡਾ ਵੇਅਰ ਹਾਊਸ ਅਮਰੀਕਾ ਵਿਚ ਵੀ ਹੈ।

:SUSHIL BATRA (604)325-4425 or 325-3515

## ਫਰੰਟੀਅਰ ਕਲਾਥ ਹਾਊਸ ਲਿਮ:

ਫਰੰਟੀਅਰ ਕਲਾਥ ਹਾਊਸ ਜੋ ਕਿ ਲੇਟੈਸਟ ਡਿਜ਼ਾਇਨ ਦੇ ਕੱਪੜੇ ਲਿਆਉਣ ਵਿੱਚ ਫਰੰਟ ਤੇ ਹੈ।

ਸ਼ੋਕ ਸਮਾਚਾਰ



ਪੰਜਾਬੀ ਦੇ ਮਸ਼ਹੂਰ ਕਹਾਣੀਕਾਰ ਰਘਬੀਰ ਢੰਡ

ਪੰਜਾਬੀ ਦੇ ਸਿਰਕੱਢ ਕਹਾਣੀਕਾਰ ਡਾਕਟਰ ਰਘਬੀਰ ਢੰਡ ਦੀ 27 ਦਸੰਬਰ 1990 ਨੂੰ ਹੋਈ ਅਚਾਨਕ ਮੌਤ ਦੀ ਖ਼ਬਰ ਸਾਹਿਤਕ ਹਲਕਿਆਂ ਵਿਚ ਬੜੇ ਦੁੱਖ ਨਾਲ ਸੁਣੀ ਗਈ। ਰਘਬੀਰ ਢੰਡ ਹੋਰੀਂ ਆਪਣੇ ਪਰਵਾਰ ਨਾਲ ਇੰਗਲੈਂਡ ਵਿਚ ਲੀਡਜ਼ ਵਿਖੇ ਰਹਿ ਰਹੇ ਸਨ।

ਪਿਛਲੇ ਕਾਫੀ ਸਾਲਾਂ ਤੋਂ ਬੀਮਾਰ ਰਹਿਣ ਦੇ ਬਾਵਜੂਦ ਵੀ ਉਹ ਨਿਰੰਤਰ ਲਿਖਦੇ ਰਹੇ। ਉਹਨਾਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਅਤੇ ਇਸਦੇ ਇੰਗਲੈਂਡ ਵਿਚ ਵਸ ਰਹੇ ਪੰਜਾਬੀਆਂ ਉਪਰ ਪੈਂਦੇ ਅਸਰਾਂ ਬਾਰੇ ਦਰਜਣਾਂ ਉੱਚ ਪਾਏ ਦੀਆਂ ਕਹਾਣੀਆਂ ਦੀ ਰਚਨਾ ਕੀਤੀ। ਉਹ ਇੰਗਲੈਂਡ ਵਿਚ ਹੀ ਨਹੀਂ ਸਮੁੱਚੇ ਪੰਜਾਬੀ ਸਾਹਿਤਕ ਜਗਤ ਵਿਚ ਇਕ ਵਧੀਆ ਕਹਾਣੀਕਾਰ ਹੋਣ ਦਾ ਮਾਣ ਰੱਖਦੇ ਸਨ। ਉਹਨਾਂ ਨੇ ਹੁਣ ਤੱਕ ਪੰਜਾਬੀ ਨੂੰ ਪੰਜ ਕਹਾਣੀ ਸੰਗ੍ਰਿਹ: <u>ਬੋਲੀ ਧਰਤੀ</u>, <u>ਉਸ ਪਾਰ</u>, <u>ਕਾਇਆ ਕਲਪ</u>, <u>ਸ਼ਾਨੇ ਪੰਜਾਬ</u> ਅਤੇ <u>ਕੁਰਸੀ</u> ਦਿੱਤੇ ਹਨ। ਹੁਣ ਉਹ ਕਹਾਣੀ ਦੇ ਨਾਲ ਨਾਲ ਨਾਵਲ ਲਿਖਣ ਵੱਲ ਵੀ ਰੁਚਿਤ ਹੋਏ ਸਨ ਅਤੇ ਉਹਨਾਂ ਦਾ ਨਾਵਲ <u>ਰਿਸ਼ਤਿਆਂ ਦੀ ਯਾਤਰਾ</u> ਇਹਨਾਂ ਹੀ ਦਿਨਾਂ ਵਿਚ ਛਪਿਆ ਹੈ।

ਇਕ ਮੌਲਿਕ ਰਚਨਾਤਮਕ ਲੇਖਕ ਹੋਣ ਦੇ ਨਾਲ ਹੀ ਉਹ ਇਕ ਬਹੁਤ ਗੰਭੀਰ ਪਾਠਕ ਅਤੇ ਚਿੰਤਕ ਵੀ ਸਨ। ਉਹਨਾਂ ਨੇ ਪੁਰਾਤਨ ਭਾਰਤੀ ਸਾਹਿਤ, ਮਾਰਕਸਵਾਦ, ਮਾਡਰਨ ਪੂਰਬੀ ਤੇ ਪੱਛਮੀ ਸਾਹਿਤ ਦਾ ਡੂੰਘਾ ਅਧਿਅਨ ਕੀਤਾ। ਉਤਰੀ ਕੋਰੀਆ ਦੀ ਜੂਚੇ ਫਿਲਾਸਫੀ ਤੇ ਕੀਤੀ ਖੋਜ ਬਦਲੇ ਉਹਨਾਂ ਨੂੰ ਪੀ. ਐਚ. ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਆਪਣੀ ਇਸ ਇਕੱਤਰ ਕੀਤੀ ਵਿਦਿਆ ਦੀ ਉਹਨਾਂ ਨੇ ਸਾਹਿਤ ਨੂੰ ਠੀਕ ਸੰਦਰਭ ਵਿਚ ਸਮਝਣ ਲਈ ਯੋਗ ਵਰਤੋਂ ਕੀਤੀ। ਉਹਨਾਂ ਵਲੋਂ ਲਿਖੇ ਗਏ ਅਲੋਚਨਾਤਮਕ ਲੇਖਾਂ ਵਿਚੋਂ 'ਹੈਮਿੰਗਵੇ ਦਾ ਸ਼ਾਹਕਾਰ - ਬੁੱਢਾ ਤੇ ਸਮੁੰਦਰ', ਇਕ ਵਧੀਆ ਉਦਾਹਰਣ ਹੈ।

ਉਹਨਾਂ ਦੀ ਬੇਵਕਤ ਮੌਤ ਨਾਲ ਜਿਥੇ ਉਹਨਾਂ ਦੇ ਪਰਵਾਰ ਨੂੰ ਇਕ ਅਸਿਹ ਸੱਟ ਵੱਜੀ ਹੈ ਉਥੇ ਪੰਜਾਬੀ ਸਾਹਿਤਕ ਜਗਤ ਨੂੰ ਵੀ ਇਕ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਸੀਂ ਅਦਾਰਾ 'ਵਤਨ' ਵਲੋਂ ਉਹਨਾਂ ਦੀ ਮੌਤ 'ਤੇ ਉਹਨਾਂ ਦੀ ਜੀਵਨ ਸਾਥਣ ਸ੍ਰੀ ਮਤੀ ਪ੍ਰਕਾਸ਼ ਕੌਰ ਅਤੇ ਉਹਨਾਂ ਦੇ ਬਾਕੀ ਪ੍ਰਵਾਰ ਨਾਲ ਇਸ ਦੁੱਖ ਦੀ ਘੜੀ ਸ਼ਾਮਲ ਹੁੰਦੇ ਹਾਂ ਅਤੇ ਪੰਜਾਬੀ ਬੋਲੀ ਤੇ ਸਾਹਿਤ ਦੇ ਹੀਰੇ ਡਾਕਟਰ ਰਘਬੀਰ ਢੰਡ ਨੂੰ ਸੱਚੇ ਦਿਲ ਨਾਲ ਸ਼ਰਧਾਂਜਲੀ ਅਰਪਣ ਕਰਦੇ ਹਾਂ।

Watan
P.O. Box 67681, Stn. 'O'
Vancouver, B.C., V5W 3V2

Vol. 2, No. 3
Winter 1991
Jan./Feb./Mar

2nd class
Mail Regd. No.
8753

TO:

# ਜੰਗ ਅਤੇ ਮੀਡੀਆ

ਵਤਨ ਦੇ ਪ੍ਰੈਸ ਵਿਚ ਛਪਣ ਜਾਣ ਸਮੇਂ ਅਮਰੀਕਾ ਅਤੇ ਇਰਾਕ ਵਿਚ ਜੰਗ ਸ਼ੁਰੂ ਹੋਈ ਨੂੰ ਕੁੱਝ ਦਿਨ ਹੋ ਚੁੱਕੇ ਹਨ। ਅਸੀਂ ਇਸ ਜੰਗ ਵਿਚ ਸ਼ਰੀਰਕ ਤੌਰ ਤੇ ਸ਼ਰੀਕ ਨਹੀਂ ਹਾਂ। ਪਰ ਜਿਸ ਤਰ੍ਹਾਂ ਨਾਰਥ ਅਮਰੀਕਨ ਮੀਡੀਆ ਆਪਣੇ 'ਰੈਗੂਲਰ'(ਰੋਜਾਨਾ ਨਿਯਮਤ) ਪ੍ਰੋਗਰਾਮ ਮੁਲਤਵੀ ਕਰਕੇ ਜੰਗ ਦੀਆਂ ਖਬਰਾਂ ਸਾਡੇ ਅੱਗੇ ਪੇਸ਼ ਕਰ ਰਿਹਾ ਹੈ ਉਸ ਤੋਂ ਇਹ ਗੱਲ ਸਾਫ ਜਾਹਿਰ ਹੈ ਕਿ ਅਸੀਂ ਜਿਹਨੀ ਤੌਰ ਤੇ ਜੰਗ ਵਿਚ ਸ਼ਾਮਲ ਹਾਂ ਜਾਂ ਦੂਜੇ ਸ਼ਬਦਾਂ ਵਿਚ ਜੰਗ ਸਾਡੇ ਦਿਮਾਗਾਂ ਵਿਚ ਲੜੀ ਜਾ ਰਹੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਦੁਨੀਆਂ ਵਿਚ ਹੋ ਚੁੱਕੀਆਂ ਪਹਿਲੀਆਂ ਜੰਗਾਂ ਵਿਚ ਮੀਡੀਏ ਦੇ ਰੋਲ ਬਾਰੇ, ਮਾਹਰਾਂ ਵਲੋਂ ਕਹੇ ਕੁੱਝ ਕਥਨ ਪੇਸ਼ ਕਰਦੇ ਹਾਂ। ਸਾਨੂੰ ਆਸ ਹੈ ਕਿ ਇਹ ਕਥਨ ਅੱਜ ਸਾਨੂੰ ਸਾਡੇ ਤੱਕ ਆ ਰਹੀਆਂ ਖਬਰਾਂ ਨੂੰ ਸਹੀ ਪ੍ਰਸੰਗ ਵਿਚ ਦੇਖਣ ਵਿਚ ਮੱਦਦ ਕਰਨਗੇ।

* ਜਦੋਂ ਜੰਗ ਲੱਗਦੀ ਹੈ ਤਾਂ ਸੱਭ ਤੋਂ ਪਹਿਲੀ ਮੌਤ ਸੱਚ ਦੀ ਹੁੰਦੀ ਹੈ। (ਸੈਨੇਟਰ ਹੀਰੇਮ ਜਾਹਨਸਨ, 1917)

* ਜ਼ਿੰਦਗੀ ਦੇ ਪਹਿਲੇ ਵਰ੍ਹਿਆਂ ਵਿਚ ਹੀ ਮੈਂ ਮਹਿਸੂਸ ਕਰ ਲਿਆ ਸੀ ਕਿ ਅਖਬਾਰਾਂ ਵਿਚ ਕਦੇ ਵੀ ਕਿਸੇ ਘਟਨਾ ਬਾਰੇ ਸਹੀ ਖਬਰ ਨਹੀਂ ਛਪਦੀ। ਪਰ ਸਪੇਨ ਵਿਚ ਮੈਂ ਪਹਿਲੀ ਵਾਰ ਇਹ ਦੇਖਿਆ ਕਿ ਅਖਬਾਰਾਂ ਵਿਚ ਛਪਦੀਆਂ ਰੀਪੋਰਟਾਂ ਦਾ ਸਚਾਈ ਨਾਲ ਕੋਈ ਵਾਸਤਾ ਨਹੀਂ। ਏਨਾ ਵਾਸਤਾ ਵੀ ਨਹੀਂ ਜਿੰਨਾ ਕਿ ਇਕ ਆਮ ਬੋਲੇ ਝੂਠ ਦਾ ਸਚਾਈ ਨਾਲ ਹੁੰਦਾ ਹੈ। [ਪ੍ਰਸਿੱਧ ਲੇਖਕ ਜਾਰਜ ਆਰਵੈਲ: 1936-39 ਦੌਰਾਨ ਸਪੇਨ ਵਿਚ ਵਾਪਰੀ ਜੰਗ (ਸਿਵਲ ਵਾਰ) ਬਾਰੇ ਲਿਖਦਿਆਂ]

* ਜਿੰਨਾ ਚਿਰ ਜੰਗ ਜਾਰੀ ਹੈ ਉਤਨੀ ਦੇਰ ਮੈਂ ਲੋਕਾਂ ਨੂੰ ਕੁੱਝ ਨਹੀਂ ਦੱਸਾਂਗਾ। ਅਤੇ ਜਦੋਂ ਜੰਗ ਖਤਮ ਹੋ ਗਈ ਉਦੋਂ ਮੈਂ ਲੋਕਾਂ ਨੂੰ ਸਿਰਫ ਇਹ ਦੱਸਾਂਗਾ ਕਿ ਕੋਣ ਜਿੱਤਿਆ ਹੈ। [1937-45 ਦੌਰਾਨ ਦੂਜੀ ਸੰਸਾਰ ਜੰਗ ਸਮੇਂ ਅਮਰੀਕਨ ਸੈਂਸਰ ਦੀ ਵਸ਼ਿੰਗਟਨ ਵਿਚ ਹੋਈ ਇਕ ਮੀਟਿੰਗ ਵਿਚ ਸੈਂਸਰ ਦੇ ਇਕ ਮੈਂਬਰ ਦਾ ਕਥਨ]

* ਹਰ ਸਰਕਾਰ ਝੂਠਿਆਂ ਵਲੋਂ ਚਲਾਈ ਜਾਂਦੀ ਹੈ ਅਤੇ ਜੋ ਕੁੱਝ ਉਹ ਕਹਿੰਦੇ ਹਨ ਉਸ ਤੇ ਕਦੇ ਵੀ ਯਕੀਨ ਨਹੀਂ ਕਰਨਾ ਚਾਹੀਦਾ। (ਵੀਤਨਾਮ ਦੀ ਜੰਗ ਬਾਰੇ ਅਮਰੀਕਨ ਪਤਰਕਾਰ ਆਈ. ਐਫ. ਸਟੋਨ ਦਾ ਕਥਨ)

* ਜਦੋਂ ਕੈਮਰਾ ਮੈਨ ਵਲੋਂ ਖਿੱਚੀ ਅੱਧੇ ਘੰਟੇ ਦੀ ਫੁਟੇਜ਼ (ਫਿਲਮ ਜਾਂ ਵੀਡੀਉ) ਨੂੰ ਐਡਿਟ (ਸੰਪਾਦਨ-ਕੱਟ) ਕਰਕੇ ਤਿੰਨ ਮਿੰਟ ਦਾ ਹਿੱਸਾ ਦਿਖਾਇਆ ਜਾਂਦਾ ਹੈ- ਜਿਹੜੀ ਕਿ ਆਮ ਗੱਲ ਹੈ- ਤਾਂ ਉਸ ਹਿੱਸੇ ਵਿਚ ਉਤਨੀ ਸਚਾਈ ਹੁੰਦੀ ਹੈ ਜਿੰਨੀ ਹਾਲੀਵੁੱਡ ਵਿਚ ਜੰਗ ਬਾਰੇ ਬਣਾਈ ਫਿਲਮ ਵਿਚ । ਅਸਲ ਵਿਚ ਹਾਲੀਵੁੱਡ ਵਿਚ ਬਣਾਈ ਫਿਲਮ ਵਿਚ ਸ਼ਾਇਦ ਜਿਆਦਾ ਸਚਾਈ ਹੋਵੇ। [ਫਿਲਪ ਨਾਈਟਲੀ: ਆਪਣੀ ਕਿਤਾਬ ਫਸਟ ਕੈਜ਼ੁਐਲਟੀ ਵਿਚ ਵੀਤਨਾਮ ਦੀ ਜੰਗ ਬਾਰੇ ਲਿਖਦਿਆਂ]

ਵਤਨ

Watan (The Country) is a literary and cultural quarterly of Panjabi - the mother tongue of East Panjab (India) and West Panjab (Pakistan)- published by Watan Publication. The contributors include well-known Panjabi writers through out the world.

ਤਿੰਨ ਡਾਲਰ